PUNJAB VIDHAN SABHA

DEBATES

Thursday, the 22nd June, 2017

Vol. II-No. 7

OFFICIAL REPORT

CONTENTS

Punjab Vidhan Sabha Secretariat, Chandigarh.

Price : Rs. ....

ਪੰਜਾਬ ਮੰਤਰੀ ਮੰਡਲ ਦੀ ਸੂਚੀ

ਲੜੀ ਨੰ:	ਨਾਂ		ਵਿਭਾਗ	
1.	Captain Amarinder Singh Chief Minister	ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ	General Administration, Personnel, Home Affairs and Justice, Vigilance and all other departments not assinged to any other Minister	ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ
2.	Shri Brahm Mohindra	ਸ਼੍ਰੀ ਬ੍ਰਹਮ ਮਹਿੰਦਰਾ	Health & Family Welfare and Research & Medical Education and Parliamentary Affairs	ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ
3.	Sardar Navjot Singh Sidhu	ਸਰਦਾਰ ਨਵਜੋਤ ਸਿੰਘ ਸਿੱਧੂ	Local Government and Tourism and Cultural Affairs, Archives and Museums	ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
4.	Sardar Manpreet Singh Badal	ਸਰਦਾਰ ਮਨਪ੍ਰੀਤ ਸਿੰਘ ਬਾਦਲ	Finance, Planning and Employment Generation	ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ
5.	Sardar Sadhu Singh	ਸਰਦਾਰ ਸਾਧੂ ਸਿੰਘ	Forests, Printing and Stationary and Welfare of SCs and BCs	ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ
6.	SardarTript Rajinder Singh Bajwa	ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ	Rural Development & Panchayats, Water Supply and Sanitation	ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ
7.	Rana Gurjit Singh	ਰਾਣਾ ਗੁਰਜੀਤ ਸਿੰਘ	Irrigation and Power	ਸਿੰਜਾਈ ਅਤੇ ਬਿਜਲੀ
8.	Sardar Charanjit Singh Channi	ਸਰਦਾਰ ਚਰਨਜੀਤ ਸਿੰਘ ਚੰਨੀ	Technical Education and Industrial Training	ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ
9.	Smt. Aruna Chaudhary, State Minister	ਸ਼੍ਰੀਮਤੀ ਅਰੁਨਾ ਚੌਧਰੀ, ਰਾਜ ਮੰਤਰੀ	Higher Education and School Education	ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ
10.	Smt. Razia Sultana State Minister	ਸ਼੍ਰੀਮਤੀ ਰਜ਼ੀਆ ਸੁਲਤਾਨਾ, ਰਾਜ ਮੰਤਰੀ	PWD (B & R), Social Security & Development of Women and Children	ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ

PUNJAB VIDHAN SABHA

Thursday, the 22nd June, 2017

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Rana Kanwar Pal Singh) in the Chair.

STARRED QUESTIONS AND ANSWERS

ਘਨੌਰ ਹਲਕੇ ਵਿੱਚ ਪੈਂਦੇ ਸੂਏ ਸਾਫ ਕਰਨਾ

***106. ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਘਨੌਰ ਹਲਕੇ ਵਿੱਚ ਪੈਂਦੇ ਸੂਏ ਅਤੇ ਖਾਲੇ ਪਿਛਲੀ ਵਾਰ ਕਦੋਂ ਸਾਫ ਕਰਵਾਏ ਗਏ ਅਤੇ ਇਨ੍ਹਾਂ ਤੇ ਕਿੰਨਾ ਖਰਚਾ ਆਇਆ ਅਤੇ ਕੀ ਚਾਲੂ ਵਿੱਤੀ ਸਾਲ ਦੌਰਾਨ ਇਨ੍ਹਾਂ ਦੀ ਮੁੜ ਸਫਾਈ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਰਾਣਾ ਗੁਰਜੀਤ ਸਿੰਘ : ਹਾਂ ਜੀ, ਘਨੌਰ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਸੂਏ ਪਿਛਲੇ ਸਾਲ ਖਰੀਫ ਸੀਜ਼ਨ 2016 ਤੋਂ ਪਹਿਲਾਂ ਸਾਫ ਕਰਵਾਏ ਗਏ ਸੀ ਅਤੇ ਇਨ੍ਹਾਂ ਤੇ 8.50 ਲੱਖ ਰੁਪਏ ਦਾ ਖਰਚਾ ਆਇਆ ਸੀ । ਇਨ੍ਹਾਂ ਸੂਇਆਂ ਦੀ ਸਫਾਈ ਦਾ ਕੰਮ ਰਬੀ ਦੀ ਫਸਲ ਤੋਂ ਪਹਿਲਾਂ ਪਿਛਲੇ ਸਾਲ ਫੰਡਾਂ ਦੀ ਘਾਟ ਕਾਰਨ ਨਹੀਂ ਕਰਵਾਇਆ ਜਾ ਸਕਿਆ ਸੀ । ਹੁਣ ਖਰੀਫ ਸੀਜ਼ਨ 2017 ਤੋਂ ਪਹਿਲਾਂ ਮਨਰੇਗਾ ਅਧੀਨ ਜ਼ਰੂਰਤ ਅਨੁਸਾਰ ਅਤੇ ਲੇਬਰ ਦੀ ਉਪਲਬਧਤਾ ਨੂੰ ਮੁੱਖ ਰੱਖਦੇ ਹੋਏ ਕਰਵਾਇਆ ਗਿਆ ਹੈ/ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਇਸ ਸਾਲ ਖਰੀਫ ਦੀ ਫਸਲ ਦੌਰਾਨ ਟੇਲਾਂ ਤੇ ਪੂਰਾ ਪਾਣੀ ਪਹੁੰਚਾਇਆ ਜਾ ਸਕੇ । ਇਸ ਤੋਂ ਇਲਾਵਾ ਖਾਲਿਆਂ ਦੀ ਸਫਾਈ/ਦੇਖਭਾਲ ਦਾ ਕੰਮ ਸੰਬੰਧਿਤ ਕਿਸਾਨਾਂ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਂਦਾ ਹੈ ।

ਠੇਕੇਦਾਰ ਮਦਨ ਲਾਲ ਜਲਾਲਪੁਰ : ਸਪੀਕਰ ਸਾਹਿਬ, ਇਹ ਬਹੁਤ ਮਹੱਤਵਪੂਰਨ ਪ੍ਰਸ਼ਨ ਹੈ। ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਪਿਛਲੇ ਸਾਲ ਘਨੌਰ ਹਲਕੇ ਵਿੱਚ ਪੈਂਦੇ ਸੂਇਆਂ ਦੀ ਸਫਾਈ ਕੀਤੀ ਗਈ ਸੀ। ਸਪੀਕਰ ਸਾਹਿਬ, ਮੈਂ ਇਸ ਹਾਊਸ ਵਿੱਚ ਪੂਰੀ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਸੂਇਆਂ ਵਿੱਚ ਪਿਛਲੇ 10 ਸਾਲਾਂ ਵਿੱਚ ਕਦੇ ਵੀ ਮੁਕੰਮਲ ਸਫਾਈ ਨਹੀਂ ਹੋਈ। ਪੈਸੇ ਬਹੁਤ ਘੱਟ ਦਿੱਤੇ ਗਏ। ਜਿਨ੍ਹਾਂ ਅਧਿਕਾਰੀਆਂ ਨੇ ਮੰਤਰੀ ਜੀ ਨੂੰ ਗਲਤ ਜਵਾਬ ਦਿੱਤਾ ਹੈ, ਕੀ ਉਨ੍ਹਾਂ ਖਿਲਾਫ ਕੋਈ ਐਕਸ਼ਨ ਲਿਆ ਜਾਵੇਗਾ ? ਮੈਂ ਆਪ ਜੀ ਤੋਂ ਮੰਗ ਕਰਦਾ ਹਾਂ....

ਮਾਨਯੋਗ ਸਪੀਕਰ : ਸਵਾਲ ਪੁੱਛੋ ਜੀ, ਮੰਗ ਨਾ ਕਰੋ।

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਪਟਿਆਲਾ ਵਿਖੇ ਟਾਈਪ ਸੈਟ ਕਰਵਾਕੇ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ ਛਾਪੀ ਗਈ ।

ਠੇਕੇਦਾਰ ਮਦਨ ਲਾਲ ਜਲਾਲਪੁਰ : ਸਪੀਕਰ ਸਾਹਿਬ, ਜਿਹੜੇ ਇਹ ਸੂਏ ਹਨ, ਇਨ੍ਹਾਂ ਦੀ ਹਾਲਤ ਬਹੁਤ ਤਰਸਯੋਗ ਹੈ। ਕੀ ਮੰਤਰੀ ਜੀ ਉਨ੍ਹਾਂ ਅਧਿਕਾਰੀਆਂ ਦੇ ਖਿਲਾਫ ਕੋਈ ਕਾਰਵਾਈ ਕਰਨਗੇ, ਜਿਨ੍ਹਾਂ ਨੇ ਗਲਤ ਜਵਾਬ ਦਿੱਤਾ ਹੈ? ਦੂਸਰਾ, ਇਨ੍ਹਾਂ ਸੂਇਆਂ ਲਈ ਸਦਨ ਦੀ ਇੱਕ ਕਮੇਟੀ ਬਣਾਈ ਜਾਵੇ ਤਾਂ ਜੋ ਮੈਂ ਆਪ ਨਾਲ ਜਾ ਕੇ ਇਹ ਸੂਏ ਚੈੱਕ ਕਰਵਾ ਸਕਾਂ ਅਤੇ ਠੀਕ ਕਰਵਾ ਸਕਾਂ। ਕੋਈ ਹਾਊਸ ਕਮੇਟੀ ਬਣਾਈ ਜਾਵੇ। ਮੈਂ ਤੁਹਾਨੂੰ ਸੂਏ ਦਿਖਾ ਸਕਦਾ ਹਾਂ ਕਿ ਪਿਛਲੇ 10 ਸਾਲਾਂ ਵਿੱਚ ਉਥੇ ਕੀ ਹੋਇਆ ਹੈ।

ਮੰਤਰੀ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 2016 ਵਿੱਚ ਅਗਰ ਸਫਾਈ ਨਹੀਂ ਹੋਈ ਤਾਂ ਇਹ ਮੇਰੇ ਤੋਂ ਬਿਹਤਰ ਜਾਣਦੇ ਹਨ। ਮੈਂ ਤਾਂ ਜਦੋਂ ਦੀ ਇਹ ਸਰਕਾਰ ਬਣੀ ਹੈ, ਉਦੋਂ ਹੀ ਵਜ਼ੀਰ ਬਣਿਆ ਹਾਂ। ਲੇਕਿਨ ਇੰਨਾ ਜ਼ਰੂਰ ਕਹਾਂਗਾ ਕਿ ਸਫਾਈ 2017 ਦੇ ਖਰੀਫ ਦੇ ਸੀਜ਼ਨ ਵਿੱਚ ਕਰਵਾਈ ਜਾਵੇਗੀ। ਜਿੱਥੇ ਤੱਕ ਹਾਊਸ ਕਮੇਟੀ ਦੀ ਗੱਲ ਹੈ, ਜੇਕਰ ਇੱਕ-ਇੱਕ ਖਾਲੇ ਤੇ ਹਾਊਸ ਕਮੇਟੀਆਂ ਬਣਾਈਆਂ ਜਾਣ ਤਾਂ ਇਹ ਕਮੇਟੀਆਂ ਬਹੁਤ ਜ਼ਿਆਦਾ ਹੋ ਜਾਣਗੀਆਂ। ਸੋ, ਮੈਂ ਬੇਨਤੀ ਕਰਦਾ ਹਾਂ ਜਲਾਲਪੁਰ ਸਾਹਿਬ ਕਿ ਤੁਹਾਡੀ ਤਸੱਲੀ ਕਰਵਾਵਾਂਗੇ। ਇਨ੍ਹਾਂ ਖਾਲਿਆਂ ਦੀ ਸਫਾਈ ਹੋਵੇਗੀ। ਜਦੋਂ ਫਾਇਨਾਂਸ ਮਨਿਸਟਰ ਸਾਹਿਬ ਫੰਡਾਂ ਦੀ ਉਪਲਬਧਤਾ ਕਰਵਾਉਣਗੇ, ਇਸ ਤੇ ਕੰਮ ਚਾਲੂ ਕਰਵਾਵਾਂਗੇ।

ਸ਼੍ਰੀ ਅਰੁਣ ਨਾਰੰਗ : ਸਪੀਕਰ ਸਾਹਿਬ, ਸਪਲੀਮੈਂਟਰੀ....

ਠੇਕੇਦਾਰ ਮਦਨ ਲਾਲ ਜਲਾਲਪੁਰ : ਸਰ, ਕੁਐਸਚਨ ਤਾਂ ਮੇਰਾ ਹੈ।

ਮਾਨਯੋਗ ਸਪੀਕਰ : ਤੁਸੀਂ ਵੀ ਪੁੱਛ ਲੈਣਾ ।

ਸ਼੍ਰੀ ਅਰੁਣ ਨਾਰੰਗ : ਸਪੀਕਰ ਸਾਹਿਬ, ਅਬੋਹਰ ਵਿੱਚ ਵੀ ਟੇਲਾਂ ਤੇ ਮਾਈਨਰ ਹਨ-ਦੌਲਤਪੁਰਾ, ਫਾਜ਼ਿਲਕਾ ਤੇ ਮਲੂਕਪੁਰਾ। ਉਥੇ ਵੀ ਸਫਾਈ ਨਹੀਂ ਹੋਈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਟੇਲਾਂ ਤੇ ਮਾਈਨਰਾਂ ਦੀ ਸਫਾਈ ਨਹੀਂ ਹੋਈ, ਇਹ ਕਦੋਂ ਹੋਵੇਗੀ?

ਮਾਨਯੋਗ ਸਪੀਕਰ : ਇਹ ਸਵਾਲ ਤਾਂ ਹਲਕਾ ਘਨੌਰ ਦਾ ਹੈ। ਫਿਰ ਵੀ ਮੰਤਰੀ ਜੀ ਤੁਸੀਂ ਜਵਾਬ ਦੇ ਦਿਉ ਪਰ ਤੁਸੀਂ ਵੱਖਰਾ ਸਵਾਲ ਕਰ ਲੈਣਾ।

ਮੰਤਰੀ : ਸਪੀਕਰ ਸਾਹਿਬ, ਗੱਲ ਇਹ ਹੈ ਕਿ ਹਾਲ ਬਹੁਤ ਮਾੜਾ ਹੈ, ਇਸ ਵਿੱਚ ਕੋਈ ਦੋ ਰਾਇ ਨਹੀਂ ਹਨ । ਇਹ ਸਿਰਫ ਹਲਕਾ ਘਨੌਰ ਜਾਂ ਅਬੋਹਰ ਹਲਕੇ ਦੀ ਗੱਲ ਨਹੀਂ ਹੈ, ਸਾਰੇ ਬੰਨੇ ਬੜਾ ਮਾੜਾ ਹਾਲ ਹੈ। ਲੇਕਿਨ ਤੁਹਾਨੂੰ ਇੱਕ ਗੱਲ ਦੀ ਸ਼ਿਕਾਇਤ ਇਸ ਵਾਰ ਨਹੀਂ ਆਈ ਹੋਵੇਗੀ ਕਿ ਟੇਲਾਂ ਤੱਕ ਪਾਣੀ ਨਹੀਂ ਪਹੁੰਚਿਆ। ਪਾਣੀ ਪਹੁੰਚੇਗਾ । ਬੱਸ ਇਸ ਦਾ ਹਾਂ ਜਾਂ ਨਾਂਹ ਵਿੱਚ ਜਵਾਬ ਦੇ ਦੇਣਾ। ਬਾਕੀ ਤੁਸੀਂ ਮੇਰੇ ਦਫਤਰ ਵਿੱਚ ਆ ਜਾਣਾ । ਜੋ ਤੁਸੀਂ ਕਹੋਗੇ, ਉਹ ਹੀ ਕਰਾਂਗੇ।

ਠੇਕੇਦਾਰ ਮਦਨ ਲਾਲ ਜਲਾਲਪੁਰ : ਸਪੀਕਰ ਸਾਹਿਬ, ਮਾਮਲਾ ਬਹੁਤ ਗੰਭੀਰ ਹੈ। ਘਨੌਰ ਅਤੇ ਘੜਾਮ ਡਿਸਟਰੀਬਿਊਟਰੀ, ਆਰਨੋਲੀ, ਬਲਮਗੜ੍ਹ, ਉਦੈਪੁਰ ਮਾਈਨਰ ਦੀ ਸਰਕਾਰੀ ਕਾਗਜ਼ਾਂ ਵਿੱਚ ਭਾਵੇਂ ਸਫਾਈ ਹੋਈ ਹੋਵੇ ਪਰ ਹਕੀਕਤ ਵਿੱਚ ਉਥੇ ਕੋਈ ਸਫਾਈ ਨਹੀਂ ਹੋਈ। ਇਸ ਲਈ ਸਪੀਕਰ ਸਾਹਿਬ, ਮੈਂ ਤਾਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਕੁਤਾਹੀ ਵਰਤੀ ਗਈ ਹੈ, ਕੀ ਉਨ੍ਹਾਂ ਅਧਿਕਾਰੀਆਂ ਖਿਲਾਫ ਕੋਈ ਕਾਰਵਾਈ ਕੀਤੀ ਜਾਵੇਗੀ ? ਦੂਜੀ ਗੱਲ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੂਏ ਬਹੁਤ ਕੱਚੇ ਹਨ, ਕੀ ਆਉਣ ਵਾਲੇ ਸਮੇਂ ਵਿੱਚ ਇਹ ਸੂਏ ਪੱਕੇ ਕੀਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਗੱਲ ਇਹ ਹੈ ਕਿ.....

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਵੀ ਨਾਲ ਜੁੜਦਾ ਹੀ ਹੈ ਜੀ।

ਮਾਨਯੋਗ ਸਪੀਕਰ : ਅੱਛਾ, ਦੱਸੋ ਜੀ।

ਸਰਦਾਰ ਕੁਲਜੀਤ ਸਿੰਘ ਨਾਗਰਾ : ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਇਹ ਸਾਰੇ ਪੰਜਾਬ ਦਾ ਬੜਾ ਅਹਿਮ ਮਸਲਾ ਹੈ। ਇਸ ਦੇ ਨਾਲ-ਨਾਲ ਮੈਂ ਮੰਤਰੀ ਸਾਹਿਬ ਜੀ ਤੇ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਜੀ ਦੇ ਵੀ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਫਤਹਿਗੜ੍ਹ ਸਾਹਿਬ ਵਿਖੇ ਅਤੇ ਪੰਜਾਬ ਵਿੱਚ ਬਹੁਤ ਥਾਵਾਂ ਤੇ ਬਹੁਤ ਪੁਰਾਣੇ ਸੂਏ ਨਿਕਲੇ ਸਨ ਔਰ ਅਰਬਨਾਈਜ਼ੇਸ਼ਨ ਜ਼ਿਆਦਾ ਹੋਣ ਕਰਕੇ ਕਈ ਸੂਏ ਬੰਦ ਹੋ ਗਏ ਤੇ ਪਾਣੀ ਸਰਪਲਸ ਹੋ ਗਿਆ। ਜਿਵੇਂ ਫਤਹਿਗੜ੍ਹ ਸਾਹਿਬ ਵਿਖੇ ਸਰਪਲਸ ਪਾਣੀ ਹੋ ਗਿਆ ਹੈ ਪਰ ਕਈ ਪਿੰਡਾਂ ਨੂੰ ਪਾਣੀ ਨਹੀਂ ਮਿਲ ਰਿਹਾ। ਕੀ ਅੱਗੇ ਇਸ ਸਬੰਧੀ ਕੋਈ ਸਕੀਮ ਬਣਾਈ ਜਾਵੇਗੀ ਕਿ ਕਿਸਾਨਾਂ ਦਾ ਜਿਹੜਾ ਸਰਪਲਸ ਪਾਣੀ ਹੋਇਆ ਹੈ, ਉਹ ਪਾਣੀ ਵਰਤਿਆ ਨਹੀਂ ਜਾ ਰਿਹਾ, ਉਨ੍ਹਾਂ ਨੂੰ ਨਵੇਂ ਥਾਵਾਂ ਤੇ ਜਿੱਥੇ ਪਾਣੀ ਦੀ ਕਮੀ ਹੈ, ਜਿੱਥੇ ਪਾਣੀ ਬਹੁਤ ਡੂੰਘਾ ਚਲਾ ਗਿਆ ਹੈ ਤੇ ਬੋਰ ਆਮ ਨਾਲੋਂ 6-7 ਫੁੱਟ ਡੂੰਘੇ ਚਲੇ ਗਏ ਹਨ, ਕੀ ਸਰਪਲੱਸ ਪਾਣੀ ਉੱਥੇ ਦਿੱਤਾ ਜਾਵੇਗਾ ਤਾਂ ਕਿ ਸਰਪਲੱਸ ਪਾਣੀ ਯੂਟੇਲਾਈਜ਼ ਕੀਤਾ ਜਾ ਸਕੇ? ਕੀ ਇਸ ਸਬੰਧੀ ਕੋਈ ਸਕੀਮ ਸਰਕਾਰ ਬਣਾਏਗੀ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਇੱਕ ਬਹੁਤ ਮੰਦਭਾਗਾ ਇੰਸੀਡੈਂਟ ਬਾਹਰ ਹੋ ਰਿਹਾ ਹੈ। ਸਾਡੇ ਦੋ ਮੈਂਬਰਾਂ ਨੂੰ ਬਿਲਡਿੰਗ ਦੇ ਅੰਦਰ ਨਹੀਂ ਆਉਣ ਦਿੱਤਾ ਜਾ ਰਿਹਾ ਹੈ।

ਸਰਦਾਰ ਹਰਵਿੰਦਰ ਸਿੰਘ ਫੂਲਕਾ : ਬਾਹਰ ਮੇਨ ਗੇਟ ਤੇ ਹੀ ਰੋਕਿਆ ਹੋਇਆ ਹੈ।

ਮਾਨਯੋਗ ਸਪੀਕਰ : ਠੀਕ ਹੈ, ਬੈਠੋ, ਕੋਈ ਨਹੀਂ। ਪ੍ਰਸ਼ਨ ਕਾਲ ਤੋਂ ਬਾਅਦ ਗੱਲ ਕਰਨਾ। (ਵਿਘਨ) ਬੈਠੋ, ਬੈਠੋ, ਬੈਠੋ। ਬਾਅਦ ਵਿੱਚ ਗੱਲ ਕਰਨਾ। ਠੀਕ ਹੈ, ਠੀਕ ਹੈ। ਬਾਅਦ ਵਿੱਚ ਗੱਲ ਕਰਨਾ। ਰਾਣਾ ਜੀ।

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਦੋ ਮੈਂਬਰਾਂ ਨਾਲ ਬਾਹਰ ਪੁਲਿਸ ਹੱਥੋਪਾਈ ਕਰ ਰਹੀ ਹੈ। (ਵਿਘਨ, ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਦੋ ਮੈਂਬਰਾਂ ਨੂੰ ਵਿਧਾਨ ਭਵਨ ਦੀ ਬਿਲਡਿੰਗ ਵਿੱਚ ਆਉਣ ਤੋਂ ਰੋਕਣ ਦੇ ਰੋਸ ਵਜੋਂ ਸਰਕਾਰ ਅਤੇ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਨਾਅਰੇ ਰਿਕਾਰਡ ਨਾ ਕੀਤੇ ਜਾਣ । (ਵਿਘਨ) (ਸ਼ੋਰ)

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ ਪੰਜਾਬ ਵਿੱਚ ਸਾਡੇ ਕੋਲ ਫਾਲਤੂ ਪਾਣੀ ਨਹੀਂ ਹੈ। ਸਾਡੇ ਕੋਲ ਲੋੜ ਨਾਲੋਂ ਵੀ ਘੱਟ ਪਾਣੀ ਹੈ। ਜਿਹੜਾ ਨਾਗਰਾ ਸਾਹਿਬ ਨੇ ਸਵਾਲ ਕੀਤਾ ਹੈ, ਉਸ ਦੀ ਅਜੇ ਕੋਈ ਤਜਵੀਜ਼ ਨਹੀਂ ਹੈ। ਜਿੱਥੇ ਤੱਕ ਠੇਕੇਦਾਰ ਮਦਨ ਲਾਲ ਜੀ ਦੇ ਸਵਾਲ ਦੀ ਗੱਲ ਹੈ, ਮੈਂ ਉਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਉਨ੍ਹਾਂ ਨੂੰ ਬੁਲਾ ਕੇ ਅਤੇ ਸੰਬੰਧਿਤ ਚੀਫ ਇੰਜੀਨੀਅਰ, ਇਰੀਗੇਸ਼ਨ ਨੂੰ ਬੁਲਾ ਕੇ ਜੋ ਵੀ ਉਚਿਤ ਕਾਰਵਾਈ ਹੋਵੇਗੀ, ਜ਼ਰੂਰ ਕਰਾਂਗੇ। (ਵਿਘਨ, ਸ਼ੋਰ)

ਹਲਕਾ ਸ਼ਾਹਕੋਟ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ

*171. **ਸਰਦਾਰ ਅਜੀਤ ਸਿੰਘ ਕੋਹਾੜ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਜਲੰਧਰ ਵਿੱਚ ਪੈਂਦੇ ਹਲਕਾ ਸ਼ਾਹਕੋਟ ਵਿੱਚ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵੱਖ-ਵੱਖ ਸ਼੍ਰੇਣੀਆਂ ਦੇ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

** ** Not recorded as odered by the Chair.

ਸ਼੍ਰੀਮਤੀ ਅਰੁਨਾ ਚੌਧਰੀ : ਜ਼ਿਲ੍ਹਾ ਜਲੰਧਰ ਵਿੱਚ ਪੈਂਦੇ ਹਲਕਾ ਸ਼ਾਹਕੋਟ ਵਿੱਚ ਸੀਨੀਅਰ ਸੈਕੰਡਰੀ ਅਧਿਆਪਕਾਂ ਦੀਆਂ ਸਾਰੀਆਂ ਸ਼੍ਰੇਣੀਆਂ ਦੀਆਂ ਖਾਲੀ ਅਸਾਮੀਆਂ ਨੂੰ ਆਉਣ ਵਾਲੇ ਸਾਲਾਂ ਦੌਰਾਨ ਰੈਸ਼ਨੇਲਾਈਜ਼ੇਸ਼ਨ, ਤਰੱਕੀਆਂ ਅਤੇ ਆਮ ਬਦਲੀਆਂ ਰਾਹੀਂ ਭਰੇ ਜਾਣ ਦੇ ਉਪਰਾਲੇ ਕੀਤੇ ਜਾਣਗੇ । (ਵਿਘਨ) (ਸ਼ੋਰ)

ਸਰਦਾਰ ਅਜੀਤ ਸਿੰਘ ਕੋਹਾੜ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੇਰਾ ਬੇਟ ਦਾ ਹਲਕਾ ਹੈ ਤੇ ਇਸ ਨੂੰ 45 ਕਿਲੋਮੀਟਰ ਦਰਿਆ ਲੱਗਦਾ ਹੈ ਅਤੇ ਇਹ ਹਲਕਾ ਜਲੰਧਰ ਤੋਂ 7 ਕਿਲੋਮੀਟਰ ਪੈ ਜਾਂਦਾ ਹੈ। ਇੱਥੇ ਬਿਲਡਿੰਗਾਂ ਵੀ ਹਨ, ਆਵਾਜਾਈ ਦੇ ਸਾਧਨ ਵੀ ਹਨ ਪਰ ਟੀਚਰਾਂ ਦੀ ਘਾਟ ਹੈ। ਕਿਰਪਾ ਕਰਕੇ ਇਹ ਟੀਚਰਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇ। (ਵਿਘਨ, ਸ਼ੋਰ) ਉੱਥੇ ਰਾਇ ਸਿੱਖ ਬਰਾਦਰੀ, ਐਸ.ਸੀ. ਬਰਾਦਰੀ ਦੀ ਪਾਪੂਲੇਸ਼ਨ ਜ਼ਿਆਦਾ ਹੈ। ਮੇਰਾ ਖਿਆਲ ਹੈ ਕਿ ਤੁਸੀਂ ਗਰੀਬ ਲੋਕਾਂ ਦੀ ਪੜ੍ਹਾਈ ਵਾਸਤੇ ਜ਼ਰੂਰ ਕੁਝ ਕਰੋਗੇ।

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਜਿੱਥੇ ਟੀਚਰਾਂ ਦੀ ਘਾਟ ਹੈ, ਰੈਸ਼ਨੇਲਾਈਜ਼ੇਸ਼ਨ ਦੇ ਜ਼ਰੀਏ, ਉਸ ਨੂੰ ਪੂਰਾ ਕੀਤੇ ਜਾਣ ਲਈ ਉਪਰਾਲੇ ਕੀਤੇ ਜਾਣਗੇ।

ਮਾਨਯੋਗ ਸਪੀਕਰ : ਰੈਸ਼ਨੇਲਾਈਜ਼ੇਸ਼ਨ ਦੇ ਤਹਿਤ ਕੀਤਾ ਜਾਵੇਗਾ ਜੀ। (ਵਿਘਨ, ਸ਼ੋਰ)

ਮੁਹਾਲੀ ਤੋਂ ਲਾਂਡਰਾਂ/ਲਾਂਡਰਾਂ ਤੋਂ ਥੰਡਰ ਜ਼ੋਨ ਰੇਲਵੇ ਬ੍ਰਿਜ ਤੱਕ ਸੜਕ ਨੂੰ ਚੌੜਾ ਕਰਨਾ

*183. **ਸਰਦਰ ਬਲਬੀਰ ਸਿੰਘ ਸਿੱਧੂ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਟ੍ਰੈਫਿਕ ਦੀ ਸਮੱਸਿਆ ਨੂੰ ਦੇਖਦੇ ਹੋਏ ਮੁਹਾਲੀ ਤੋਂ ਲਾਂਡਰਾਂ, ਲਾਂਡਰਾਂ ਤੋਂ ਥੰਡਰਜ਼ੋਨ ਰੇਲਵੇ ਬ੍ਰਿਜ ਤੱਕ ਸੜਕ ਨੂੰ ਚੌੜਾ ਕਰਨ, ਬਾਈਪਾਸ ਜਾਂ ਫਲਾਈਓਵਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀਮਤੀ ਰਜ਼ੀਆ ਸੁਲਤਾਨਾ : ਸ਼੍ਰੀਮਾਨ ਜੀ, ਹਾਂ ਜੀ, ਲਾਂਡਰਾਂ ਵਿਖੇ ਸੜਕ ਨੂੰ ਚੌੜਾ ਕਰਨ ਅਤੇ ਬਾਈਪਾਸ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਲਾਂਡਰਾਂ ਚੌਂਕ ਦੇ ਦੋਵੇਂ ਪਾਸੇ ਪੈਂਦੀ ਜ਼ਮੀਨ ਸੰਬੰਧੀ ਜ਼ਮੀਨ ਮਾਲਕਾਂ ਵੱਲੋਂ ਸੜਕ ਦੇ ਇੱਕ ਹਿੱਸੇ ਦੀ ਮਲਕੀਅਤ ਨੂੰ ਲੈ ਕੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਮੁਹਾਲੀ ਦੀ ਕੋਰਟ ਵਿੱਚ ਕੇਸ ਕੀਤਾ ਗਿਆ ਹੈ । ਕੇਸ ਦੇ ਫੈਸਲੇ ਤੋਂ ਬਾਅਦ ਹੀ ਸੜਕ ਨੂੰ ਚੌੜਾ ਕੀਤਾ ਜਾ ਸਕੇਗਾ ।

ਲਾਂਡਰਾਂ ਵਿਖੇ ਬਾਈਪਾਸ ਬਣਾਉਣ ਦੀ ਤਜਵੀਜ਼ ਵੀ ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਜ਼ਮੀਨੀ ਮੰਤਰਾਲਾ, ਨਵੀਂ ਦਿੱਲੀ ਨੂੰ ਪ੍ਰਵਾਨਗੀ ਲਈ ਭੇਜੀ ਜਾ ਰਹੀ ਹੈ ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਇਹ ਤਕਰੀਬਨ ਦਸ ਸਾਲ ਪੁਰਾਣਾ ਮਸਲਾ ਹੈ ਔਰ ਬਹੁਤ ਸਮੇਂ ਤੋਂ ਲਟਕ ਰਿਹਾ ਹੈ । ਜਿਹੜੀ ਲਾਂਡਰਾ ਦੀ ਜ਼ਮੀਨ ਹੈ, ਉਸ ਦੀ ਮੁਰੱਬੇਬੰਦੀ ਨਹੀਂ ਹੋਈ । ਇਸ ਸੜਕ ਦੀ ਚੌੜਾਈ ਕੇਵਲ 18 ਫੁੱਟ ਹੈ । (ਵਿਘਨ) (ਸ਼ੋਰ) ਬਾਕੀ ਸਾਰੀ ਜ਼ਮੀਨ ਲੋਕਾਂ ਦੀ ਹੈ, ਕਿਸਾਨਾਂ ਦੀ ਜ਼ਮੀਨ ਹੈ ਪਰ ਪਿਛਲੀ ਸਰਕਾਰ ਨੇ ਲੋਕਾਂ ਦੇ ਦਰੱਖਤ...... । (ਵਿਘਨ) ਜੰਗਲਾਤ ਵਿਭਾਗ ਨੇ ਸਫੈਦੇ ਦੇ ਦਰੱਖਤ ਲਗਾਏ ਸਨ ਪਰ ਗਮਾਡਾ ਅਤੇ ਸਰਕਾਰ ਨੇ ਰਲ ਕੇ ਰਾਤੋ ਰਾਤ ਸਾਰੇ ਦਰੱਖਤਾਂ ਦੀ ਕਟਾਈ ਕਰ ਦਿੱਤੀ। ਕਿਸਾਨ ਹਾਈ ਕੋਰਟ ਚਲੇ ਗਏ ਤੇ ਕੋਰਟ ਨੇ ਸਟੇਅ ਦੇ ਦਿੱਤਾ । ਉਸ ਤੇ ਕੋਈ ਕਾਰਵਾਈ ਨਹੀਂ ਹੋਈ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਪੰਜਾਬ ਦੇ ਫਤਹਿਗੜ੍ਹ ਸਾਹਿਬ, ਬਠਿੰਡਾ, ਲੁਧਿਆਣਾ, ਪਟਿਆਲਾ ਜ਼ਿਲ੍ਹਿਆਂ ਤੋਂ ਜਿੰਨੀ ਵੀ ਟ੍ਰੈਫਿਕ ਚੰਡੀਗੜ੍ਹ, ਮੁਹਾਲੀ ਆਉਂਦੀ ਹੈ, ਉਹ ਸਾਰੀ ਟ੍ਰੈਫਿਕ ਪ੍ਰਭਾਵਿਤ ਹੋ ਰਹੀ ਹੈ । ਇਸ ਲਈ ਮੰਤਰੀ ਜੀ ਦੱਸਣ ਕਿ ਇਸ ਸੜਕ ਨੂੰ ਕਦੋਂ ਤੱਕ ਚੌੜਾ ਕਰਨ ਦੀ ਤਜਵੀਜ਼ ਹੈ ਤੇ ਕਦੋਂ ਤੱਕ ਚੌੜਾ ਕਰ ਦਿੱਤਾ ਜਾਵੇਗਾ? ਇਸ ਬਾਰੇ ਕੀ ਇਨ੍ਹਾਂ ਦੀ ਕੋਈ ਸੈਂਟਰ ਸਰਕਾਰ ਨਾਲ ਗੱਲਬਾਤ ਹੋਈ ਹੈ?

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ।)

ਮਾਨਯੋਗ ਸਪੀਕਰ : ਰਜ਼ੀਆ ਜੀ, ਕੀ ਕੋਈ ਟਾਈਮ ਲਿਮਟ ਦੱਸੋਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਸੜਕ ਨੂੰ ਚੌੜਾ ਕਰਨ ਦਾ ਮਸਲਾ ਹੈ, ਕੋਰਟ ਵਿੱਚ ਪੈਂਡਿੰਗ ਹੈ। ਜਦੋਂ ਵੀ ਕੋਰਟ ਦਾ ਫੈਸਲਾ ਹੋਵੇਗਾ, ਫਿਰ ਹੀ ਅਸੀਂ ਕੋਈ ਫੈਸਲਾ ਲੈ ਸਕਾਂਗੇ। ਬਾਕੀ ਜਿਹੜੀ ਤਜਵੀਜ਼ ਭਾਰਤ ਸਰਕਾਰ ਨੂੰ ਭੇਜਣੀ ਹੈ, ਉਹ ਅਸੀਂ ਅਗਲੇ ਹਫਤੇ ਭੇਜ ਦੇਵਾਂਗੇ ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਕੋਈ ਕੋਰਟ ਦਾ ਮਸਲਾ ਨਹੀਂ ਹੈ। ਸਪੀਕਰ ਸਾਹਿਬ, ਜੇ ਸਰਕਾਰ ਚਾਹੇ, ਗਮਾਡਾ ਚਾਹੇ ਤਾਂ ਸਾਰਾ ਕੁਝ ਹੋ ਸਕਦਾ ਹੈ । ਜਿਹੜਾ ਜੇ.ਐਲ.ਪੀ.ਐਲ. ਵਾਲਿਆਂ ਦਾ ਪ੍ਰਾਜੈਕਟ ਹੈ, ਉਨ੍ਹਾਂ ਨੇ ਰੋਡ ਦੱਬੀ ਹੋਈ ਹੈ । ਇਹ ਕਿਸਾਨਾਂ ਨਾਲ ਨੈਗੋਸੀਏਸ਼ਨ ਕਰਨ ਤਾਂ ਇਹ ਮਸਲਾ ਅੱਜ ਹੀ ਹੱਲ ਹੋ ਸਕਦਾ ਹੈ। ਇਹ ਇਕੱਲੇ ਮੁਹਾਲੀ ਜ਼ਿਲ੍ਹੇ ਦਾ ਮਸਲਾ ਨਹੀਂ, ਪੂਰੇ ਪੰਜਾਬ ਦਾ ਮਸਲਾ ਹੈ ।

ਮਾਨਯੋਗ ਸਪੀਕਰ : ਸਿੱਧੂ ਸਾਹਿਬ, ਤੁਸੀਂ ਸਵਾਲ ਪੁੱਛੋ ਜੀ ।

ਸਰਦਾਰ ਬਲਬੀਰ ਸਿੰਘ ਸਿੱਧੂ : ਕੀ ਸਰਕਾਰ ਜਾਂ ਗਮਾਡਾ ਕਿਸਾਨਾਂ ਨਾਲ ਕੋਈ ਨੈਗੋਸੀਏਸ਼ਨ ਕਰੇਗੀ ? ਜੇ ਗਮਾਡਾ ਦਖਲ ਦੇਣ ਨੂੰ ਤਿਆਰ ਹੈ ਤਾਂ ਕਿਸਾਨਾਂ ਨੂੰ ਮੈਂ ਮਨਾ ਲਵਾਂਗਾ । ਕੀ ਸਰਕਾਰ ਕੋਸ਼ਿਸ਼ ਕਰੇਗੀ ਕਿ ਕਿਸਾਨਾਂ ਨਾਲ ਗੱਲਬਾਤ ਕੀਤੀ ਜਾਵੇਗੀ ?

** ** Not recorded as ordered by the Chair.

ਮਾਨਯੋਗ ਸਪੀਕਰ : ਰਜ਼ੀਆ ਜੀ, ਕੀ ਸਰਕਾਰ ਗੱਲਬਾਤ ਕਰੇਗੀ ?

ਰਾਜ ਮੰਤਰੀ : ਮਸਲਾ ਕੋਰਟ ਵਿੱਚ ਹੋਣ ਕਾਰਨ ਲਟਕਿਆ ਹੋਇਆ ਹੈ।(ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਸਿੱਧੂ ਸਾਹਿਬ, ਮਸਲਾ ਕੋਰਟ ਵਿੱਚ ਹੈ ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮਹਿਕਮਾ ਸੀ.ਐਮ. ਸਾਹਿਬ ਕੋਲ ਹੈ । ਸੀ.ਐਮ. ਸਾਹਿਬ ਅਗਰ ਚਾਹੁਣ ਤੇ ਕਿਸਾਨਾਂ ਨੂੰ ਪਰਾਪਰ ਮੁਆਵਜ਼ਾ ਮਿਲ ਜਾਵੇ ਤਾਂ ਇਹ ਮਸਲਾ ਹੱਲ ਹੋ ਸਕਦਾ ਹੈ ਤੇ ਉਹ ਕੇਸ ਵਾਪਸ ਲੈ ਲੈਣਗੇ । (ਵਿਘਨ) (ਸ਼ੋਰ)

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

ਸਰਦਾਰ ਨਵਤੇਜ ਸਿੰਘ ਚੀਮਾ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੂੰ ਸਮਝਾਓ । ਇਹ ਕੁਐਸਚਨ ਆਵਰ ਹੈ। ਇਸ ਨੂੰ ਪੂਰਾ ਹੋ ਲੈਣ ਦੇਣ । ਕੁਐਸਚਨ ਆਵਰ ਦਾ ਕੋਈ ਮਜ਼ਾ ਨਹੀਂ ਆ ਰਿਹਾ । ਨਾ ਕੁਐਸਚਨ ਪੁੱਛਣ ਦਾ ਤੇ ਨਾ ਜਵਾਬ ਦੇਣ ਦਾ। ਜਾਂ ਤਾਂ ਇਨ੍ਹਾਂ ਨੂੰ ਬਾਹਰ ਕੱਢ ਦਿਓ ਜਾਂ ਇਨ੍ਹਾਂ ਨੂੰ ਸਮਝਾ ਲਓ । ਟਾਈਮ ਖਰਾਬ ਕੀਤਾ ਜਾ ਰਿਹਾ ਹੈ । (ਵਿਘਨ) (ਸ਼ੋਰ)

ਨਿਸ਼ਾਨ ਵਾਲਾ ਪ੍ਰਸ਼ਨ ਨੰ: 263 *

(ਸੰਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਇਸ ਸਮੇਂ ਪੇਸ਼ ਨਹੀਂ ਹੋ ਸਕਿਆ ਪਰੰਤੂ ਇਹ ਪ੍ਰਸ਼ਨ ਮਾਨਯੋਗ ਮੈਂਬਰ ਦੇ ਦੇਰ ਨਾਲ ਸਦਨ ਵਿੱਚ ਹਾਜ਼ਰ ਹੋਣ ਕਾਰਨ ਬਾਅਦ ਵਿੱਚ ਪੇਸ਼ ਕੀਤਾ ਗਿਆ ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 218

(ਸੰਬੰਧਿਤ ਮੈਂਬਰ ਦੇ ਵੈੱਲ ਆਫ ਦਿ ਹਾਊਸ ਵਿੱਚ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ।)

---

* For Starred Question No. 263 and reply thereto, please see Page No. (7) 31 to this Debates.

** Not recorded as ordered by the Chair.

ਨਕੋਦਰ ਸ਼ਹਿਰ ਵਿੱਚ ਸੀਵਰੇਜ ਦਾ ਕੰਮ ਪੂਰਾ ਕਰਨਾ

***246. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਕੋਦਰ ਸ਼ਹਿਰ ਦੇ ਸੀਵਰੇਜ ਪ੍ਰਾਜੈਕਟ ਦੇ ਬਾਕੀ ਰਹਿੰਦੇ ਕੰਮ ਲਈ ਫੰਡ ਕਦੋਂ ਤੱਕ ਰਿਲੀਜ਼ ਕਰ ਦਿੱਤੇ ਜਾਣਗੇ ਅਤੇ ਇਸ ਪ੍ਰਾਜੈਕਟ ਦਾ ਬਾਕੀ ਰਹਿੰਦਾ ਕੰਮ ਕਦੋਂ ਤੱਕ ਪੂਰਾ ਹੋ ਜਾਵੇਗਾ?

ਸਰਦਾਰ ਨਵਜੋਤ ਸਿੰਘ ਸਿੱਧੂ : ਅਰਬਨ ਮਿਸ਼ਨ ਸਕੀਮ ਤਹਿਤ ਸੀਵਰੇਜ ਸਕੀਮ, ਨਕੋਦਰ ਵਿਰੁੱਧ 2.00 ਕਰੋੜ ਰੁਪਏ ਦੇ ਫੰਡ ਪ੍ਰਾਪਤ ਹੋਏ। ਇਸ ਨਾਲ ਮੇਨ ਪੰਪਿੰਗ ਸਟੇਸ਼ਨ ਦਾ 51% ਅਤੇ 9.99 ਕਿਲੋਮੀਟਰ ਸੀਵਰ ਲਾਈਨਾਂ ਵਿਛਾਉਣ ਦਾ ਕੰਮ ਕ੍ਰਮਵਾਰ ਪੂਰੇ ਹੋ ਚੁੱਕੇ ਹਨ ।

ਨਵੀਂ ਸਰਕਾਰ ਵੱਲੋਂ ਸਾਰੇ ਕੰਮਾਂ ਨੂੰ ਰਿਵਿਊ ਕੀਤਾ ਜਾ ਰਿਹਾ ਹੈ । ਬਾਕੀ ਰਹਿੰਦੇ ਕੰਮ ਫੰਡਜ਼ ਪ੍ਰਾਪਤ ਹੋਣ ਤੇ ਮੁਕੰਮਲ ਕੀਤੇ ਜਾਣਗੇ ।

ਸਪੀਕਰ ਸਾਹਿਬ, ਕੰਮ ਰਿਵਿਊ ਹੋ ਰਹੇ ਹਨ । ਜਿਸ ਤਰ੍ਹਾਂ ਇਹ ਸੈਸ਼ਨ ਖਤਮ ਹੁੰਦਾ ਹੈ, ਆਉਣ ਵਾਲੇ ਸੱਤ ਦਿਨਾਂ ਦੇ ਵਿੱਚ ਵਿੱਚ ਫੰਡਜ਼ ਐਲੋਕੇਟ ਹੋ ਜਾਣਗੇ ਤੇ ਤੁਹਾਡਾ ਕੰਮ ਸ਼ੁਰੂ ਹੋ ਜਾਵੇਗਾ। ਬਾਕੀ ਕੰਮ ਵੀ ਫੰਡਜ਼ ਪ੍ਰਾਪਤੀ ਨਾਲ ਸ਼ੁਰੂ ਕਰ ਦਿੱਤੇ ਜਾਣਗੇ । (ਵਿਘਨ) (ਸ਼ੋਰ)

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਕੱਲ੍ਹ ਇਨ੍ਹਾਂ ਨੇ ਆਖਿਆ ਸੀ ਕਿ ਪੰਜਾਬ ਵਿੱਚ ਜਿਹੜੇ ਐਸ.ਟੀ.ਪੀ. ਲਗਾਏ ਸਨ, ਉਹ ਨਹੀਂ ਚੱਲ ਰਹੇ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਸ਼ਹਿਰ ਵਿੱਚ ਸੀਵਰੇਜ ਟਰੀਟਮੈਂਟ ਪਲਾਂਟ ਬਹੁਤ ਵਧੀਆ ਤਰੀਕੇ ਨਾਲ, it has started functioning. ਲੇਕਿਨ ਐਸ.ਟੀ.ਪੀ. ਤੋਂ ਜੇ ਕੰਮ ਲੈਣਾ ਚਾਹੁੰਦੇ ਹੋ ਤਾਂ ਸੀਵਰੇਜ ਦੀਆਂ ਪਾਈਪ ਲਾਈਨਾਂ ਲੇਅ ਕਰਨੀਆਂ ਪੈਣਗੀਆਂ ਤਾਂ ਹੀ ਐਸ.ਟੀ.ਪੀ. ਦਾ ਫਾਇਦਾ ਹੈ । ਇਸ ਲਈ ਤੁਸੀਂ ਸਾਨੂੰ ਜ਼ਰੂਰ ਫੰਡਜ਼ ਦਿਓ । ਜਿਹੜੇ ਪੁਰਾਣੇ ਕੰਮ ਸ਼ੁਰੂ ਹੋਏ ਹਨ, ਉਨ੍ਹਾਂ ਨੂੰ ਬੰਦ ਨਾ ਕਰੋ। ਚਾਹੇ ਜਿਸ ਤਰੀਕੇ ਨਾਲ ਵੀ ਹੋਣ, ਜਿਹੜੇ ਪੁਰਾਣੇ ਕੰਮ ਸ਼ੁਰੂ ਹੋਏ ਹਨ, ਉਨ੍ਹਾਂ ਨੂੰ ਲਗਾਤਾਰ ਜਾਰੀ ਰੱਖਣਾ ਚਾਹੀਦਾ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ।

ਮੰਤਰੀ : ਸਪੀਕਰ ਸਾਹਿਬ, ਜਿੰਨੇ ਵੀ ਪੁਰਾਣੇ ਕੰਮ ਸ਼ੁਰੂ ਹੋਏ ਹਨ, ਉਨ੍ਹਾਂ ਵਿਚੋਂ ਕੋਈ ਨਹੀਂ ਰੋਕਿਆ ਗਿਆ। ਪੁਰਾਣੇ ਕੰਮ ਵੀ ਚਲਦੇ ਰਹਿਣਗੇ ਅਤੇ ਤੁਹਾਡੇ ਨਵੇਂ ਕੰਮ ਵੀ ਅਸੀਂ ਕਰਵਾ ਕੇ ਦੇਵਾਂਗੇ। ਜੇ ਤੁਹਾਨੂੰ ਕੋਈ ਸ਼ੱਕ ਹੈ ਤਾਂ ਜਦੋਂ ਮਰਜ਼ੀ ਮੇਰੇ ਕੋਲ ਆ ਜਾਣਾ।

ਸਰਦਾਰ ਲਖਬੀਰ ਸਿੰਘ ਲੋਧੀਨੰਗਲ : ਮਾਨਯੋਗ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਬਟਾਲਾ ਮਿਊਂਸਿਪਲ ਕਮੇਟੀ ਦਾ 149 ਕਰੋੜ ਰੁਪਏ ਦਾ ਪਿਛਲੀ ਸਰਕਾਰ ਵੇਲੇ ਸੀਵਰੇਜ ਦਾ ਪ੍ਰਾਜੈਕਟ ਸੈਂਕਸ਼ਨ ਹੋਇਆ ਸੀ। ਉਥੇ ਐਸ.ਟੀ.ਪੀ. ਲਗਾਉਣ ਵਾਸਤੇ ਇੱਕ

ਜਗ੍ਹਾ ਲੈ ਲਈ ਗਈ ਸੀ ਅਤੇ ਹੁਣ ਦੋ ਹੋਰ ਲੈ ਲਈਆਂ ਗਈਆਂ ਹਨ । ਜੇਕਰ ਆਪਾਂ ਪੰਜਾਬ ਦਾ ਜ਼ਿਕਰ ਕਰੀਏ ਤਾਂ ਇਸ ਵੇਲੇ ਸਭ ਤੋਂ ਬੁਰਾ ਹਾਲ ਬਟਾਲੇ ਦਾ ਹੈ। ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਸਾਡਾ ਬਟਾਲਾ ਇਤਿਹਾਸਕ ਸ਼ਹਿਰ ਹੈ, ਉਸ ਵਾਸਤੇ ਸਪੈਸ਼ਲ ਤਵੱਜੋ ਦਿੱਤੀ ਜਾਵੇ। .....(ਵਿਘਨ....ਸ਼ੋਰ)....

ਮੰਤਰੀ : ਇਹ ਸੈਪਰੇਟ ਕੁਐਸਚਨ ਬਣਦਾ ਹੈ ਜੀ। ਇਹ ਸੈਪਰੇਟ ਕੁਐਸਚਨ ਹੈ। ਜਿੰਨੇ ਫੰਡਜ਼ ਜਾਰੀ ਹੋਏ ਹਨ, ਤੁਹਾਨੂੰ ਉਨ੍ਹਾਂ ਦੀ ਸਾਰੀ ਇਨਫਰਮੇਸ਼ਨ ਪਹੁੰਚ ਜਾਵੇਗੀ। ਕਦੋਂ ਕੰਮ ਸ਼ੁਰੂ ਹੋਵੇਗਾ, ਉਸ ਦੀ ਇਨਫਰਮੇਸ਼ਨ ਵੀ ਪਹੁੰਚ ਜਾਵੇਗੀ।

ਮਾਨਯੋਗ ਸਪੀਕਰ : ਤੁਸੀਂ ਵੱਖਰਾ ਸਵਾਲ ਦੇ ਦਿਓ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ।)

ਪੰਜਾਬ ਯੂਨੀਵਰਸਿਟੀ ਨੂੰ ਜਾਰੀ ਕੀਤੀ ਗਈ ਗ੍ਰਾਂਟ

*334. **ਸਰਦਾਰ ਸੰਗਤ ਸਿੰਘ ਗਿਲਜੀਆਂ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪਿਛਲੇ ਪੰਜ ਵਿੱਤੀ ਸਾਲਾਂ ਦੇ ਸਮੇਂ ਦੌਰਾਨ ਸਰਕਾਰ ਦੁਆਰਾ ਪੰਜਾਬ ਯੂਨੀਵਰਸਿਟੀ ਨੂੰ ਕੁੱਲ ਕਿੰਨੀ ਗ੍ਰਾਂਟ ਜਾਰੀ ਕੀਤੀ ਗਈ ;

(ਅ) ਪੰਜਾਬ ਯੂਨੀਵਰਸਿਟੀ ਨੂੰ ਮੌਜੂਦਾ ਵਿੱਤੀ ਸੰਕਟ ਵਿੱਚੋਂ ਕੱਢਣ ਲਈ ਸਰਕਾਰ ਦੁਆਰਾ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਹਨ ?

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸ਼੍ਰੀਮਾਨ ਜੀ, (ੳ) ਸਰਕਾਰ ਵੱਲੋਂ ਪਿਛਲੇ ਪੰਜ ਵਿੱਤੀ ਸਾਲਾਂ ਦੇ ਸਮੇਂ ਦੌਰਾਨ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਕੁੱਲ 12533.33 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ।

(ਅ) ਪੰਜਾਬ ਯੂਨੀਵਰਸਿਟੀ ਨੂੰ ਮੌਜੂਦਾ ਵਿੱਤੀ ਸੰਕਟ ਵਿੱਚੋਂ ਕੱਢਣ ਲਈ ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ 2017-18 ਵਿੱਚ 700 ਲੱਖ ਰੁਪਏ ਦਾ ਵਾਧੂ ਬਜਟ ਉਪਬੰਧ ਕੀਤਾ ਗਿਆ ਹੈ ।

** ** Not recorded as ordered by the Chair.

ਸਰਦਾਰ ਸੰਗਤ ਸਿੰਘ ਗਿਲਜੀਆਂ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਜੀ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਆਉਂਦਿਆਂ ਸਾਰ ਹੀ, ਇਸੇ ਸਾਲ ਦੇ ਵਿੱਚ ਹੀ, ਪਹਿਲੇ ਬਜਟ ਵਿੱਚ ਹੀ 12533.33 ਲੱਖ ਰੁਪਿਆ ਯੂਨੀਵਰਸਿਟੀ ਨੂੰ ਦਿੱਤਾ ਹੈ। ਮੈਂ ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦੀ ਹਾਂ ਕਿ ਆਉਂਦੇ ਸਾਰ ਹੀ ਯੂਨੀਵਰਸਿਟੀ ਦਾ ਖਿਆਲ ਰੱਖਿਆ ਹੈ, ਪੰਜਾਬ ਦੇ ਨੌਜਵਾਨ ਬੱਚਿਆਂ ਦਾ ਖਿਆਲ ਰੱਖਿਆ ਹੈ ....(ਵਿਘਨ....ਸ਼ੋਰ)....

ਮਾਨਯੋਗ ਸਪੀਕਰ : ਸਵਾਲ ਪੁੱਛੋ ....(ਵਿਘਨ...ਸ਼ੋਰ)... ਗਿਲਜੀਆਂ ਜੀ, ਸਵਾਲ ਪੁੱਛੋ।

ਸਰਦਾਰ ਸੰਗਤ ਸਿੰਘ ਗਿਲਜੀਆਂ : ਸਪੀਕਰ ਸਾਹਿਬ, ਮੇਰੀ ਮੰਤਰੀ ਸਾਹਿਬ ਨੂੰ ਇਹ ਬੇਨਤੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਵੀ ਯੂਨੀਵਰਸਿਟੀ ਦਾ ਖਿਆਲ ਰੱਖਿਆ ਜਾਵੇ ਅਤੇ ਗਰੀਬ ਬੱਚਿਆਂ ਦੀ ਐਜੂਕੇਸ਼ਨ ਲਈ ਸਮੇਂ ਸਮੇਂ ਨਾਲ ਪੈਸਾ ਦਿੱਤਾ ਜਾਵੇ। ...(ਵਿਘਨ....ਸ਼ੋਰ)....

ਮੰਤਰੀ : ਸਰ, ਇਹ ਜਿਹੜੀ ਪੰਜਾਬ ਯੂਨੀਵਰਸਿਟੀ ਹੈ, ਇਹ 1882 ਦੇ ਵਿੱਚ ਸਥਾਪਤ ਹੋਈ ਹੈ ਔਰ ਇਹ ਪੰਜਾਬ ਦਾ ਵੱਕਾਰ ਹੈ, ਇਹ ਪੰਜਾਬ ਦੀ ਪਗੜੀ ਹੈ ਔਰ ਵੈਸੇ ਵੀ ਜਿਹੜੀ ਚੀਜ਼ ਅੱਗੇ ਪੰਜਾਬ ਲਗਦਾ ਹੈ, ਉਸ ਦਾ ਖਿਆਲ ਰੱਖਣਾ ਪੰਜਾਬ ਦਾ ਫਰਜ਼ ਹੈ। ਅੱਗੇ ਤੋਂ ਵੀ ਜੇ ਕੋਈ ਫੰਡਜ਼ ਦੀ ਕਮੀ ਹੋਈ ਤਾਂ ਹਮਦਰਦੀ ਨਾਲ ਵਿਚਾਰ ਕਰ ਲਿਆ ਜਾਵੇਗਾ।

ਸਰਦਾਰ ਸੰਗਤ ਸਿੰਘ ਗਿਲਜੀਆਂ : ਮੈਂ ਆਪਣੇ ਵਿੱਤ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਆਉਣ ਵਾਲੇ ਸਮੇਂ ਦੇ ਵਿੱਚ ਵੀ ਯੂਨੀਵਰਸਿਟੀ ਦਾ ਖਿਆਲ ਰੱਖਣ ਵਾਸਤੇ ਗੱਲ ਕੀਤੀ ਹੈ।

Mr. Speaker : Thank you. (ਵਿਘਨ) (ਸ਼ੋਰ)

ਕੰਡੀ ਖੇਤਰ ਵਿੱਚ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਦੇਣਾ

*195. **ਡਾਕਟਰ ਰਾਜ ਕੁਮਾਰ ਚੱਬੇਵਾਲ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਕੰਡੀ ਖੇਤਰ ਵਿੱਚ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਵਿੱਚ ਸੁਧਾਰ ਲਿਆਉਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸੰਬੰਧ ਵਿੱਚ ਕੀ ਕਦਮ ਉਠਾਏ ਗਏ ਹਨ;

(ਅ) ਕੀ ਸਰਕਾਰ ਪੰਜਾਬ ਦੇ ਗਰੀਬ ਲੋਕਾਂ ਦੇ ਪੀਣ ਵਾਲੇ ਪਾਣੀ ਦੇ ਬਿਲ ਮੁਆਫ ਕਰਕੇ ਰਾਹਤ ਦੇਣ ਤੇ ਵਿਚਾਰ ਕਰ ਰਹੀ ਹੈ ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ : (ੳ) ਕੰਡੀ ਖੇਤਰ ਵਿੱਚ 5 ਨੰਬਰ ਜ਼ਿਲ੍ਹਿਆਂ (ਪਠਾਨਕੋਟ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਰੂਪਨਗਰ ਅਤੇ ਐਸ.ਏ.ਐਸ.ਨਗਰ) ਅਧੀਨ ਆਉਂਦੇ 1811 ਨੰਬਰ ਪਿੰਡਾਂ ਦੇ ਲੋਕਾਂ ਨੂੰ 784 ਨੰਬਰ ਸਕੀਮਾਂ ਰਾਹੀਂ ਪੀਣ ਯੋਗ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ । ਕੰਡੀ ਖੇਤਰ ਵਿੱਚ ਪੀਣ ਯੋਗ ਪਾਣੀ ਦੀਆਂ ਸਹੂਲਤਾਂ ਵਿੱਚ ਸੁਧਾਰ ਲਿਆਉਣ ਹਿਤ ਪੰਜਾਬ ਸਰਕਾਰ ਵੱਲੋਂ ਵੱਖ ਵੱਖ ਮੱਦਾਂ ਅਧੀਨ ਕੁੱਲ 3162.58 ਲੱਖ ਰੁਪਏ ਦੀ ਲਾਗਤ ਨਾਲ 339 ਪਿੰਡਾਂ ਲਈ 279 ਜਲ ਸਪਲਾਈ ਸਕੀਮਾਂ ਵਿੱਚ ਕੰਮ ਪ੍ਰਗਤੀ ਅਧੀਨ ਹੈ ।

ਇਸ ਤੋਂ ਇਲਾਵਾ ਕੰਡੀ ਖੇਤਰ ਦੇ 835 ਪਿੰਡਾਂ ਵਿੱਚ ਪੀਣ ਯੋਗ ਪਾਣੀ ਦੀਆਂ ਸਹੂਲਤਾਂ ਨੂੰ ਸੁਧਾਰਨ ਲਈ 411 ਸਕੀਮਾਂ ਰਾਹੀਂ ਕੁੱਲ 133.11 ਕਰੋੜ ਰੁਪਏ ਦੀ ਲਾਗਤ ਦੇ ਪ੍ਰਾਜੈਕਟ ਨੀਤੀ ਆਯੋਗ ਵਿੱਚ ਸਬਮਿਟ ਕਰਨ ਹਿਤ ਪੰਜਾਬ ਸਰਕਾਰ ਦੇ ਯੋਜਨਾਬੰਦੀ ਵਿਭਾਗ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ।

(ਅ) ਪੰਜਾਬ ਸਰਕਾਰ ਦੀ ਪਾਲਿਸੀ ਅਨੁਸਾਰ ਪੇਂਡੂ ਖੇਤਰ ਦੇ ਗਰੀਬ ਲੋਕਾਂ ਲਈ ਪੀਣ ਵਾਲੇ ਪਾਣੀ ਦੇ ਬਿਲ ਮੁਆਫ ਕਰਨ ਦੀ ਅਜੇ ਤੱਕ ਕੋਈ ਤਜਵੀਜ਼ ਨਹੀਂ ਹੈ ।

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ।)

ਮਾਨਯੋਗ ਸਪੀਕਰ : ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

ਡਾਕਟਰ ਰਾਜ ਕੁਮਾਰ ਚੱਬੇਵਾਲ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੰਡੀ ਖੇਤਰ ਵਿੱਚ ਪੀਣ ਵਾਲੇ ਪਾਣੀ ਲਈ ਕੇਵਲ ਟਿਊਬਵੈਲ ਹੀ ਉਨ੍ਹਾਂ ਦਾ ਸਹਾਰਾ ਹਨ ਔਰ ਜਦੋਂ ਟਿਊਬਵੈਲ ਖਰਾਬ ਹੋ ਜਾਂਦੇ ਹਨ, ਉਦੋਂ ਮੋਟਰਜ਼ ਨੂੰ ਰਿਪੇਅਰ ਕਰਨ ਲਈ ਹਫਤਾ ਹਫਤਾ, ਦਸ-ਦਸ ਦਿਨ ਲੱਗ ਜਾਂਦੇ ਹਨ ਜਦ ਕਿ ਲੋਕ ਅੱਧਾ ਦਿਨ ਵੀ ਵੇਟ ਨਹੀਂ ਕਰ ਸਕਦੇ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਮੋਟਰਾਂ ਦਾ ਕੋਈ ਸਬਸਟੀਚਿਊਟ, ਸਪੇਅਰ ਮੋਟਰਜ਼ ਇਨ੍ਹਾਂ ਦੇ ਡਿਪਾਰਟਮੈਂਟ ਕੋਲ ਉਪਲਬਧ ਹਨ ? ਜੇਕਰ ਉਪਲਬਧ ਹਨ ਤਾਂ ਕਿਰਪਾ ਕਰਕੇ ਦਿੱਤੀਆਂ ਜਾਣ ਔਰ ....(ਵਿਘਨ....ਸ਼ੋਰ).....

ਮਾਨਯੋਗ ਸਪੀਕਰ : ਬਾਜਵਾ ਸਾਹਿਬ। ਡਾ. ਰਾਜ ਕੁਮਾਰ ਜੀ, ਤੁਹਾਡਾ ਸਵਾਲ ਆ ਗਿਆ ਹੈ । ਹਾਂ ਜੀ, ਬਾਜਵਾ ਸਾਹਿਬ।

** ** Not recorded as ordered by the Chair.

ਮੰਤਰੀ : ਸਵਾਲ ਦੀ ਕੋਈ ਸਮਝ ਨਹੀਂ ਲੱਗੀ ਜੀ ਕਿ ਇਨ੍ਹਾਂ ਨੇ ਸਵਾਲ ਕੀ ਕੀਤਾ ਹੈ ....(ਵਿਘਨ...ਸ਼ੋਰ)

ਮਾਨਯੋਗ ਸਪੀਕਰ : ਦੁਬਾਰਾ ਸਵਾਲ ਕਰ ਦਿਓ ਜੀ।

ਡਾਕਟਰ ਰਾਜ ਕੁਮਾਰ ਚੱਬੇਵਾਲ : ਸਪੀਕਰ ਸਾਹਿਬ, ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜਦੋਂ ਮੋਟਰਾਂ ਖਰਾਬ ਹੋ ਜਾਂਦੀਆਂ ਹਨ, ਜਦੋਂ ਪੀਣ ਵਾਲੇ ਪਾਣੀ ਦੇ ਟਿਊਬਵੈੱਲਜ਼ ਦੀਆਂ ਮੋਟਰਾਂ ਖਰਾਬ ਹੋ ਜਾਂਦੀਆਂ ਹਨ ਤੇ ਉਨ੍ਹਾਂ ਦੀ ਰਿਪੇਅਰ ਨੂੰ ਹਫਤਾ-ਹਫਤਾ, ਦਸ-ਦਸ ਦਿਨ ਲੱਗ ਜਾਂਦੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਿਭਾਗ ਕੋਲ ਸਪੇਅਰ ਮੋਟਰਾਂ ਹਨ ? ਕੀ ਇਸ ਦਾ ਕੋਈ ਸਬਸਟੀਚਿਊਟ ਰੱਖਿਆ ਹੋਇਆ ਹੈ ? ਕੀ ਮੋਟਰਾਂ ਦਾ ਸਬਸਟੀਚਿਊਟ ਅਰੇਂਜਮੈਂਟ ਹੈ ਜਿਸ ਨਾਲ ਲੋਕਾਂ ਨੂੰ ਇੰਨੀ ਦੇਰ ਇੰਤਜ਼ਾਰ ਨਾ ਕਰਨਾ ਪਵੇ ?

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ।)

ਮਾਨਯੋਗ ਸਪੀਕਰ : ਕੀ ਤੁਹਾਡੇ ਕੋਲ ਸਪੇਅਰ ਮੋਟਰਾਂ ਹਨ ਕਿਉਂਕਿ ਮੋਟਰ ਖਰਾਬ ਹੋਣ ਕਰਕੇ ਸਮਾਂ ਲੱਗ ਜਾਂਦਾ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਦਾ ਸਬਸਟੀਚਿਊਟ ਪ੍ਰੋਗਰਾਮ ਅਜੇ ਕੋਈ ਨਹੀਂ ਹੈ ਲੇਕਿਨ ਜਿਥੇ ਜਿਥੇ ਪ੍ਰਾਬਲਮ ਹੈ, ਉਸ ਬਾਰੇ ਮੇਰੇ ਨਾਲ ਡਿਸਕਸ ਕਰ ਲੈਣ, ਉਥੇ ਪੈਸੇ ਖਰਚ ਕਰਕੇ ਕਾਰਵਾਈ ਜ਼ਰੂਰ ਕਰਾਂਗੇ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਧੰਨਵਾਦ ਜੀ । ਹੁਣ ਤੁਸੀਂ ਆਪਣੀਆਂ ਆਪਣੀਆਂ ਸੀਟਾਂ ਦੇ ਉਤੇ ਚਲੇ ਜਾਉ ਜੀ। ਕੰਮ ਹੋ ਗਿਆ ਹੈ । ਬੈਠੋ, ਕੰਮ ਹੋ ਗਿਆ ਹੈ ਹੁਣ । ਬੈਠੋ, ਬੈਠੋ, ਬੈਠ ਜਾਉ, ਹੁਣ ।

ਰਾਜ ਦੇ ਸਕੂਲਾਂ ਵਿੱਚ ਟ੍ਰੈਫਿਕ ਨਿਯਮਾਂ ਸੰਬੰਧੀ ਸਬਜੈਕਟ ਪੜ੍ਹਾਉਣਾ

***175. ਸਰਦਾਰ ਗੁਰਕੀਰਤ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਸੰਬੰਧੀ ਜਾਣੂੰ ਕਰਵਾਉਣ ਲਈ ਸਰਕਾਰ ਰਾਜ ਦੇ ਸਕੂਲਾਂ ਵਿੱਚ ਟ੍ਰੈਫਿਕ ਨਿਯਮਾਂ ਸੰਬੰਧੀ ਸਬਜੈਕਟ ਪੜ੍ਹਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਹ ਸਬਜੈਕਟ ਸਕੂਲਾਂ ਵਿੱਚ ਕਦੋਂ ਤੱਕ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਜਾਵੇਗਾ?

** ** Not recorded as ordered by the Chair.

ਸ਼੍ਰੀਮਤੀ ਅਰੁਨਾ ਚੌਧਰੀ : ਨਹੀਂ ਜੀ ।

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਜਿਹੜੇ ਟ੍ਰੈਫਿਕ ਨਿਯਮ ਹਨ, ਉਹ ਬਹੁਤ ਜ਼ਰੂਰੀ ਹੋ ਗਏ ਹਨ ਕਿਉਂਕਿ ਟ੍ਰੈਫਿਕ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ । ਸੱਚੀ ਗੱਲ ਤਾਂ ਇਹ ਹੈ ਕਿ ਆਪਣੇ ਮੁਲਕ ਵਿੱਚ ਲੋਕਾਂ ਨੂੰ ਟ੍ਰੈਫਿਕ ਦੀ ਬਹੁਤ ਘੱਟ ਸੈਂਸ ਹੈ । ਸੋ, ਇਸ ਕਰਕੇ ਜੇ ਅਸੀਂ ਆਪਣੇ ਬੱਚਿਆਂ ਨੂੰ ਥੱਲੇ ਤੋਂ, ਹੇਠਲੇ ਪੱਧਰ ਤੋਂ ਟ੍ਰੈਫਿਕ ਦੀ ਸਿੱਖਿਆ ਦੇਵਾਂਗੇ ਤਾਂ ਮੈਂ ਸਮਝਦਾ ਹਾਂ ਕਿ ਇਸ ਨਾਲ ਸਾਡਾ ਟ੍ਰੈਫਿਕ ਦਾ ਬਹੁਤ ਵੱਡਾ ਮਸਲਾ ਹੱਲ ਹੋ ਸਕਦਾ ਹੈ। ਸੋ, ਮੇਰੀ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਗੁਜ਼ਾਰਿਸ਼ ਹੈ ਕਿ ਕਿਉਂ ਨਾ ਪ੍ਰਾਇਮਰੀ ਤੋਂ ਹੀ ਸਕੂਲੀ ਸਿੱਖਿਆ ਦੇ ਨਾਲ ਨਾਲ ਟ੍ਰੈਫਿਕ ਦਾ ਸਬਜੈਕਟ ਲਾਜ਼ਮੀ ਕਰ ਦਿੱਤਾ ਜਾਵੇ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਆਪਣੇ ਮਾਨਯੋਗ ਮੈਂਬਰ ਸਾਹਿਬ ਦੀ ਕਨਸਰਨ ਦੀ ਬਹੁਤ ਦਾਦ ਦਿੰਦੀ ਹੈ। ਇਹ ਇੱਕ ਬਹੁਤ ਹੀ ਸੋਚਣ ਵਾਲਾ ਵਿਸ਼ਾ ਹੈ ਲੇਕਿਨ ਮੈਂ ਆਪਣੇ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਪੰਜਾਬ ਰਾਜ ਸੜਕ ਕਾਊਂਸਿਲ ਵੱਲੋਂ ਪ੍ਰਵਾਨਿਤ ਅਤੇ ਜਾਰੀ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਨੂੰ ਟ੍ਰੈਫਿਕ ਰੂਲਾਂ ਸਬੰਧੀ ਜਾਣੂੰ ਕਰਵਾਉਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਕੈਡਮਿਕ ਸਾਲ 2012-13 ਤੋਂ ਪ੍ਰਕਾਸ਼ਿਤ ਪਾਠ ਪੁਸਤਕਾਂ ਦੇ ਹਰ ਕਿਤਾਬ ਦੇ ਟਾਈਟਲ ਪੰਨੇ ਦੇ ਨੰ: ਤਿੰਨ ਤੇ ਸੁਰੱਖਿਆ ਦੇ ਸਲੋਗਨ, ਜਾਣਕਾਰੀ ਤੇ ਨਿਯਮ ਪ੍ਰਕਾਸ਼ਿਤ ਕੀਤੇ ਗਏ ਹਨ । ਪੰਜਾਬ ਸਿੱਖਿਆ ਬੋਰਡ ਇਹ ਸਿਲੇਬਸ ਨਿਰਧਾਰਤ ਕਰਦਾ ਹੈ ਔਰ ਟ੍ਰੈਫਿਕ ਨਿਯਮਾਂ ਅਨੁਸਾਰ ਸਮੱਗਰੀ ਵਿਸ਼ੇਸ਼ ਤੌਰ ਤੇ ਇਸ ਕਰੀਕੁਲਮ ਵਿੱਚ ਸ਼ਾਮਲ ਕੀਤੀ ਗਈ ਹੈ। ਜੇ ਆਗਿਆ ਹੋਵੇ ਤਾਂ ਮੈਂ ਪੜ੍ਹ ਦਿੰਦੀ ਹਾਂ ਤੇ ਮੈਂ ਦੱਸ ਦਿੰਦੀ ਹਾਂ ਕਿ ਤੀਸਰੀ, ਚੌਥੀ, ਪੰਜਵੀਂ, ਛੇਵੀਂ ਕਲਾਸ ਦੀ ਪੰਜਾਬੀ ਪੁਸਤਕ ਵਿੱਚ ਇਹ ਜਾਣਕਾਰੀ ਸ਼ਾਮਲ ਕੀਤੀ ਗਈ ਹੈ ਔਰ ਇਸ ਦੇ ਬਾਅਦ ਪੰਜਾਬੀ ਵਿਆਕਰਣ ਤੇ ਲੇਖ ਰਚਨਾ ਛੇਵੀਂ ਤੋਂ ਅੱਠਵੀਂ ਕਲਾਸ ਵਿੱਚ ਇਸ ਨੂੰ ਸ਼ਾਮਲ ਕੀਤਾ ਗਿਆ ਹੈ । ਇਸੇ ਤਰ੍ਹਾਂ ਦੂਸਰੀ, ਪੰਜਵੀਂ, ਸੱਤਵੀਂ, ਅੱਠਵੀਂ ਕਲਾਸ ਦੀ ਇੰਗਲਿਸ਼ ਅਤੇ ਹਿੰਦੀ ਸਬਜੈਕਟਸ ਵਿੱਚ ਹੈਲਥ ਹੈਂਡ ਫਿਜ਼ੀਕਲ ਐਜੂਕੇਸ਼ਨ ਬਾਰੇ ਜਾਣਕਾਰੀ ਦਿੱਤੀ ਗਈ ਹੈ । ਇਸ ਤੋਂ ਇਲਾਵਾ 26 ਕਿਤਾਬਾਂ ਵਿੱਚ ਇਨ੍ਹਾਂ ਦੇ ਤੀਸਰੇ ਪੰਨੇ ਤੇ ਹਰ ਤਰ੍ਹਾਂ ਦੇ ਟ੍ਰੈਫਿਕ ਨਿਯਮਾਂ ਅਤੇ ਸਲੋਗਨਾਂ ਨੂੰ ਦੱਸਿਆ ਗਿਆ ਹੈ ਔਰ ਇੰਗਲਿਸ਼ ਇਨਵਾਇਰਨਮੈਂਟਲ ਸਟੱਡੀਜ਼, ਸੋਸ਼ਲ ਸਟੱਡੀਜ਼ ਵਿੱਚ 6ਵੀਂ ਤੋਂ 10ਵੀਂ ਕਲਾਸ ਤੱਕ, ਹਿਸਟਰੀ ਸੀਨੀਅਰ ਸੈਕੰਡਰੀ, ਸ਼ੋਸ਼ੋਲਜੀ ਸੀਨੀਅਰ ਸੈਕੰਡਰੀ ਦੀਆਂ ਕਿਤਾਬਾਂ ਵਿੱਚ ਵੀ ਇਸ ਕੁਰੀਕੁਲਮ ਲਈ ਇੱਕ ਪੰਨਾ ਰੱਖਿਆ ਗਿਆ ਹੈ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ।)

** ** Not recorded as ordered by the Chair.

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਪਰ ਮੈਂ ਤੁਹਾਡੇ ਰਾਹੀਂ ਇਹ ਜ਼ਰੂਰ ਦਰਖਾਸਤ ਕਰਦਾ ਹਾਂ ਕਿ ਇਸ ਨੂੰ ਜਲਦੀ ਤੋਂ ਜਲਦੀ ਲਾਗੂ ਕਰ ਦਿੱਤਾ ਜਾਵੇ ਔਰ ਸਖਤੀ ਨਾਲ ਇਹ ਸਬਜੈਕਟ ਪੜ੍ਹਾਏ ਜਾਣ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਇਸ ਕਿਤਾਬ ਵਿਚ ਪੂਰਾ ਇੱਕ ਪੰਨਾ ਹੈ ਔਰ ਪੂਰਾ ਇੱਕ ਪਾਠ ਹੈ ਜਿਹੜਾ ਟ੍ਰੈਫਿਕ ਨਿਯਮਾਂ ਉਤੇ ਹੈ। ਸੋ, ਮੈਨੂੰ ਲੱਗਦਾ ਹੈ ਕਿ ਇਸ ਤੋਂ ਵੱਧ ਕਰਨ ਦੀ ਲੋੜ ਨਹੀਂ ਹੈ। ਬਹੁਤ ਬਹੁਤ ਧੰਨਵਾਦ।

ਮਾਨਯੋਗ ਸਪੀਕਰ : ਅਗਲਾ ਸਵਾਲ, ਡਾਕਟਰ ਸੁਖਵਿੰਦਰ ਕੁਮਾਰ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ।)

ਬੰਗਾ ਤੋਂ ਸਾਹਲੋਂ ਸੜਕ ਦਾ ਨਿਰਮਾਣ

*352. **ਸ਼੍ਰੀ ਸੁਖਵਿੰਦਰ ਕੁਮਾਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਬੰਗਾ ਵਿੱਚ ਬੰਗਾ ਤੋਂ ਸਾਹਲੋਂ (ਕਰੀਬ 10 ਕਿ.ਮੀ.) ਸੜਕ ਜੋ 40 ਫੀਸਦੀ ਬਣ ਚੁੱਕੀ ਹੈ, ਦਾ ਕੰਮ ਵਿੱਚ ਹੀ ਛੱਡ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਸੜਕ ਦਾ ਕੰਮ ਕਦੋਂ ਤੱਕ ਪੂਰਾ ਹੋ ਜਾਵੇਗਾ ?

ਸ਼੍ਰੀਮਤੀ ਰਜ਼ੀਆ ਸੁਲਤਾਨਾ : ਸ਼੍ਰੀਮਾਨ ਜੀ, ਇਸ ਸੜਕ ਦੇ ਪਿਛਲੇ ਵਿੱਤੀ ਸਾਲ ਅਤੇ ਹੁਣ ਤੱਕ ਕੋਈ ਵੀ ਫੰਡਜ਼ ਪ੍ਰਾਪਤ ਨਹੀਂ ਹੋਏ ਹਨ ਜਿਸ ਕਰਕੇ ਕੰਮ ਦੀ ਚਾਲ ਧੀਮੀ ਹੋ ਗਈ ਹੈ । ਜੇਕਰ ਫੰਡਜ਼ ਪ੍ਰਾਪਤ ਹੋ ਜਾਂਦੇ ਹਨ ਤਾਂ ਇਸ ਕੰਮ ਨੂੰ ਦੋ ਮਹੀਨੇ ਦੇ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ ਜੀ ।

ਸ਼੍ਰੀ ਸੁਖਵਿੰਦਰ ਕੁਮਾਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜੇਕਰ 40% ਸੜਕ ਬਿਨਾਂ ਫੰਡਜ਼ ਤੋਂ ਬਣ ਗਈ ਹੈ ਤਾਂ ਬਾਕੀ ਛੇ ਕਿਲੋਮੀਟਰ ਸੜਕ ਕਿਉਂ ਨਹੀਂ ਬਣਾਈ ਗਈ ?

ਰਾਜ ਮੰਤਰੀ : ਇਹ ਆਪਣਾ ਕੁਐਸਚਨ ਰਿਪੀਟ ਕਰ ਦੇਣ।

** ** Not recorded as ordered by the Chair.

ਮਾਨਯੋਗ ਸਪੀਕਰ : ਸੁਖਵਿੰਦਰ ਜੀ, ਆਪਣਾ ਕੁਐਸਚਨ ਰਿਪੀਟ ਕਰ ਦਿਓ।

ਸ਼੍ਰੀ ਸੁਖਵਿੰਦਰ ਕੁਮਾਰ : ਸਪੀਕਰ ਸਾਹਿਬ, 4 ਕਿਲੋਮੀਟਰ ਸੜਕ ਬਿਨਾਂ ਫੰਡਜ਼ ਤੋਂ ਬਣ ਚੁੱਕੀ ਹੈ, ਫਿਰ ਬਾਕੀ 6 ਕਿਲੋਮੀਟਰ ਕਿਉਂ ਨਹੀਂ ਬਣਾਈ ਗਈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਠੇਕੇਦਾਰ ਤੇ ਡਿਪੈਂਡ ਕਰਦਾ ਹੈ ਕਿਉਂਕਿ ਫੰਡਜ਼ ਦੀ ਲੋੜ ਹੈ ਅਤੇ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਸਾਨੂੰ ਉਮੀਦ ਹੈ ਅਤੇ ਅਸੀਂ ਜਲਦੀ ਹੀ ਇਹ ਫੰਡਜ਼ ਉਪਲਬਧ ਕਰਵਾ ਦੇਵਾਂਗੇ। (ਵਿਘਨ) (ਸ਼ੋਰ)

ਹਸਪਤਾਲ/ਸਮੂਹਿਕ ਸਿਹਤ ਕੇਂਦਰਾਂ ਵਿੱਚ ਡਾਕਟਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਨਾ

***324. ਸਰਦਾਰ ਹਰਮਿੰਦਰ ਸਿੰਘ ਗਿੱਲ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੱਟੀ ਹਲਕੇ ਅੰਦਰ ਸਥਿਤ ਸਿਵਲ ਹਸਪਤਾਲ, ਸਮੂਹਿਕ ਸਿਹਤ ਕੇਂਦਰਾਂ ਕੈਰੋਂ, ਸਰਹਾਲੀ, ਨੌਸ਼ਹਿਰਾ ਪੰਨੂਆਂ ਅਤੇ ਹਰੀਕੇ ਵਿਖੇ ਡਾਕਟਰਾਂ ਦੀਆਂ 80% ਅਸਾਮੀਆਂ ਖਾਲੀ ਹੋਣ ਕਰਕੇ ਅਤਿ ਗਰੀਬ ਮਰੀਜ਼ਾਂ ਦੀ ਭਾਰੀ ਖੱਜਲ ਖਰਾਬੀ ਹੋ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਹੱਦੀ ਹਲਕਿਆਂ ਦੇ ਹਸਪਤਾਲਾਂ ਵਿੱਚ ਲੋੜਵੰਦ ਗਰੀਬ ਮਰੀਜ਼ਾਂ ਦੇ ਇਲਾਜ ਲਈ ਡਾਕਟਰਾਂ ਦੀ ਗਿਣਤੀ ਪੂਰੀ ਕਰਨ ਲਈ ਸਰਕਾਰ ਕੋਈ ਕਦਮ ਚੁੱਕ ਰਹੀ ਹੈ ?

ਸ਼੍ਰੀ ਬ੍ਰਹਮ ਮਹਿੰਦਰਾ : ਹਲਕਾ ਪੱਟੀ ਅੰਦਰ ਸਥਿਤ ਸਿਵਲ ਹਸਪਤਾਲ, ਪੱਟੀ; ਸਮੂਹਿਕ ਸਿਹਤ ਕੇਂਦਰਾਂ ਕੈਰੋਂ, ਸਰਹਾਲੀ, ਨੌਸ਼ਹਿਰਾ ਪੰਨੂਆਂ ਅਤੇ ਹਰੀਕੇ ਵਿਖੇ ਡਾਕਟਰਾਂ ਦੀਆਂ ਕੁੱਲ 47 ਅਸਾਮੀਆਂ ਮਨਜ਼ੂਰਸ਼ੁਦਾ ਹਨ ਜਿਨ੍ਹਾਂ ਵਿੱਚੋਂ ਕੁੱਲ 28 ਅਸਾਮੀਆਂ ਭਰੀਆਂ ਅਤੇ 19 ਅਸਾਮੀਆਂ ਖਾਲੀ ਹਨ । ਪੱਟੀ ਹਲਕੇ ਵਿੱਚ ਵੱਖ-ਵੱਖ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਵਿਖੇ ਕੈਟਾਗਰੀਵਾਈਜ਼ ਮਨਜ਼ੂਰਸ਼ੁਦਾ ਭਰੀਆਂ ਅਤੇ ਖਾਲੀ ਅਸਾਮੀਆਂ ਸੰਬੰਧੀ ਵੇਰਵੇ ਹੇਠ ਅਨੁਲੱਗ-'ੳ' ਤੇ ਹੈ ।

(ਅ) ਸਰਕਾਰ ਵੱਲੋਂ ਰਾਜ ਵਿੱਚ ਸਿਹਤ ਸੰਸਥਾਵਾਂ ਵਿਖੇ ਖਾਲੀ ਅਸਾਮੀਆਂ ਨੂੰ ਭਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ।

ਅਨੁਲੱਗ 'ੳ'

ਸਬ ਡਵੀਜ਼ਨਲ (ਸਿਵਲ) ਹਸਪਤਾਲ, ਪੱਟੀ ਜ਼ਿਲ੍ਹਾ ਤਰਨਤਾਰਨ, ਸੀ.ਐਚ.ਸੀ., ਕੈਰੋਂ, ਸੀ.ਐਚ.ਸੀ., ਨੌਸ਼ਹਿਰਾ ਪੰਨੂਆਂ, ਪੀ.ਐਚ.ਸੀ., ਢੋਟੀਆਂ, ਸੀ.ਐਚ.ਸੀ., ਸਰਹਾਲੀ, ਸੀ.ਐਚ.ਸੀ., ਬ੍ਰਹਮਪੁਰਾ, ਮਿੰਨੀ ਪੀ.ਐਚ.ਸੀ., ਫਤਿਆਬਾਦ, ਆਰ.ਐਚ. ਡੇਹਰਾ ਸਾਹਿਬ,

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਮਿੰਨੀ ਪੀ.ਐਚ.ਸੀ. ਚੋਹਲਾ ਸਾਹਿਬ, ਸੀ.ਐਚ.ਸੀ. ਹਰੀਕੇ ਵਿਖੇ ਡਾਕਟਰਾਂ ਦੀ ਸ਼੍ਰੇਣੀਵਾਰ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

ਸੰਸਥਾ ਦਾ ਨਾਂ	**ਅਸਾਮੀ ਦਾ ਨਾਂ**	**ਮਨਜ਼ੂਰਸ਼ੁਦਾ**	**ਭਰੀਆਂ**	**ਖਾਲੀ**
ਐਸ.ਡੀ.ਐਚ., ਪੱਟੀ	ਮੈਡੀਕਲ ਅਫਸਰ (ਸਪੈਸ਼ਲਿਸਟ)	11	5	6
	ਮੈਡੀਸਨ	1	1	0
	ਗਾਇਨੀ	1	1	0
	ਐਨਸਥੀਸੀਆ	1	1	0
	ਸਾਈਕੈਟ੍ਰੀ	1	1	0
	ਪੈਥੋਲੋਜੀ	1	1	0
	ਪੈਡੀਐਟ੍ਰਿਕਸ	1	0	1
	ਆਰਥੋਪੈਡਿਕਸ	1	0	1
	ਸਕਿਨ ਅਤੇ ਵੀ.ਡੀ.	1	0	1
	ਈ.ਐਨ.ਟੀ.	1	0	1
	ਅੱਖਾਂ ਦੇ ਮਾਹਿਰ	1	0	1
	ਜਨਰਲ ਸਰਜਨ	1	0	1
	ਮੈਡੀਕਲ ਅਫਸਰ (ਜਨਰਲ)	6	0	6
ਸੀ.ਐਚ.ਸੀ., ਕੈਰੋਂ	ਮੈਡੀਕਲ ਅਫਸਰ	5	2	3
ਸੀ.ਐਚ.ਸੀ., ਨੌਸ਼ਹਿਰਾ ਪੰਨੂਆਂ	ਮੈਡੀਕਲ ਅਫਸਰ	5	3	2
ਪੀ.ਐੱਚ.ਸੀ., ਢੋਟੀਆਂ	ਮੈਡੀਕਲ ਅਫਸਰ	1	1	0
ਸੀ.ਐਚ.ਸੀ., ਸਰਹਾਲੀ	ਮੈਡੀਕਲ ਅਫਸਰ	5	5	0
ਸੀ.ਐਚ.ਸੀ., ਬ੍ਰਹਮਪੁਰਾ	ਮੈਡੀਕਲ ਅਫਸਰ	5	4	1
ਮਿੰਨੀ ਪੀ.ਐਚ.ਸੀ., ਫਤਿਆਬਾਦ	ਮੈਡੀਕਲ ਅਫਸਰ	1	1	0
ਆਰ.ਐਚ.ਡੇਹਰਾ ਸਾਹਿਬ	ਮੈਡੀਕਲ ਅਫਸਰ	2	2	0
ਮਿੰਨੀ ਪੀ.ਐਚ.ਸੀ., ਚੋਹਲਾ ਸਾਹਿਬ	ਮੈਡੀਕਲ ਅਫਸਰ	1	1	0
ਸੀ.ਐਚ.ਸੀ. ਹਰੀਕੇ	ਮੈਡੀਕਲ ਅਫਸਰ	5	4	1
	ਕੁੱਲ	47	28	19

ਸਰਦਾਰ ਹਰਮਿੰਦਰ ਸਿੰਘ ਗਿੱਲ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪਿਛਲੀ ਸਰਕਾਰ ਦੇ ਸਮੇਂ ਜਿੰਨੇ ਵੀ ਸਾਡੇ ਪੇਂਡੂ ਖੇਤਰਾਂ ਵਿੱਚ ਸਥਿਤ ਸੀ.ਐਚ.ਸੀ. ਅਤੇ ਪੀ.ਐਚ.ਸੀ. ਸਨ, ਉਨ੍ਹਾਂ ਦਾ ਰੁਤਬਾ ਘਟਾ ਕੇ ਡਿਸਪੈਂਸਰੀ ਕਰ ਦਿੱਤਾ ਗਿਆ ਸੀ ਜਿਸ ਕਰਕੇ ਉਨ੍ਹਾਂ ਹਸਪਤਾਲਾਂ ਵਿਚੋਂ ਸਪੈਸ਼ਲਿਸਟ ਡਾਕਟਰਾਂ ਨੂੰ ਬਦਲ ਦਿੱਤਾ ਗਿਆ ਸੀ ਅਤੇ ਮੁਫਤ ਦਵਾਈ ਦੇਣੀ ਬੰਦ ਕਰ ਦਿੱਤੀ ਗਈ ਸੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੱਥੇ ਸਿਵਲ ਹਸਪਤਾਲਾਂ ਦੀ ਬਹੁਤ ਲੋੜ ਹੈ, ਉਥੇ ਕਮਿਉਨਿਟੀ ਹੈਲਥ ਸੈਂਟਰ ਅਤੇ ਪੀ.ਐਚ.ਸੀ. ਦੀ ਵੀ ਪੇਂਡੂ ਖੇਤਰਾਂ ਵਿੱਚ ਬੜੀ ਭਾਰੀ ਲੋੜ ਹੈ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਦਾ ਪੁਰਾਣਾ ਰੁਤਬਾ ਬਹਾਲ ਕਰਕੇ ਅਪਗ੍ਰੇਡ ਕਰਕੇ ਉਥੇ ਸਿਆਣੇ ਅਤੇ ਸਪੈਸ਼ਲਿਸਟ ਡਾਕਟਰ ਲਗਾਏ ਜਾਣ ਤਾਂ ਕਿ ਪੇਂਡੂ ਹਸਪਤਾਲਾਂ ਵਿੱਚ ਸਹੂਲਤ ਮਿਲ ਸਕੇ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਐਸ਼ੋਰੈਂਸ ਦਿੰਦਾ ਹਾਂ ਕਿ ਬਹੁਤ ਜਲਦੀ ਹੀ ਜੋ ਇਨ੍ਹਾਂ ਨੇ ਗੱਲ ਕਹੀ ਹੈ, ਇਹ ਪੂਰੀ ਕਰ ਦੇਵਾਂਗੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਲੈਂਡ ਮਾਫੀਆ ਬਾਬਤ [****] ਦੇ ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਜੋ ਕਿ ਪਹਿਲਾਂ ਹੀ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ [****] ਨਾਅਰੇ ਲਗਾ ਰਹੇ ਸਨ, ਚੇਅਰ ਤੱਕ ਪਹੁੰਚਣ ਲਈ ਵਾਚ ਐਂਡ ਵਾਰਡ ਸਟਾਫ ਨਾਲ ਬੜੇ ਜ਼ੋਰ ਨਾਲ ਧੱਕਾ-ਮੁੱਕੀ ਕਰਨ ਲੱਗੇ। ਸਦਨ ਵਿੱਚ ਬਹੁਤ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਫਤਿਹਗੜ੍ਹ ਸਾਹਿਬ ਸ਼ਹਿਰ ਨੂੰ ਟੂਰਿਸਟ ਸਰਕਟ ਵਜੋਂ ਡਿਵੈਲਪ ਕਰਨਾ

*493. **ਸਰਦਾਰ ਕੁਲਜੀਤ ਸਿੰਘ ਨਾਗਰਾ** : ਕੀ ਸੈਰ ਸਪਾਟਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਤਿਹਗੜ੍ਹ ਸਾਹਿਬ ਦੀ ਇਤਿਹਾਸਕ ਅਤੇ ਧਾਰਮਿਕ ਮਹੱਤਤਾ ਨੂੰ ਦੇਖਦੇ ਹੋਏ ਅਤੇ ਟੂਰਿਜ਼ਮ ਨੂੰ ਮੁੱਖ ਰੱਖ ਕੇ ਇਸ ਨੂੰ ਟੂਰਿਸਟ ਸਰਕਟ ਦੇ ਰੂਪ ਵਿੱਚ ਡਿਵੈਲਪ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਕੀ ਕਾਰਵਾਈ ਕੀਤੀ ਜਾ ਰਹੀ ਹੈ ?

[****] Not recorded as ordered by the Chair.

ਸਰਦਾਰ ਨਵਜੋਤ ਸਿੰਘ ਸਿੱਧੂ : ਜੀ ਹਾਂ, ਫਤਿਹਗੜ੍ਹ ਸਾਹਿਬ ਨੂੰ ਟੂਰਿਜ਼ਮ ਸਰਕਟ ਵਜੋਂ ਡਿਵੈਲਪ ਕਰਨਾ ਸਰਕਾਰ ਦੇ ਵਿਚਾਰ ਅਧੀਨ ਹੈ ਜਿਸ ਦੀ ਕਾਰਵਾਈ ਤਹਿਤ ਨਿਮਨਲਿਖਤ ਇਤਿਹਾਸਿਕ ਅਤੇ ਧਾਰਮਿਕ ਇਮਾਰਤਾਂ ਦਾ ਕੰਮ ਕਰਵਾਇਆ ਜਾ ਰਿਹਾ ਹੈ :

1. **ਮਕਬਰੇ ਅਤੇ ਰੋਜ਼ਾ ਸ਼ਰੀਫ ਮਸਜਿਦ** : ਫਤਿਹਗੜ੍ਹ ਸਾਹਿਬ ਵਿੱਚ ਪੈਂਦੇ ਰਫੂਦੀਨ ਮਕਬਰੇ ਦਾ ਲੈਂਡਸਕੇਪਿੰਗ ਅਤੇ ਰਫੂਦੀਨ ਮਕਬਰਾ, ਅਲਫਸਾਨੀ ਮਕਬਰਾ, ਬੀਬੀ ਤਾਜ਼ ਮਕਬਰਾ ਅਤੇ ਰੋਜ਼ਾ ਸ਼ਰੀਫ ਮਸਜਿਦ ਦਾ ਅਸਲੀ ਹਾਲਤ ਵਿੱਚ ਮੁੜ ਉਸਾਰੀ ਅਤੇ ਸਨਰਕਸ਼ਨ ਕਰਨਾ ।

2. **ਆਮ ਖਾਸ ਬਾਗ (ਸਰਹਿੰਦ)** : ਫਤਿਹਗੜ੍ਹ ਸਾਹਿਬ ਵਿੱਚ ਪੈਂਦੇ ਵੱਖ ਵੱਖ ਇਮਾਰਤਾਂ ਜਿਵੇਂ ਕਿ ਨੌਘਰਾ, ਸ਼ੀਸ਼ ਮਹਿਲ, ਮਹਿਤਾਬੀ ਬਾਗ, ਉਤਰੀ ਪੰਡਾਲ ਅਤੇ ਬੁਰਜ ਦੀ ਅਸਲੀ ਹਾਲਤ ਵਿੱਚ ਮੁੜ ਉਸਾਰੀ ਅਤੇ ਸਨਰਕਸ਼ਨ ਕਰਨਾ ।

3. **ਅਡੈਪਿਟਿਵ ਮੁੜ ਵਰਤਣਯੋਗ ਆਮ ਖਾਸ ਬਾਗ** : ਇਸ ਕੰਮ ਦੇ ਟੈਂਡਰ ਲਗਾਏ ਗਏ ਹਨ ਜਿਸ ਨੂੰ ਪ੍ਰਾਪਤ ਕਰਨ ਦੀ ਆਖਰੀ ਮਿਤੀ 27.6.2017 ਹੈ ।

ਉਪਰੋਕਤ ਤੋਂ ਇਲਾਵਾ ਭਾਰਤ ਸਰਕਾਰ ਸੈਰ-ਸਪਾਟਾ ਮੰਤਰਾਲੇ ਦੀ ਸਵਦੇਸ਼ ਦਰਸ਼ਨ (ਹੈਰੀਟੇਜ ਸਰਕਟ) ਸਕੀਮ ਦੇ ਤਹਿਤ ਮੁਗਲ ਸਰਕਟ ਅਧੀਨ ਵੀ ਆਮ ਖਾਸ ਬਾਗ ਨੂੰ ਵਿਕਸਿਤ ਕੀਤੇ ਜਾਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਗੁਰਦੁਆਰਾ ਫਤਿਹਗੜ੍ਹ ਸਾਹਿਬ, ਰੋਜ਼ਾ ਸ਼ਰੀਫ ਅਤੇ ਜਗਤੇਸ਼ਵਰੀ ਮੰਦਰ ਜੋ ਕਿ ਧਾਰਮਿਕ ਅਤੇ ਇਤਿਹਾਸਿਕ ਮਹਾਨਤਾ ਰੱਖਦੇ ਹਨ, ਨੂੰ ਵੀ ਮਨਿਸਟਰੀ ਆਫ ਟੂਰਿਜ਼ਮ, ਭਾਰਤ ਸਰਕਾਰ ਦੀ ਸਪਿਰਚੂਅਲ ਸਰਕਟ ਸਕੀਮ ਰਾਹੀਂ ਵਿਕਸਿਤ ਕੀਤਾ ਜਾਵੇਗਾ । ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਮੁਕੱਦਸ ਪਾਕ ਜਗ੍ਹਾ ਹੈ, ਜਿੱਥੇ ਤਿੰਨ ਧਰਮਾਂ ਦੇ ਸਾਡੇ .... । (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਜੋ ਕੁਝ ਚੇਅਰ ਦੀ ਆਗਿਆ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ ।

NAMING OF THE MEMBERS

ਮਾਨਯੋਗ ਸਪੀਕਰ : ਲਿਆਓ, ਇਨ੍ਹਾਂ ਨੂੰ ਨੇਮ ਕਰਦੇ ਹਾਂ। ਮੈਂ ਨੇਮ ਕਰਨ ਲੱਗਾ ਹਾਂ। ਆਮ ਆਦਮੀ ਪਾਰਟੀ, ਲੋਕ ਇਨਸਾਫ ਪਾਰਟੀ ਦੇ ਮੈਂਬਰ ਜੋ ਸਦਨ ਦੀ ਅੱਜ ਦੀ ਬੈਠਕ ਵਿੱਚ ਹਾਜ਼ਰ ਹਨ, ਜਿਨ੍ਹਾਂ ਨੇ ਜਾਣਬੁੱਝ ਕੇ ਸੈਸ਼ਨ ਦੀ ਕਾਰਵਾਈ ਵਿਚ ਵਿਘਨ ਪਾਇਆ ਹੈ ਅਤੇ ਚੇਅਰ ਦੇ ਹੁਕਮਾਂ ਦੀ ਪਰਵਾਹ ਨਹੀਂ ਕੀਤੀ। ਵਾਰ ਵਾਰ ਅਪੀਲ ਕਰਨ ਦੇ ਬਾਵਜੂਦ ਵੀ ਇਨ੍ਹਾਂ ਮੈਂਬਰਾਂ ਨੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਇਆ ਹੈ । ਮੈਂ

**Not recorded as ordered by the Chair.

ਇਨ੍ਹਾਂ ਮੈਂਬਰਾਂ ਨੂੰ ਨੇਮ ਕਰਦਾ ਹਾਂ ਅਤੇ ਮਾਰਸ਼ਲ ਨੂੰ ਹਦਾਇਤ ਕਰਦਾ ਹਾਂ ਕਿ ਇਨ੍ਹਾਂ ਨੂੰ ਸਦਨ ਤੋਂ ਬਾਹਰ ਲਿਜਾਇਆ ਜਾਵੇ। (ਵਿਘਨ, ਸ਼ੋਰ)

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚੋਂ, ਚੇਅਰ ਵੱਲ ** ** ਨਾਅਰੇ ਲਗਾਉਂਦੇ ਹੋਏ ਵੱਧਣ ਦੀ ਕੋਸ਼ਿਸ਼ ਕਰ ਰਹੇ ਆਮ ਆਦਮੀ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਲੋਕ ਇਨਸਾਫ ਪਾਰਟੀ ਦੇ ਸਰਦਾਰ ਬਲਵਿੰਦਰ ਸਿੰਘ ਬੈਂਸ ਨੂੰ ਚੇਅਰ ਦੇ ਹੁਕਮਾਂ ਅਨੁਸਾਰ ਮਾਰਸ਼ਲਜ਼ ਵੱਲੋਂ ਬਾਹਰ ਲਿਜਾਇਆ ਗਿਆ ਜਿਸ ਦਾ ਕਿ ਇਨ੍ਹਾਂ ਮੈਂਬਰਾਂ ਵਲੋਂ ਬਹੁਤ ਵਿਰੋਧ ਕੀਤਾ ਜਾ ਰਿਹਾ ਸੀ। ਇਨ੍ਹਾਂ ਮੈਂਬਰਾਂ ਵੱਲੋਂ ਪੰਜਾਬ ਸਰਕਾਰ ਅਤੇ ਚੇਅਰ ਦੀ ਸ਼ਾਨ ਖਿਲਾਫ ਲਗਾਤਾਰ ** ** ਨਾਅਰੇ ਲਗਾਏ ਜਾ ਰਹੇ ਸਨ। ਇਸ ਸਮੇਂ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਅਤੇ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਸਪੀਕਰ : ਇਨ੍ਹਾਂ ਨੂੰ ਬਾਹਰ ਲੈ ਜਾਉ। ਸਾਰਿਆਂ ਨੂੰ ਬਾਹਰ ਲੈ ਕੇ ਜਾਓ। (ਵਿਘਨ,ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜੋ ਕਿ ਜ਼ਿਆਦਾ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਸਪੀਕਰ: ਚਲੋ, ਅੱਗੇ ਗੱਲ ਕਰੋ ਤੁਸੀਂ। ਸਰਦਾਰ ਨਵਤੇਜ ਸਿੰਘ ਚੀਮਾ ਜੀ। (ਵਿਘਨ)(ਸ਼ੋਰ)

ਸਰਦਾਰ ਨਵਤੇਜ ਸਿੰਘ ਚੀਮਾ : 281 ਜੀ। (ਵਿਘਨ,ਸ਼ੋਰ)

ਮਾਨਯੋਗ ਸਪੀਕਰ : ਸ਼੍ਰੀ ਦਿਨੇਸ਼ ਸਿੰਘ, ਦਿਨੇਸ਼ ਸਿੰਘ। (ਵਿਘਨ,ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਬੈਠੋ, ਪਲੀਜ਼ ਬੈਠੋ। ਬੈਠੋ, ਬੈਠੋ। ਦਿਨੇਸ਼ ਸਿੰਘ ਜੀ ਦਾ ਸਵਾਲ ਹੈ।

ਸ਼੍ਰੀ ਦਿਨੇਸ਼ ਸਿੰਘ : ਸਪੀਕਰ ਸਾਹਿਬ, 495 ਜੀ। (ਵਿਘਨ,ਸ਼ੋਰ)

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਰਹਿੰਦੀ ਹੈ ਜੀ। (ਵਿਘਨ,ਸ਼ੋਰ) ਸਰ, ਮੇਰੀ ਸਪਲੀਮੈਂਟਰੀ ਰਹਿ ਗਈ ਹੈ।

ਮਾਨਯੋਗ ਸਪੀਕਰ : ਸਪਲੀਮੈਂਟਰੀ? ਬੋਲੋ, ਬੋਲੋ। (ਵਿਘਨ,ਸ਼ੋਰ) ਬੋਲੋ ਜੀ, ਬੋਲੋ। ਸਰਦਾਰ ਕੁਲਜੀਤ ਸਿੰਘ ਨਾਗਰਾ ਜੀ, ਬੋਲੋ।

** ** Not recorded as ordered by the Chair.

ਸਰਦਾਰ ਕੁਲਜੀਤ ਸਿੰਘ ਨਾਗਰਾ: ਸਪੀਕਰ ਸਾਹਿਬ, ਧੰਨਵਾਦ ਜੀ। (ਵਿਘਨ,ਸ਼ੋਰ).......

WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਦਿਨੇਸ਼ ਸਿੰਘ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਮੈਂਬਰ, ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰਾਂ ਨੂੰ ਸਦਨ ਵਿਚੋਂ ਬਾਹਰ ਕੱਢਣ ਦੇ ਰੋਸ ਵਜੋਂ ਉਨ੍ਹਾਂ ਦੀ ਹਮਾਇਤ ਕਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ। ਇਸ ਸਮੇਂ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਅਤੇ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ।)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚੋਂ ਬਾਹਰ ਕੱਢੇ ਹੋਏ ਕੁਝ ਮੈਂਬਰ **** ਨਾਅਰੇ ਲਗਾਉਂਦੇ ਹੋਏ ਸਦਨ ਅੰਦਰ ਦਾਖਲ ਹੋਏ ਅਤੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਜਿਨ੍ਹਾਂ ਨੂੰ ਮਾਰਸ਼ਲਜ਼ ਨੇ ਦੁਬਾਰਾ ਬਾਹਰ ਕੱਢ ਦਿੱਤਾ । ਇਨ੍ਹਾਂ ਮੈਂਬਰਾਂ ਨੂੰ ਸਦਨ ਤੋਂ ਬਾਹਰ ਲਿਜਾਉਂਦੇ ਸਮੇਂ ਇਹ ਮੈਂਬਰ ਮਾਰਸ਼ਲਜ਼ ਨਾਲ ਧੱਕਾ-ਮੁੱਕੀ ਵੀ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਰਣਦੀਪ ਸਿੰਘ ਵਾਚ ਐਂਡ ਵਾਰਡ ਵਜੋਂ ਡਿਊਟੀ ਤੇ ਤੈਨਾਤ ਇੱਕ ਮਹਿਲਾ ਕਰਮਚਾਰੀ ਵੱਲ ਇਸ਼ਾਰਾ ਕਰਕੇ ਮਾਨਯੋਗ ਸਪੀਕਰ ਸਾਹਿਬ ਦੇ ਧਿਆਨ ਵਿਚ ਲਿਆ ਰਹੇ ਸਨ ਕਿ ਵੈੱਲ ਆਫ ਦਿ ਹਾਊਸ ਵਿੱਚ ਧੱਕਾ-ਮੁੱਕੀ ਦੌਰਾਨ ਉਸ ਮਹਿਲਾ ਕਰਮਚਾਰੀ ਦੇ ਆਮ ਆਦਮੀ ਪਾਰਟੀ ਦੇ ਕਿਸੇ ਮੈਂਬਰ ਨੇ ਮੁੱਕਾ ਮਾਰਿਆ ਹੈ।)

ਮਾਨਯੋਗ ਸਪੀਕਰ : ਉਹ ਵੱਖਰੀ ਕਾਰਵਾਈ ਕਰਾਂਗੇ। (ਵਿਘਨ, ਸ਼ੋਰ)

STARRED QUESTIONS AND ANSWERS (*Resumption*)

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਅਤੇ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਕ ਧਾਰਮਿਕ ਤੇ ਇਤਿਹਾਸਕ ਥਾਂ ਸ੍ਰੀ ਫਤਿਹਗੜ੍ਹ ਸਾਹਿਬ ਨੂੰ ਬੜਾ ਵੱਡਾ ਮਾਣ ਬਖ਼ਸ਼ਿਆ ਹੈ। ਸਰਕਾਰ ਦੀ ਨੀਤੀ ਤੇ ਨੀਅਤ ਇਸ ਗੱਲ ਤੋਂ ਜ਼ਾਹਿਰ ਹੁੰਦੀ ਹੈ ਕਿ ਉਸ ਸ਼ਹਾਦਤ ਵਾਲੀ ਧਰਤੀ ਨੂੰ ਇੰਨਾ ਵੱਡਾ ਸਨਮਾਨ ਦਿੱਤਾ ਹੈ। ਮੈਂ ਇਸ ਵਾਸਤੇ ਸਰਕਾਰ ਦਾ ਧੰਨਵਾਦ ਕਰਦਾ ਹਾਂ। ਮੈਂ ਮੰਤਰੀ ਸਾਹਿਬ ਤੋਂ ਸਿਰਫ ਇੱਕੋ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਇਸ ਨੂੰ ਕਿੰਨੇ ਸਮੇਂ ਦੇ ਵਿੱਚ, ਸਮਾਂਬੱਧ ਕਰਕੇ ਪੂਰਾ ਕਰ ਦਿੱਤਾ ਜਾਵੇਗਾ ?

**** Not recorded as ordered by the Chair.

ਸਥਾਨਕ ਸਰਕਾਰ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਫਿਲਹਾਲ ਤਾਂ ਫੰਡਜ਼ ਐਲੋਕੇਟ ਹੋਏ ਹਨ। ਕੇਂਦਰ ਸਰਕਾਰ ਤੋਂ ਸਵਦੇਸ਼ ਸਕੀਮ ਤਹਿਤ ਪਹਿਲਾਂ ਪੈਸੇ ਆਉਣਗੇ ਲੇਕਿਨ ਸਾਡੀ ਪ੍ਰਾਥਮਿਕਤਾ ਹੈ ਕਿ ਜਿੰਨਾ ਜਲਦੀ ਤੋਂ ਜਲਦੀ ਅਸੀਂ ਕਰ ਸਕਦੇ ਹਾਂ, ਉਹ ਕਰਾਂਗੇ। ਇਹ ਸਾਡੀ ਜ਼ਰੂਰਤ ਵੀ ਹੈ। ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਪਾਕ ਪਾਕੀਜ਼ਾ ਸਥਾਨ ਤੇ ਮੰਦਰ ਵੀ ਹੈ, ਮਸੀਤ ਵੀ ਹੈ ਅਤੇ ਗੁਰਦੁਆਰਾ ਵੀ ਹੈ। ਇਹ ਸਾਡੇ ਗੁਰੂਆਂ, ਪੀਰਾਂ ਅਤੇ ਪੈਗੰਬਰਾਂ ਦੀ ਵਿਚਾਰਧਾਰਾ ਹੈ।ਇਹ ਸਾਡੀ ਸੈਕੂਲਰ ਨੇਚਰ ਨੂੰ ਦਰਸਾਉਂਦੇ ਹਨ।ਸ੍ਰੀ ਦਰਬਾਰ ਸਾਹਿਬ ਦੇ ਚਾਰੇ ਦਰਵਾਜ਼ੇ ਚਾਰੇ ਦਿਸ਼ਾਵਾਂ ਲਈ ਖੁੱਲ੍ਹੇ ਹਨ। ਉਥੇ ਅਵਾਜ਼ ਗੂੰਜਦੀ ਹੈ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

ਸਰਬੱਤ ਦੇ ਭਲੇ ਦਾ ਇਸ ਤੋਂ ਵੱਡਾ ਪ੍ਰਤੀਕ ਨਹੀਂ ਹੋ ਸਕਦਾ। ਇਸ ਕਰਕੇ ਇਹ ਸਰਕਾਰ ਦੀ ਵੀ ਜ਼ਰੂਰਤ ਹੈ, ਪੰਜਾਬੀ ਸੂਬੇ ਦੀ ਵੀ ਜ਼ਰੂਰਤ ਹੈ। ਇਹ ਪੰਜਾਬ ਦਾ ਨਾਮ ਉੱਚਾ ਕਰਨ ਵਾਲਾ ਗੌਰਵਪੂਰਨ ਬਿਤਾਇਆ ਹੋਇਆ ਇਕ ਘੰਟਾ ਕੀਰਤੀ ਰਹਿਤ ਯੁੱਗਾਂ ਤੋਂ ਕਿਤੇ ਬਿਹਤਰ ਹੈ। ਸਾਡਾ ਇਤਿਹਾਸ ਗੌਰਵਪੂਰਨ ਹੈ । ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਇਹ ਬੇਟਨ ਪਾਸ ਕਰਨਾ ਹੈ ਔਰ ਉਨ੍ਹਾਂ ਨੂੰ ਜਤਾਉਣਾ ਹੈ ਕਿ ਉਨ੍ਹਾਂ ਦੀ ਪੱਗ ਗਿੱਠ ਗਿੱਠ ਉੱਚੀ ਹੋਵੇ।

ਸਰਦਾਰ ਕੁਲਜੀਤ ਸਿੰਘ ਨਾਗਰਾ : ਧੰਨਵਾਦ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 349

(ਸੰਬੰਧਿਤ ਮੈਂਬਰ ਨੂੰ ਨੇਮ ਕਰਨ ਉਪਰੰਤ ਸਦਨ ਵਿੱਚੋਂ ਬਾਹਰ ਕੱਢ ਦਿੱਤੇ ਜਾਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਬੈਰਾਜ ਆਊਸਟੀਜ਼ ਤਹਿਤ ਪੈਂਡਿੰਗ ਨੌਕਰੀ ਦੇ ਕੇਸ

*495. **ਸ਼੍ਰੀ ਦਿਨੇਸ਼ ਸਿੰਘ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬੈਰਾਜ ਆਊਸਟੀਜ਼ ਤਹਿਤ ਕਿੰਨੇ ਲੋਕਾਂ ਨੂੰ ਦਿੱਤੀ ਜਾਣ ਵਾਲੀ ਨੌਕਰੀ ਦੇ ਕੇਸ ਪੈਂਡਿੰਗ ਪਏ ਹਨ ਅਤੇ ਇਸ ਦੇ ਕੀ ਕਾਰਨ ਹਨ ਅਤੇ ਭਵਿੱਖ ਵਿੱਚ ਕਿੰਨੇ ਡੈਮ-ਆਊਸਟੀਜ਼ ਨੂੰ ਸਰਕਾਰ ਵੱਲੋਂ ਕਦੋਂ ਤੱਕ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਜਾਣਗੇ?

ਰਾਣਾ ਗੁਰਜੀਤ ਸਿੰਘ : ਹੁਣ ਤੱਕ ਯੋਗ ਪਾਏ ਗਏ ਬੈਰਾਜ ਦੇ 216 ਆਊਸਟੀਜ਼ ਨੂੰ ਨੌਕਰੀ ਮੁਹੱਈਆ ਕਰਵਾ ਦਿੱਤੀ ਗਈ ਹੈ । ਇਸ ਸਮੇਂ ਬੈਰਾਜ ਆਊਸਟੀਜ਼ ਦੇ 138 ਕੇਸ ਪੈਂਡਿੰਗ ਹਨ । ਇਹ ਕੇਸ ਜ਼ਮੀਨ/ਘਰਾਂ ਦੀ ਵੈਰੀਫਿਕੇਸ਼ਨ/ਰੀ-ਵੈਰੀਫਿਕੇਸ਼ਨ ਕਰਨ ਲਈ ਭੌਂ-ਪ੍ਰਾਪਤੀ ਅਫਸਰ, ਰਣਜੀਤ ਸਾਗਰ ਡੈਮ, ਸ਼ਾਹਪੁਰਕੰਡੀ ਟਾਊਨਸ਼ਿਪ ਦੇ ਦਫਤਰ ਵਿਖੇ ਪੈਂਡਿੰਗ ਹਨ । ਇਨ੍ਹਾਂ 138 ਕੇਸਾਂ ਵਿੱਚ ਵੈਰੀਫਿਕੇਸ਼ਨ/ਰੀ-ਵੈਰੀਫਿਕੇਸ਼ਨ ਪ੍ਰਾਪਤ ਹੋਣ ਉਪਰੰਤ ਪੁਨਰਵਾਸ ਤੇ ਮੁੜ ਵਸੇਬਾ ਪਾਲਿਸੀ ਅਧੀਨ ਯੋਗ ਪਾਏ ਜਾਣ ਵਾਲੇ ਆਊਸਟੀਜ਼ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਜਾਣਗੇ ।

ਸ਼੍ਰੀ ਦਿਨੇਸ਼ ਸਿੰਘ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜੇ 138 ਪੈਂਡਿੰਗ ਕੇਸ ਹਨ, ਇਨ੍ਹਾਂ ਦੀ ਵੈਰੀਫਿਕੇਸ਼ਨ ਪਿਛਲੇ 20 ਸਾਲਾਂ ਤੋਂ ਹੋ ਰਹੀ ਹੈ। 216 ਆਊਸਟੀਜ਼ ਨੂੰ ਨੌਕਰੀ ਦਿੱਤੀ ਗਈ ਹੈ ਪਰ ਜਿਹੜੇ ਕੇਸ ਪੈਂਡਿੰਗ ਹਨ ਉਨ੍ਹਾਂ ਦੀ ਵੈਰੀਫਿਕੇਸ਼ਨ ਦਾ ਮਸਲਾ ਇਹ ਹੈ ਕਿ ਇਹ ਜਗ੍ਹਾ ਨਹਿਰ ਦੀ ਐਕੁਵਾਇਰ ਹੋਈ ਹੈ। ਇਨ੍ਹਾਂ ਕੋਲੋਂ ਰੈਜ਼ੀਡੈਂਸ ਪਰੂਫ ਮੰਗੇ ਜਾਂਦੇ ਹਨ। ਹੁਣ ਨਹਿਰ ਵਿੱਚ ਤਾਂ ਕੋਈ ਰਹਿੰਦਾ ਨਹੀਂ। ਜਿਨ੍ਹਾਂ ਦੇ ਵੀ ਘਰ ਬਣੇ ਸਨ, ਉਹ ਨਹਿਰ ਦੇ ਉੱਪਰ ਬਣੇ ਹੋਏ ਸਨ। ਜਿਹੜੀ ਜਗ੍ਹਾ ਐਕੁਵਾਇਰ ਹੋਈ ਹੈ, ਉਥੇ ਘਰ ਸਨ। ਇੰਨੀ ਕੁ ਮੁਸ਼ਕਲ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ 20 ਸਾਲਾਂ ਤੋਂ ਉਜੜੇ ਹੋਏ ਹਨ, ਉਨ੍ਹਾਂ ਨੂੰ ਤੁਰੰਤ ਨੌਕਰੀ ਦਿੱਤੀ ਜਾਣੀ ਚਾਹੀਦੀ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸ਼ਾਹਪੁਰ ਕੰਡੀ ਡੈਮ ਬਣਾਉਣ ਲਈ ਪੰਜਾਬ ਦੇ 17 ਪਿੰਡਾਂ ਦੀ ਲਗਭੱਗ 1660 ਏਕੜ ਜ਼ਮੀਨ ਐਕੁਵਾਇਰ ਹੋਈ ਸੀ। ਇਸ ਨਾਲ ਬਹੁਤ ਭਾਰੀ ਪਾਪੂਲੇਸ਼ਨ ਡਿਸਲੋਕੇਟ ਹੋਈ ਹੈ। ਇਨ੍ਹਾਂ ਨੂੰ ਰੀਹੈਬਲੀਟੇਟ ਕਰਨ ਲਈ ਪਾਪੂਲੇਸ਼ਨ ਨੂੰ ਸੈਟਲ ਕਰਨ ਲਈ ਰੀਲੀਫ ਐਂਡ ਰੀਹੈਬਲੀਟੇਸ਼ਨ ਪਾਲਿਸੀ ਫਰੇਮ ਕੀਤੀ ਗਈ ਸੀ। ਇਸ ਪਾਲਿਸੀ ਵਿੱਚ ਜਿਹੜਾ ਵੀ ਕਰਾਈਟੇਰੀਆ ਲੇਅ ਡਾਊਨ ਕੀਤਾ ਗਿਆ ਸੀ, ਉਸ ਦਾ ਪਰਪਜ਼ ਸੀ ਕਿ ਉਨ੍ਹਾਂ ਲੈਂਡ-ਲੈੱਸ ਲੋਕਾਂ ਨੂੰ ਨੌਕਰੀ ਦਿੱਤੀ ਜਾਵੇ। ਹਰ ਪਰਿਵਾਰ ਦੇ ਇਕ ਮੈਂਬਰ ਨੂੰ ਕੁਆਲੀਫਿਕੇਸ਼ਨ ਦੇ ਹਿਸਾਬ ਨਾਲ ਵੈਕੰਸੀਆਂ ਦੀ ਅਵੇਲੇਬਿਲਟੀ ਦੇ ਮੱਦੇਨਜ਼ਰ ਨੌਕਰੀ ਦਿੱਤੀ ਜਾਵੇਗੀ। ਮੁੱਖ ਤੌਰ ਤੇ ਇਸ ਵਿੱਚ ਚਾਰ ਚੀਜ਼ਾਂ ਰੱਖੀਆਂ ਗਈਆਂ ਸਨ ਕਿ ਜਿਨ੍ਹਾਂ ਪਰਿਵਾਰਾਂ ਦਾ ਮਕਾਨ ਅਤੇ 50 ਫੀਸਦੀ ਜ਼ਮੀਨ ਐਕਵਾਇਰ ਹੋਈ ਹੈ ਤਾਂ ਨੌਕਰੀ ਦਿੱਤੀ ਜਾਵੇ। ਜੇਕਰ ਕਿਸੇ ਦਾ ਘਰ ਐਕਵਾਇਰ ਹੋਇਆ ਹੈ ਤਾਂ ਨੌਕਰੀ ਦਿੱਤੀ ਜਾਵੇ ਅਤੇ ਜਿਸ ਦੀ ਕੁੱਲ ਜ਼ਮੀਨ ਦਾ 75 ਫੀਸਦੀ ਹਿੱਸਾ ਐਕਵਾਇਰ ਹੋਇਆ, ਉਸ ਨੂੰ ਨੌਕਰੀ ਦਿੱਤੀ ਜਾਵੇ। ਇਸ ਵਾਸਤੇ ਰਣਜੀਤ ਸਾਗਰ ਡੈਮ ਉਸਾਰੀ ਬੋਰਡ ਦੀ ਸਟੈਂਡਿੰਗ ਕਮੇਟੀ ਨੇ ਕੁੱਲ 43 ਮੀਟਿੰਗਾਂ ਕੀਤੀਆਂ। ਮਿਤੀ 04.08.2000 ਦੀ ਮੀਟਿੰਗ ਵਿਚ ਆਈਟਮ ਨੰ: 42.3 ਵਿਚ ਫੈਸਲਾ ਲਿਆ ਗਿਆ ਕਿ ਯੋਗ ਆਊਸਟੀ ਪਰਿਵਾਰਾਂ ਦੇ ਇਕ ਮੈਂਬਰ ਨੂੰ ਘੱਟੋ ਘੱਟ ਦਰਜਾ ਚਾਰ ਨੌਕਰੀ ਦਿੱਤੀ ਜਾਵੇ । ਇਹ ਕਰਾਈਟੇਰੀਆ ਫਿਕਸ ਕੀਤਾ ਗਿਆ ਸੀ। ਇਸ ਤਹਿਤ 216 ਨੂੰ ਨੌਕਰੀ ਦੇ ਦਿੱਤੀ ਗਈ ਹੈ ਅਤੇ 138 ਦੀ ਹਾਲੇ ਛਾਣਬੀਣ ਚੱਲ ਰਹੀ ਹੈ। ਜਦੋਂ ਛਾਣਬੀਣ ਪੂਰੀ ਹੋ ਗਈ, ਰਿਪੋਰਟ ਆ ਗਈ ਤਾਂ ਨੌਕਰੀਆਂ ਦੇ ਦਿੱਤੀਆਂ ਜਾਣਗੀਆਂ।

ਸ਼੍ਰੀ ਦਿਨੇਸ਼ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰਿਆਂ ਨੂੰ ਫੋਰਥ ਕਲਾਸ ਨੌਕਰੀ ਦਿੱਤੀ ਗਈ ਹੈ। ਕੋਈ ਕੁਆਲੀਫਿਕੇਸ਼ਨ ਦਾ ਕਰਾਈਟੇਰੀਆ ਨਹੀਂ ਬਣਾਇਆ ਗਿਆ। ਇਹ ਸਾਰਿਆਂ ਦੀ ਜ਼ਮੀਨ ਨਹਿਰ ਵਾਸਤੇ ਲਈ ਗਈ ਹੈ। ਆਪਾਂ ਨੂੰ ਪਾਲਿਸੀ ਵਿੱਚ ਅਮੈਂਡਮੈਂਟ ਕਰਨ ਦੀ ਲੋੜ ਹੈ, ਇਸ ਵਿੱਚ ਤਾਂ ਕੋਈ ਮੁਸ਼ਕਲ ਨਹੀਂ ਹੈ। ਇਸ ਵਿੱਚ ਹਿਮਾਚਲ ਦਾ ਵੀ ਕੋਈ ਮਸਲਾ ਨਹੀਂ ਹੈ, ਹਿਮਾਚਲ ਦੇ ਲੋਕਾਂ ਨੂੰ ਵੀ ਇਸ ਵਿੱਚ ਨੌਕਰੀ ਦੇਣ ਦਾ ਕੋਈ ਮਸਲਾ ਨਹੀਂ ਹੈ। ਜੇ.ਐਂਡ.ਕੇ. ਦਾ ਵੀ ਕੋਈ ਮਸਲਾ ਨਹੀਂ ਹੈ। ਇਸ ਵਿੱਚ ਤਾਂ ਸਿਰਫ ਪੰਜਾਬ ਦੇ ਲੋਕਾਂ ਨੂੰ ਹੀ ਨੌਕਰੀਆਂ ਮਿਲਣੀਆਂ ਹਨ, ਜਿਹੜੇ ਕਿ ਉਜੜੇ ਲੋਕ ਹਨ। 20-20 ਸਾਲ ਤੋਂ ਲੋਕ ਧੱਕੇ ਖਾ ਰਹੇ ਹਨ। ਕੋਰਟਾਂ ਵਿੱਚ ਕੇਸ ਲੱਗੇ ਹੋਏ ਹਨ। ਪਿਛਲੀ ਸਰਕਾਰ ਵਿੱਚ ਵੀ ਕੋਰਟਾਂ ਦੇ ਆਰਡਰਾਂ ਨਾਲ ਹੀ ਨੌਕਰੀਆਂ ਮਿਲੀਆਂ ਹਨ। ਸਪੀਕਰ ਸਾਹਿਬ, ਬੇਨਤੀ ਹੈ ਕਿ ਇਹ 138 ਪਰਿਵਾਰ ਹਨ, ਇਨ੍ਹਾਂ ਨੂੰ ਜਲਦੀ ਤੋਂ ਜਲਦੀ ਪਾਲਿਸੀ ਚੇਂਜ ਕਰਕੇ ਨੌਕਰੀ ਦਿੱਤੀ ਜਾਵੇ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਅਵੇਲੇਬਿਲਟੀ ਹੈ, ਜਿਹੜਾ ਕੁਆਲੀਫਾਈਡ ਬੰਦਾ ਹੈ ਤੇ ਜਿਹੜੀ ਨੌਕਰੀ ਅਵੇਲੇਬਲ ਹੈ, ਉਹ ਦਿੱਤੀ ਜਾਣੀ ਸੀ ਔਰ ਜਿਨ੍ਹਾਂ ਲੋਕਾਂ ਦੇ ਘਰ ਚਲੇ ਗਏ, ਜੇ ਕੁਝ ਹੋਰ ਨਹੀਂ ਤਾਂ ਉਨ੍ਹਾਂ ਨੂੰ ਫੋਰਥ ਕਲਾਸ ਦੀ ਨੌਕਰੀ ਦਿੱਤੀ ਗਈ। ਜੇ ਤੁਸੀਂ ਚਾਹੁੰਦੇ ਹੋ ਕਿ ਇਹ ਕੰਮ ਜਲਦੀ ਹੋਣਾ ਚਾਹੀਦਾ ਹੈ ਤਾਂ ਤੁਸੀਂ ਮੇਰੇ ਚੈਂਬਰ ਵਿੱਚ ਆ ਜਾਣਾ। ਜਿਵੇਂ ਤੁਸੀਂ ਕਹੋਗੇ, ਬੈਠ ਕੇ ਦੇਖ ਲਵਾਂਗੇ ਕਿ ਇਸ ਵਿੱਚ ਕੀ ਹੋ ਸਕਦਾ ਹੈ ਤੇ ਕੀ ਸੰਭਵ ਹੈ।

WALK OUT

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਦਿਨੇਸ਼ ਸਿੰਘ, ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰਾਂ ਨੂੰ ਸਦਨ ਵਿੱਚੋਂ ਬਾਹਰ ਕੱਢਣ ਦੇ ਰੋਸ ਵਜੋਂ ਆਪਣੀ ਪਾਰਟੀ (ਭਾਰਤੀ ਜਨਤਾ ਪਾਰਟੀ) ਦਾ ਸਮਰਥਨ ਕਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ ।)

STARRED QUESTIONS AND ANSWERS (*Resumption*)

ਐਨ.ਆਰ.ਐਚ.ਐਮ. ਵਿੱਚ ਕੰਟਰੈਕਟ ਤੇ ਕੰਮ ਕਰ ਰਹੇ ਕਰਮਚਾਰੀਆਂ ਦੀ ਗਿਣਤੀ

*478. **ਸਰਦਾਰ ਬਲਬੀਰ ਸਿੰਘ ਸਿੱਧੂ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਹਤ ਵਿਭਾਗ ਦੇ ਐਨ.ਆਰ.ਐਚ.ਐਮ. ਵਿੱਚ ਕੰਟਰੈਕਟ ਤੇ ਪ੍ਰਕਿਓਰਮੈਂਟ ਵਿੱਚ ਕਿੰਨੇ ਕਰਮਚਾਰੀ ਕੰਮ ਕਰ ਰਹੇ ਹਨ ਤੇ ਇਨ੍ਹਾਂ ਨੂੰ ਕਿੰਨੀ ਤਨਖਾਹ ਦਿੱਤੀ ਜਾਂਦੀ ਹੈ ਅਤੇ ਕੀ ਇਨ੍ਹਾਂ ਨੂੰ ਮਾਸਿਕ ਤਨਖਾਹ ਤੋਂ ਇਲਾਵਾ ਕੋਈ ਹੋਰ ਵੀ ਭੱਤੇ ਦਿੱਤੇ ਜਾਂਦੇ ਹਨ ?

ਸ਼੍ਰੀ ਬ੍ਰਹਮ ਮਹਿੰਦਰਾ : ਸ਼੍ਰੀਮਾਨ ਜੀ, ਐਨ.ਆਰ.ਐਚ.ਐਮ. ਅਧੀਨ ਪ੍ਰਕਿਓਰਮੈਂਟ ਬਰਾਂਚ ਵਿੱਚ ਕਰਮਚਾਰੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :

ਲੜੀ ਨੰ.	ਕਰਮਚਾਰੀ ਦਾ ਨਾਂ	ਅਹੁਦਾ	ਮੌਜੂਦਾ ਤਨਖਾਹ	ਮਾਸਿਕ ਤਨਖਾਹ ਤੋਂ ਇਲਾਵਾ ਕੋਈ ਹੋਰ ਵੀ ਭੱਤੇ
1.	ਸ਼੍ਰੀ ਨੀਰਜ ਮਿੱਤਲ (ਠੇਕੇ ਤੇ)	ਮੈਨੇਜਰ ਪ੍ਰਕਿਓਰਮੈਂਟ	33708/- ਰੁਪਏ ਪ੍ਰਤੀ ਮਹੀਨਾ	ਨਹੀਂ ਜੀ
2.	ਸ਼੍ਰੀ ਸੁਖਚੈਨ ਸਿੰਘ (ਆਊਟਸੋਰਸ)	ਕੰਪਿਊਟਰ ਆਪਰੇਟਰ	11068.52/- ਰੁਪਏ ਪ੍ਰਤੀ ਮਹੀਨਾ	ਨਹੀਂ ਜੀ
3.	ਸ਼੍ਰੀ ਅਮਨਦੀਪ ਸਿੰਘ (ਆਊਟਸੋਰਸ)	ਕੰਪਿਊਟਰ ਆਪਰੇਟਰ	11068.52/- ਰੁਪਏ ਪ੍ਰਤੀ ਮਹੀਨਾ	ਨਹੀਂ ਜੀ
4.	ਸ਼੍ਰੀਮਤੀ ਪ੍ਰਿਆ ਮੈਨੀ (ਆਊਟਸੋਰਸ)	ਰਿਕਾਰਡ ਕੀਪਰ	11068.52/- ਰੁਪਏ ਪ੍ਰਤੀ ਮਹੀਨਾ	ਨਹੀਂ ਜੀ

ਸਰਦਾਰ ਬਲਬੀਰ ਸਿੰਘ ਸਿੱਧੂ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਇਸ ਜਵਾਬ ਤੋਂ ਸੰਤੁਸ਼ਟ ਨਹੀਂ ਹਾਂ। ਇੱਕ ਲਿਸਟ ਇਨ੍ਹਾਂ ਦੇ ਡਿਪਾਰਟਮੈਂਟ ਦੀ ਮੇਰੇ ਕੋਲ ਆਈ ਹੈ, ਜਿਸ ਵਿੱਚ ਬੜੀ ਡਿਸਪੈਰਿਟੀ ਹੈ। ਚਾਰ ਮੁਲਾਜ਼ਮ ਹਨ, ਜਿਨ੍ਹਾਂ ਵਿੱਚ ਸਿਮਰਜੀਤ ਕੌਰ ਦਾ ਸੇਮ ਕੇਡਰ, ਸੇਮ ਸਕੇਲ ਅਤੇ ਸੇਮ ਕੁਆਲੀਫਿਕੇਸ਼ਨ ਹੈ ਤੇ ਉਸ ਨੂੰ 21423/- ਰੁਪਏ ਮਿਲਦੇ ਹਨ, ਇੱਕ ਵੰਦਨਾ ਗਰਗ ਹੈ, ਉਸ ਨੂੰ 13651/- ਰੁਪਏ ਮਿਲਦੇ ਹਨ, ਇੱਕ ਸਤਵੰਤ ਕੌਰ ਹੈ ਉਸ ਨੂੰ 13651/- ਰੁਪਏ ਮਿਲਦੇ ਹਨ ਤੇ ਇੱਕ ਹੋਰ ਹੈ ਜਿਸ ਨੂੰ 18706/- ਰੁਪਏ ਮਿਲਦੇ ਹਨ। ਇਸ ਵਿੱਚ ਇੰਨੀ ਡਿਸਪੈਰਿਟੀ ਕਿਉਂ ਹੈ?

ਮੰਤਰੀ : ਸਪੀਕਰ ਸਾਹਿਬ, ਮੇਰੇ ਸਤਿਕਾਰਯੋਗ ਮੈਂਬਰ ਸਾਹਿਬ ਨੇ ਮੇਰਾ ਧਿਆਨ ਡਿਸਪੈਰਿਟੀ ਵੱਲ ਦਿਵਾਇਆ ਹੈ, I will certainly look into the matter.

ਸੁਲਤਾਨਪੁਰ ਲੋਧੀ ਵਿਖੇ ਫਾਇਰ ਬ੍ਰਿਗੇਡ ਸਥਾਪਿਤ ਕਰਨਾ

*281. **ਸਰਦਾਰ ਨਵਤੇਜ ਸਿੰਘ ਚੀਮਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਸੁਲਤਾਨਪੁਰ ਲੋਧੀ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਕੋਈ ਅੱਗ ਬੁਝਾਊ ਸਿਸਟਮ ਨਹੀਂ ਹੈ;

(ਅ) ਕੀ ਸਰਕਾਰ ਸੁਲਤਾਨਪੁਰ ਲੋਧੀ ਵਿਖੇ 24 ਘੰਟੇ ਉਪਲਬਧ ਰਹਿਣ ਵਾਲੇ ਅੱਗ ਬੁਝਾਊ ਸਿਸਟਮ (ਫਾਇਰ ਬ੍ਰਿਗੇਡ) ਸਥਾਪਿਤ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਨਵਜੋਤ ਸਿੰਘ ਸਿੱਧੂ : (ੳ) ਨਹੀਂ ਜੀ। (ਅ) ਨਗਰ ਕੌਂਸਲ ਸੁਲਤਾਨਪੁਰ ਲੋਧੀ ਦੀ ਹੱਦ ਤੋਂ 27 ਕਿਲੋਮੀਟਰ ਦੀ ਦੂਰੀ ਤੇ ਕਪੂਰਥਲਾ ਵਿਖੇ ਫਾਇਰ ਸਟੇਸ਼ਨ ਸਥਾਪਿਤ ਹੈ, ਲੋੜ ਪੈਣ ਤੇ ਉਕਤ ਫਾਇਰ ਸਟੇਸ਼ਨ ਤੋਂ ਗੱਡੀਆਂ ਮੰਗਵਾਈਆਂ ਜਾਂਦੀਆਂ ਹਨ। ਸੁਲਤਾਨਪੁਰ ਲੋਧੀ ਵਿਖੇ ਫਾਇਰ ਸਟੇਸ਼ਨ ਸਥਾਪਤ ਕਰਨ ਸਬੰਧੀ ਜਦੋਂ ਵੀ ਤਜਵੀਜ਼ ਪ੍ਰਾਪਤ ਹੋਵੇਗੀ ਤਾਂ ਉਸ ਨੂੰ ਨਿਰਧਾਰਤ ਕੀਤੇ ਗਏ ਨਾਰਮ ਅਨੁਸਾਰ ਵਾਚ ਲਿਆ ਜਾਵੇਗਾ।

ਸਰਦਾਰ ਨਵਤੇਜ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਕਪੂਰਥਲੇ ਵਿੱਚ 27 ਕਿਲੋਮੀਟਰ ਦੂਰ ਫਾਇਰ ਸਟੇਸ਼ਨ ਹੈ ਤੇ ਹਰ ਸਾਲ ਕਣਕਾਂ ਦੇ ਸੀਜ਼ਨ ਵਿੱਚ ਜਦੋਂ ਅੱਗਾਂ ਲੱਗਦੀਆਂ ਹਨ ਤਾਂ 4-4 ਘੰਟੇ ਬਾਅਦ ਫਾਇਰ ਬ੍ਰਿਗੇਡ ਆਉਂਦੀ ਹੈ। ਸਪੀਕਰ ਸਾਹਿਬ, ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧਰਤੀ ਹੈ ਤੇ ਲੱਖਾਂ ਹੀ ਲੋਕ ਇਥੇ ਆਉਂਦੇ ਹਨ ਅਤੇ ਇਸ ਜਗ੍ਹਾ ਤੇ ਇੱਕ ਫਾਇਰ ਸਟੇਸ਼ਨ ਹੋਣਾ ਚਾਹੀਦਾ ਹੈ। ਪਿਛਲੀਆਂ ਸਰਕਾਰਾਂ ਨੇ ਤਾਂ ਨਹੀਂ ਸੋਚਿਆ ਪਰ ਤੁਹਾਡੇ ਤੋਂ ਸਾਨੂੰ ਬਹੁਤ ਉਮੀਦ ਹੈ। ਮੰਤਰੀ ਜੀ ਬੜੇ ਵਧੀਆ ਤਰੀਕੇ ਨਾਲ ਮਹਿਕਮਾ ਚਲਾ ਰਹੇ ਹਨ। 550 ਸਾਲਾ ਗੁਰਪੁਰਬ ਵੀ ਆ ਰਿਹਾ ਹੈ। ਸੀ.ਐਮ. ਸਾਹਿਬ ਨੇ ਵੀ ਕਿਹਾ ਹੈ ਕਿ ਅਸੀਂ ਰਾਜ ਪੱਧਰੀ ਸਮਾਗਮ ਬੜੇ ਵਧੀਆ ਤਰੀਕੇ ਨਾਲ ਮਨਾਵਾਂਗੇ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਥੇ ਜ਼ਰੂਰ ਫਾਇਰ ਸਟੇਸ਼ਨ ਹੋਣਾ ਚਾਹੀਦਾ ਹੈ।

ਮੰਤਰੀ : ਮਾਨਯੋਗ ਮੈਂਬਰ ਸਾਹਿਬ, ਤੁਸੀਂ ਬੜਾ ਅਹਿਮ ਮੁੱਦਾ ਉਠਾਇਆ ਹੈ। ਤੁਹਾਡੇ ਸਵਾਲ ਦਾ ਜਵਾਬ ਮੈਂ ਇਹ ਹੀ ਦੇ ਸਕਦਾ ਹਾਂ ਕਿ ਇਹ ਭਾਰਤ ਸਰਕਾਰ ਦੀ ਨੋਟੀਫਿਕੇਸ਼ਨ ਹੈ । ਪੱਤਰ ਨੰਬਰ 14028/26, ਇਹ 2006 ਵਿੱਚ recommendations of the Standing Fire Advisory Council for opening of a Fire Station. ਇਸ ਵਿੱਚ ਜਿਹੜੀ ਜਗ੍ਹਾ ਦੀ ਪਾਪੂਲੇਸ਼ਨ ਹੈ, ਉਹ 50 ਹਜ਼ਾਰ ਹੋਣੀ ਚਾਹੀਦੀ ਹੈ ਤਾਂ ਉਥੇ ਫਾਇਰ ਸਟੇਸ਼ਨ ਦੇ ਸਕਦੇ ਹਾਂ। ਸੁਲਤਾਨਪੁਰ ਲੋਧੀ ਦੀ ਪਾਪੂਲੇਸ਼ਨ ਜਿਹੜੀ ਹੈ, ਉਹ 2011 ਦੇ ਅੰਕੜਿਆਂ ਅਨੁਸਾਰ 16000 ਹੈ । ਜੇਕਰ ਅੱਜ ਵੀ ਅਸੀਂ ਉਥੇ ਫਾਇਰ ਸਟੇਸ਼ਨ ਲਗਾਈਏ ਤਾਂ ਇਹ ਅੱਧੀ ਅਬਾਦੀ ਵੀ ਨਹੀਂ ਬਣਦੀ। ਇਸ ਨਾਰਮ ਦੇ ਅਧੀਨ ਸੁਲਤਾਨਪੁਰ ਲੋਧੀ ਨਹੀਂ ਆਉਂਦਾ ਲੇਕਿਨ ਸਾਡੇ ਚੀਫ ਮਨਿਸਟਰ ਸਾਹਿਬ ਬਹੁਤ ਦਾਨਿਸ਼ਮੰਦ ਹਨ, ਉਨ੍ਹਾਂ ਨੇ ਮੈਨੂੰ ਹਦਾਇਤ ਦਿੱਤੀ ਹੈ, ਕਿਹਾ ਹੈ ਕਿ ਨਵਜੋਤ ਸਾਡੇ ਪਿੱਛੇ 15 ਮਿੰਟ ਵਿੱਚ ਆ ਜਾਂਦਾ ਹੈ ਅਤੇ ਜਦੋਂ ਕਿਸਾਨਾਂ ਦੀਆਂ ਫਸਲਾਂ ਫੁਕਦੀਆਂ ਹਨ ਤਾਂ ਪੰਜ-ਪੰਜ ਘੰਟਿਆਂ ਬਾਅਦ ਫਾਇਰ ਬ੍ਰਿਗੇਡ ਆਉਂਦੀ ਹੈ, ਇਹ ਨਹੀਂ ਹੋਣਾ ਚਾਹੀਦਾ। ਮੈਨੂੰ ਇਸ ਦਾ ਸਲਿਊਸ਼ਨ ਦਿਉ। ਮੈਂ ਚੀਫ ਮਨਿਸਟਰ ਸਾਹਿਬ ਨੂੰ ਆਪਣੇ ਮਹਿਕਮੇ ਵਿੱਚ ਬੁਲਾਇਆ ਸੀ ਅਤੇ ਉਹ ਉਥੇ ਡੇਢ ਘੰਟਾ ਬੈਠੇ ਰਹੇ। ਉਥੇ ਉਹ ਮੈਨੂੰ ਹਦਾਇਤ ਦੇ ਕੇ ਗਏ ਹਨ ਕਿ ਫਾਇਰ ਦਾ ਡਾਇਰੈਕਟੋਰੇਟ ਬਣਾਉ। ਅਸੀਂ 45 ਕਰੋੜ ਰੁਪਏ ਲਗਾ ਕੇ ਫਾਇਰ ਦਾ ਡਾਇਰੈਕਟੋਰੇਟ ਬਣਾ ਰਹੇ ਹਾਂ (ਥੰਪਿੰਗ) ਤੁਹਾਡੀਆਂ ਹਰ ਮੰਗਾਂ ਨੂੰ ਪੂਰਾ ਕਰਾਂਗੇ। ਮੈਂ ਤੁਹਾਨੂੰ ਇਹ ਸੀ.ਐਮ. ਸਾਹਿਬ ਦੀ ਹਦਾਇਤ ਦੇ ਤਹਿਤ ਕਹਿ ਰਿਹਾ ਹਾਂ ਕਿ ਜਦੋਂ ਵੀ ਫਾਇਰ ਦਾ ਡਾਇਰੈਕਟੋਰੇਟ ਬਣਦਾ ਹੈ, ਮੈਂ ਆਪ ਸੀ.ਐਮ. ਸਾਹਿਬ ਕੋਲ ਤੁਹਾਨੂੰ ਲੈ ਕੇ ਜਾਵਾਂਗਾ ਅਤੇ ਤੁਹਾਡੀ ਹਰ ਮੰਗ ਨੂੰ ਪੂਰਾ ਕਰਾਂਗੇ।

[ਸਥਾਨਕ ਸਰਕਾਰ ਮੰਤਰੀ]

ਦੂਜੀ ਗੱਲ, ਇਹ ਉਹ ਪਾਕੀਜ਼ਾ ਜਗ੍ਹਾ ਹੈ ਜਿਹੜੀ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਜੁੜੀ ਹੈ। ਜਿਸ ਨੇ ਸਾਡੀਆਂ ਸਾਰਿਆਂ ਦੀਆਂ ਝੋਲੀਆਂ ਭਰੀਆਂ ਹਨ, ਉਸ ਜਗ੍ਹਾ ਨੂੰ ਅਸੀਂ ਨਹੀਂ ਉਸਾਰਾਂਗੇ ਤਾਂ ਇਹ ਮੰਤਰੀ ਪਦ ਕਿਸ ਕੰਮ ਦੇ ਹਨ? (ਥੰਪਿੰਗ) ਇਸ ਕਰਕੇ ਤੁਹਾਨੂੰ ਆਸ਼ਵਾਸਨ ਦਿੰਦੇ ਹਾਂ ਕਿ ਜ਼ਰੂਰ ਕਰਕੇ ਦਿਆਂਗੇ।

ਸਰਦਾਰ ਨਵਤੇਜ ਸਿੰਘ ਚੀਮਾ : ਧੰਨਵਾਦ ਜੀ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮਾਨਯੋਗ ਵਜ਼ੀਰ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਗੌਰਮਿੰਟ ਆਫ ਇੰਡੀਆ ਦੀ 2006 ਦੀ ਨੋਟੀਫਿਕੇਸ਼ਨ ਹੋਈ ਹੈ ਅਤੇ ਇਨ੍ਹਾਂ ਨੂੰ ਸਿੱਖ ਕੌਮ ਬਾਰੇ ਜਾਗਰਤੀ ਹੈ ਕਿਉਂਕਿ ਬਾਬਾ ਨਾਨਕ ਜੀ ਦਾ ਕਿਰਤ ਸਥਾਨ ਸੀ। ਦੂਜੀ ਗੱਲ ਨਾਭਾ ਸ਼ਹਿਰ ਹੈ ਜਿਸ ਦੀ ਆਬਾਦੀ ਲਗਭਗ 70 ਹਜ਼ਾਰ ਹੈ। ਹੈਰਾਨੀ ਦੀ ਗੱਲ ਹੈ ਕਿ ਇਸੇ ਹੀ ਸਦਨ ਵਿੱਚ ਸਾਬਕਾ ਮੁੱਖ ਮੰਤਰੀ ਸਾਹਿਬ ਨੇ 2009 ਵਿੱਚ ਐਸ਼ਿਓਰੈਂਸ ਦਿੱਤੀ ਸੀ....

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ.....

ਸਰਦਾਰ ਰਣਦੀਪ ਸਿੰਘ : ਮੈਨੂੰ ਗੱਲ ਕਰ ਲੈਣ ਦਿਉ, ਪਲੀਜ਼ ।

ਮਾਨਯੋਗ ਸਪੀਕਰ : ਕੁਐਸਚਨ ਆਵਰ ਚੱਲ ਰਿਹਾ ਹੈ। (ਵਿਘਨ) (ਸ਼ੋਰ)

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿਉਂਕਿ ਉਥੇ ਬੰਬ ਰੱਖਿਆ ਗਿਆ ਸੀ ਜਿਹੜਾ ਕਿ ਪੁਲਿਸ ਮਹਿਕਮੇ ਨੇ ਡਿਫਿਊਜ਼ ਕੀਤਾ। ਨਹੀਂ ਤਾਂ ਉਥੇ ਤਬਾਹੀ ਮਚ ਜਾਣੀ ਸੀ। ਨਾਭਾ ਸ਼ਹਿਰ ਉਹ ਸ਼ਹਿਰ ਹੈ....

ਮਾਨਯੋਗ ਸਪੀਕਰ : ਤੁਸੀਂ ਕੁਐਸਚਨ ਪੁੱਛੋ ਪਲੀਜ਼।

ਸਰਦਾਰ ਰਣਦੀਪ ਸਿੰਘ : ਇੱਕ ਮਿੰਟ ਜੀ। ਇਹ ਨਾਭਾ ਰਿਆਸਤ ਦਾ ਉਹ ਸ਼ਹਿਰ ਹੈ ਜਿਸ ਨੇ ਸਿੱਖ ਕੌਮ ਦੇ ਇਤਿਹਾਸ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਮਹਾਨ ਕੋਸ਼ ਗੁਰਮੁਖੀ ਵਿੱਚ ਲਿਖਿਆ ਸੀ। ਮੇਰੀ ਤੁਹਾਡੇ ਮਾਧਿਅਮ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਗੁਜ਼ਾਰਿਸ਼ ਹੈ....

ਮਾਨਯੋਗ ਸਪੀਕਰ : ਗੁਜ਼ਾਰਿਸ਼ ਨਹੀਂ, ਸਵਾਲ ਪੁੱਛੋ।

ਸਰਦਾਰ ਰਣਦੀਪ ਸਿੰਘ : ਮੇਰੀ ਬੇਨਤੀ ਹੈ ਕਿ ਘੱਟ ਤੋਂ ਘੱਟ ਨਾਭਾ ਦਾ ਫਾਇਰ ਬ੍ਰਿਗੇਡ ਜੋ ਪਿਛਲੇ ਮੁੱਖ ਮੰਤਰੀ ਸਾਹਿਬ ਨੇ ਮੁਕੰਮਲ ਨਹੀਂ ਕੀਤਾ, ਤੁਸੀਂ ਇਹ ਜ਼ਰੂਰ ਮੁਕੰਮਲ ਕਰ ਦਿਉ।

ਮਾਨਯੋਗ ਸਪੀਕਰ : ਇਸ ਦਾ ਵੱਖਰਾ ਸਵਾਲ ਆਉਣਾ ਚਾਹੀਦਾ ਸੀ ਪਰ ਮੰਤਰੀ ਜੀ, ਤੁਸੀਂ ਜਵਾਬ ਦੇ ਦਿਉ।

ਮੰਤਰੀ : ਮੈਂ ਜਵਾਬ ਦਿੰਦਾ ਹਾਂ ਜੀ। ਇਸ ਤਰ੍ਹਾਂ ਹੈ ਕਿ ਕਰੀਬ-ਕਰੀਬ 550 ਫਾਇਰ ਬ੍ਰਿਗੇਡਾਂ ਸਾਨੂੰ ਚਾਹੀਦੀਆਂ ਹਨ। ਸਾਡੇ ਕੋਲ ਸਿਰਫ 150 ਦੇ ਕਰੀਬ ਹਨ, ਉਸ ਵਿੱਚੋਂ ਕਰੀਬ-ਕਰੀਬ 100 ਫਾਇਰ ਬ੍ਰਿਗੇਡਾਂ ਆਊਟ ਡੇਟਿਡ ਹਨ। ਪਿਛਲੀ ਵਾਰ ਸੈਂਟਰ ਦੀ ਸਰਕਾਰ ਤੋਂ ਡਿਜ਼ਾਸਟਰ ਮੈਨੇਜਮੈਂਟ ਤੋਂ ਗਰਾਂਟ ਇਨ ਏਡ ਆਈ ਸੀ ਜਿਸ ਵਿੱਚ ਸਰਕਾਰ

ਨੂੰ ਪੰਜੀ ਪਾਉਣ ਦੀ ਵੀ ਲੋੜ ਨਹੀਂ ਸੀ ਲੇਕਿਨ ਬਦਕਿਸਮਤੀ ਨਾਲ ਉਸ ਵਿੱਚੋਂ ਸਿਰਫ 17 ਕਰੋੜ ਹੀ ਵਰਤੇ ਗਏ ਅਤੇ ਛੋਟੀਆਂ ਫਾਇਰ ਬ੍ਰਿਗੇਡ ਦੀਆਂ ਮਸ਼ੀਨਾਂ ਲਈਆਂ ਗਈਆਂ, ਜਿਸ ਵਿੱਚ ਪੌੜੀ ਵੀ ਨਹੀਂ ਹੈ। ਅੱਜ ਕੱਲ੍ਹ ਬਿਲਡਿੰਗਾਂ ਵੀ ਉਚੀਆਂ ਹਨ। ਇਸ ਕਰਕੇ ਉਹ ਗਰਾਂਟ ਵਾਪਸ ਚਲੀ ਗਈ। ਲੇਕਿਨ ਅਸੀਂ ਫਿਰ ਡਿਜ਼ਾਸਟਰ ਮੈਨੇਜਮੈਂਟ ਵਿੱਚ ਡਿਮਾਂਡ ਰੱਖੀ ਹੈ, ਉਹ ਗਰਾਂਟ ਆਵੇਗੀ। ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਐਸ਼ਿਓਰੈਂਸ ਦਿੰਦਾ ਹਾਂ ਕਿ ਇਹ ਜਿਹੜੀਆਂ 50 ਫਾਇਰ ਬ੍ਰਿਗੇਡਾਂ ਹਨ, ਇਨ੍ਹਾਂ ਨੂੰ ਅਸੀਂ ਤੁਹਾਨੂੰ 500 ਵਿੱਚ ਤਬਦੀਲ ਕਰਕੇ ਦਿਆਂਗੇ। (ਥੰਪਿੰਗ)

ਸਰਦਾਰ ਸੁਖਬੀਰ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਹਾਂ ਜੀ, ਸੁਖਬੀਰ ਸਿੰਘ ਬਾਦਲ ਜੀ, ਕੋਈ ਸਪਲੀਮੈਂਟਰੀ?

ਸਰਦਾਰ ਸੁਖਬੀਰ ਸਿੰਘ ਬਾਦਲ : ਨਹੀਂ ਜੀ। ਸਪੀਕਰ ਸਾਹਿਬ, ਇਹ ਵਿਧਾਨ ਸਭਾ ਹੈ......

ਮਾਨਯੋਗ ਸਪੀਕਰ : ਇਹ ਮੁੱਕ ਲੈਣ ਦਿੰਦੇ।

ਸਰਦਾਰ ਸੁਖਬੀਰ ਸਿੰਘ ਬਾਦਲ : ਇੱਥੇ ਐਮ.ਐਲ.ਏਜ਼. ਨੂੰ ਪ੍ਰੋਟੈਸਟ ਕਰਨ ਦਾ ਰਾਈਟ ਹੈ। ਸਪੀਕਰ ਸਾਹਿਬ, ** **

ਮਾਨਯੋਗ ਸਪੀਕਰ : ਤੁਸੀਂ ਕੋਈ ਹੋਰ ਗੱਲ ਕਰਨੀ ਹੈ।

ਸਰਦਾਰ ਸੁਖਬੀਰ ਸਿੰਘ ਬਾਦਲ : ਇੱਥੇ ਇਲੈਕਟਿਡ ਰਿਪ੍ਰੈਜ਼ੈਂਟੇਟਿਵਜ਼ ਆਉਂਦੇ ਹਨ। (ਵਿਘਨ) (ਸ਼ੋਰ) ਸਪੀਕਰ ਸਾਹਿਬ, ** **

ਮਾਨਯੋਗ ਸਪੀਕਰ : ਚਲੋ, ਪਲੀਜ਼ ਬੈਠੋ। (ਵਿਘਨ) (ਸ਼ੋਰ) ਸਰਦਾਰ ਬਰਿੰਦਰਮੀਤ ਸਿੰਘ ਪਾਹੜਾ.....(ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸਦਨ ਵਿੱਚੋਂ ਬਾਹਰ ਕੱਢਣ ਦੇ ਰੋਸ ਵਜੋਂ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

** ** Not recorded as ordered by the Chair.

ਬਲਾਕ ਗੁਰਦਾਸਪੁਰ ਦੇ ਪਿੰਡਾਂ ਵਿੱਚ 5-5 ਮਰਲੇ ਦੇ ਪਲਾਟਾਂ ਦੀ ਵੰਡ

***387. ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਲਾਕ ਗੁਰਦਾਸਪੁਰ ਦੇ ਵੱਖ-ਵੱਖ ਪਿੰਡਾਂ ਵਿੱਚ 5-5 ਮਰਲੇ ਦੇ ਪਲਾਟਾਂ ਦੀ ਵੰਡ ਕੀਤੀ ਗਈ; ਜੇਕਰ ਅਜਿਹਾ ਹੋਵੇ ਤਾਂ ਕੀ ਕੋਈ ਨਜਾਇਜ਼ ਲੋਕਾਂ ਨੂੰ ਵੀ ਇਹ ਪਲਾਟ ਦਿੱਤੇ ਗਏ, ਜਦੋਂ ਕਿ ਲੋੜਵੰਦ ਲੋਕ ਇਨ੍ਹਾਂ ਤੋਂ ਵਾਂਝੇ ਰਹਿ ਗਏ; ਜੇਕਰ ਹਾਂ ਤਾਂ ਕੀ ਸਰਕਾਰ ਇਸ ਮਾਮਲੇ ਦੀ ਪੜਤਾਲ ਕਰਵਾਉਣ ਤੇ ਕੋਈ ਵਿਚਾਰ ਕਰ ਰਹੀ ਹੈ ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ : ਸ਼੍ਰੀਮਾਨ ਜੀ, ਹਾਂ ਜੀ । ਡਿਪਟੀ ਕਮਿਸ਼ਨਰ, ਗੁਰਦਾਸਪੁਰ ਦੇ ਪੱਤਰ ਮਿਤੀ 25.5.2017 ਰਾਹੀਂ ਇਸ ਮਾਮਲੇ ਦੀ ਪੜਤਾਲ ਕਰਨ ਲਈ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਬਤੌਰ ਮੈਂਬਰ ਸਕੱਤਰ, ਸੰਬੰਧਿਤ ਨਾਇਬ ਤਹਿਸੀਲਦਾਰ ਬਤੌਰ ਮੈਂਬਰ, ਸੰਬੰਧਿਤ ਤਹਿਸੀਲ ਭਲਾਈ ਅਫਸਰ ਬਤੌਰ ਮੈਂਬਰ ਪੜਤਾਲ ਕਰ ਰਹੇ ਹਨ । (ਵਿਘਨ) (ਸ਼ੋਰ)

ਸਰਦਾਰ ਬਰਿੰਦਰਮੀਤ ਸਿੰਘ ਪਾਹੜਾ : ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ....

ਮਾਨਯੋਗ ਸਪੀਕਰ : ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

ਸਰਦਾਰ ਬਰਿੰਦਰਮੀਤ ਸਿੰਘ ਪਾਹੜਾ : ਪਿਛਲੀ ਸਰਕਾਰ ਦੇ ਦੌਰਾਨ ਪੰਜ-ਪੰਜ ਮਰਲੇ ਦੇ ਪਲਾਟ ਕੱਟੇ ਗਏ ਸਨ, ਉਨ੍ਹਾਂ ਦੇ ਮੁਤਲਕ ਲੋਕਾਂ ਵੱਲੋਂ ਮੈਨੂੰ ਐਫੀਡੈਵਿਟ ਦਿੱਤੇ ਗਏ ਹਨ........... (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਬੈਠੋ, ਬੈਠੋ, ਬੈਠੋ।

ਸਰਦਾਰ ਬਰਿੰਦਰਮੀਤ ਸਿੰਘ ਪਾਹੜਾ : ਉਸ ਸਮੇਂ ਜਿਹੜੇ ਵਿਧਾਇਕ ਸਨ, ਉਨ੍ਹਾਂ ਨੇ 60,000/- ਰੁਪਏ ਲੈ ਕੇ ਪਲਾਟ ਦਿੱਤੇ ਹਨ ਤੇ ਮੇਰੇ ਕੋਲ ਲੋਕਾਂ ਦੇ ਐਫੀਡੈਵਿਟ ਮੌਜੂਦ ਹਨ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਲਈ ਜਿਹੜੇ ਵਿਧਾਇਕ ਜ਼ਿੰਮੇਵਾਰ ਹਨ, ਉਨ੍ਹਾਂ ਨੂੰ ਬਖਸ਼ਿਆ ਨਾ ਜਾਵੇ। (ਵਿਘਨ, ਸ਼ੋਰ) ....

ਮਾਨਯੋਗ ਸਪੀਕਰ : ਤੁਸੀਂ ਪ੍ਰਸ਼ਨ ਕਾਲ ਤੋਂ ਬਾਅਦ ਗੱਲ ਕਰਨਾ। (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਿਤ ਕਰਦੇ ਹੋਏ)

ਮੰਤਰੀ : ਸਪੀਕਰ ਸਾਹਿਬ, ਪਾਹੜਾ ਸਾਹਿਬ ਨੂੰ ਪਤਾ ਹੀ ਹੈ ਕਿ ਡੀ.ਸੀ. ਸਾਹਿਬ ਇਸ ਸਬੰਧੀ ਇਨਕੁਆਰੀ ਕਰ ਰਹੇ ਹਨ ਤੇ ਜਿਹੜੇ ਤੁਹਾਡੇ ਕੋਲ ਐਫੀਡੈਵਿਟ ਹਨ, ਉਹ ਉਨ੍ਹਾਂ ਕੋਲ ਪਹੁੰਚਾ ਦਿਓ ਤੇ ਜਿਹੜਾ ਵੀ ਦੋਸ਼ੀ ਹੋਵੇਗਾ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। (ਵਿਘਨ, ਸ਼ੋਰ)

**Not recorded as ordered by the Chair.

ਹੈਪੇਟਾਈਟਸ-ਬੀ ਅਤੇ ਸੀ ਦੀ ਰੋਕਥਾਮ

*363. **ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ)** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਸਰਕਾਰ ਵਿਧਾਨ ਸਭਾ ਹਲਕਾ ਗਿੱਲ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਵਿੱਚ 60 ਤੋਂ 70 ਦੇ ਕਰੀਬ ਹੈਪੇਟਾਈਟੱਸ-ਸੀ ਦੇ ਮਰੀਜ਼ਾਂ ਦੇ ਇਲਾਜ ਅਤੇ ਸਹੂਲਤਾਂ ਲਈ ਕੀ ਉਪਰਾਲੇ ਕਰ ਰਹੀ ਹੈ;

(ਅ) ਕੀ ਹੈਪੇਟਾਈਟਸ-ਬੀ ਅਤੇ ਹੈਪੇਟਾਈਟਸ-ਸੀ ਦੀ ਰੋਕਥਾਮ ਲਈ ਸਰਕਾਰ ਵੱਲੋਂ ਕੋਈ ਉਪਰਾਲੇ ਕੀਤੇ ਜਾ ਰਹੇ ਹਨ ?

ਸ਼੍ਰੀ ਬ੍ਰਹਮ ਮਹਿੰਦਰਾ : ਸ਼੍ਰੀਮਾਨ ਜੀ, (ੳ) ਵਿਧਾਨ ਸਭਾ ਹਲਕਾ ਗਿੱਲ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਵਿੱਚ 60 ਤੋਂ 70 ਦੇ ਕਰੀਬ ਹੈਪੇਟਾਈਟਸ-ਸੀ ਦੇ ਮਰੀਜ਼ਾਂ ਦੀ ਮੁਢਲੀ ਜਾਂਚ ਅਤੇ ਇਲਾਜ ਲਈ ਦਵਾਈਆਂ ਮੁਫਤ ਜ਼ਿਲ੍ਹਾ ਹਸਪਤਾਲ, ਲੁਧਿਆਣਾ ਵਿਖੇ ਦਿੱਤੀਆਂ ਜਾ ਰਹੀਆਂ ਹਨ । ਇਸ ਦੇ ਨਾਲ ਹੀ ਚੈੱਕ ਅੱਪ ਅਤੇ ਸਕਰੀਨਿੰਗ ਵਾਸਤੇ ਅਲਾਈਜ਼ਾ ਟੈਸਟ ਵੀ ਮੁਫਤ ਕੀਤਾ ਜਾਂਦਾ ਹੈ ।

(ਅ) ਅਸੁਰੱਖਿਅਤ ਟੀਕਿਆਂ ਦੇ ਇਸਤੇਮਾਲ ਨਾਲ ਹੋਣ ਵਾਲੀਆਂ ਛੂਤ ਦੀਆਂ ਬਿਮਾਰੀਆਂ ਹੈਪੇਟਾਈਟਸ-ਬੀ ਅਤੇ ਸੀ ਦੀ ਰੋਕਥਾਮ ਲਈ "ਇੰਜੈਕਸ਼ਨ ਸੇਫਟੀ ਪ੍ਰੋਗਰਾਮ" ਲਾਗੂ ਕੀਤਾ ਜਾ ਰਿਹਾ ਹੈ । ਸਰਿੰਜਾਂ ਦਾ ਸੁਰੱਖਿਅਤ ਅਤੇ ਸਹੀ ਇਸਤੇਮਾਲ ਕਰਨ ਅਤੇ ਵਰਤੀਆਂ ਗਈਆਂ ਸੂਈਆਂ ਦੀ ਮੁੜ ਵਰਤੋਂ ਨਾ ਕਰਨ ਬਾਰੇ ਮੈਡੀਕਲ ਅਤੇ ਪੈਰ੍ਹਾ ਮੈਡੀਕਲ ਸਟਾਫ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ । ਹੈਪੇਟਾਈਟਸ-ਬੀ ਅਤੇ ਹੈਪੇਟਾਈਟਸ-ਸੀ ਦੀ ਰੋਕਥਾਮ ਲਈ ਅਖਬਾਰਾਂ ਵਿੱਚ ਵਿਗਿਆਪਨ ਦੇ ਕੇ ਲੋਕਾਂ ਵਿੱਚ ਪੈਂਫਲੇਟ ਵੰਡ ਕੇ, ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਸਮੇਂ ਸਮੇਂ ਸਿਰ ਜਾਗਰੂਕ ਕੀਤਾ ਜਾਂਦਾ ਹੈ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸਦਨ ਵਿੱਚੋਂ ਬਾਹਰ ਕੱਢਣ ਦੇ ਰੋਸ ਵਜੋਂ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਬੈਠੋ, ਬੈਠੋ, ਪਲੀਜ਼ ਬੈਠੋ।

** ** Not recorded as ordered by the Chair.

ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਿਹਤ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਗਿੱਲ ਹਲਕੇ ਵਿੱਚ ਲੁਧਿਆਣੇ ਤੋਂ ਜਿਹੜਾ ਬੁੱਢਾ ਨਾਲਾ ਵਗ ਰਿਹਾ ਹੈ, ਉਸ ਦੇ ਆਲੇ-ਦੁਆਲੇ ਦੇ ਪਿੰਡ ਹੈਪੇਟਾਈਟਸ ਬੀ ਅਤੇ ਸੀ ਨਾਲ ਬਹੁਤ ਜ਼ਿਆਦਾ ਪ੍ਰਭਾਵਿਤ ਹਨ। ਇਹ ਪ੍ਰਸ਼ਨ ਲੈ ਕੇ ਆਉਣ ਦਾ ਇੱਕ ਇਹ ਵੀ ਮਕਸਦ ਹੈ ਕਿ ਮਾਨਯੋਗ ਸਥਾਨਕ ਸਰਕਾਰ ਮੰਤਰੀ ਜੀ ਵੀ ਬੈਠੇ ਹਨ, ਬੁੱਢੇ ਨਾਲੇ ਦੀ ਸਫਾਈ ਦਾ ਕੰਮ ਵੀ ਬਹੁਤ ਜ਼ਰੂਰੀ ਹੈ ਤੇ ਜੇਕਰ ਉਸ ਦੀ ਸਫਾਈ ਦਾ ਹੱਲ ਨਾ ਹੋਇਆ ਤਾਂ ਹੈਪੇਟਾਈਟਸ ਬੀ ਅਤੇ ਸੀ ਦੇ ਮਰੀਜ਼ ਵੱਧਦੇ ਜਾਣਗੇ।

ਮਾਨਯੋਗ ਸਪੀਕਰ : ਇਹ ਵੱਖਰਾ ਸਵਾਲ ਬਣਦਾ ਹੈ। ਬੁੱਢੇ ਨਾਲੇ ਦਾ ਸਿਹਤ ਮੰਤਰੀ ਜੀ ਨਾਲ ਕੋਈ ਤਾਅਲੁੱਕ ਨਹੀਂ ਹੈ।

ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) : ਇਸ ਦੇ ਨਾਲ ਹੀ ਰਿਲੇਟਿਡ ਹੈ ਜੀ। ਇਹ ਬਹੁਤ ਜ਼ਰੂਰੀ ਹੈ ਕਿਉਂਕਿ ਹੈਪੇਟਾਈਟਸ ਬੀ ਬਹੁਤ ਫੈਲਿਆ ਹੋਇਆ ਹੈ।

ਮਾਨਯੋਗ ਸਪੀਕਰ : ਇਸ ਦਾ ਵੱਖਰਾ ਸਵਾਲ ਦਿਓ। (ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਕੰਵਰਜੀਤ ਸਿੰਘ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਚੇਅਰ ਵੱਲ ਜਾਣ ਲਈ ਵਾਚ ਐਂਡ ਵਾਰਡ ਦੇ ਸਟਾਫ ਨਾਲ ਧੱਕਾ-ਮੁੱਕੀ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 356

(ਸੰਬੰਧਿਤ ਮੈਂਬਰ ਨੂੰ ਨੇਮ ਕਰਨ ਉਪਰੰਤ ਸਦਨ ਵਿੱਚੋਂ ਬਾਹਰ ਕੱਢ ਦਿੱਤੇ ਜਾਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ. : 419

(ਸੰਬੰਧਿਤ ਮੈਂਬਰ ਨੂੰ ਨੇਮ ਕਰਨ ਉਪਰੰਤ ਸਦਨ ਵਿੱਚੋਂ ਬਾਹਰ ਕੱਢ ਦਿੱਤੇ ਜਾਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਵੈੱਲ ਆਫ ਦਿ ਹਾਊਸ ਵਿੱਚ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸਦਨ ਵਿੱਚੋਂ ਬਾਹਰ ਕੱਢਣ ਦੇ ਰੋਸ ਵਜੋਂ ਚੇਅਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਖੇਡ ਕਿੱਟਾਂ ਵੰਡਣਾ

*263. **ਸ਼੍ਰੀ ਰਜਿੰਦਰ ਬੇਰੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪਿਛਲੀ ਸਰਕਾਰ ਸਮੇਂ ਜੋ ਖੇਡ ਕਿੱਟਾਂ ਵੰਡੀਆਂ ਗਈਆਂ ਸਨ, ਉਨ੍ਹਾਂ ਨੂੰ ਵੰਡਣ ਦਾ ਕੀ ਆਧਾਰ ਬਣਾਇਆ ਗਿਆ ਸੀ ਅਤੇ ਇਹ ਖੇਡ ਕਿੱਟਾਂ ਵੰਡਣ ਲਈ ਕਿਸ ਕਿਸ ਅਫਸਰ/ਰਾਜਨੀਤਿਕ ਜਾਂ ਪ੍ਰਾਈਵੇਟ ਆਦਮੀਆਂ ਨੂੰ ਅਖਤਿਆਰ ਦਿੱਤੇ ਗਏ ਸਨ ;

(ਅ) ਜਲੰਧਰ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਕਿਹੜੇ–ਕਿਹੜੇ ਵਿਅਕਤੀਆਂ ਜਾਂ ਕਲੱਬਾਂ ਨੂੰ ਇਹ ਖੇਡ ਕਿੱਟਾਂ ਵੰਡੀਆਂ ਗਈਆਂ ਸਨ ;

(ੲ) ਇਨ੍ਹਾਂ ਖੇਡ ਕਿੱਟਾਂ ਨੂੰ ਵੰਡਣ ਵਿੱਚ ਜੋ ਬੇਨਿਯਮੀਆਂ ਜਾਂ ਘਪਲੇਬਾਜ਼ੀਆਂ ਹੋਈਆਂ ਹਨ, ਦੀ ਸਰਕਾਰ ਵੱਲੋਂ ਜਾਂਚ ਕਰਵਾਉਣ ਦਾ ਕੋਈ ਪ੍ਰਸਤਾਵ ਹੈ; ਜੇਕਰ ਨਹੀਂ ਤਾਂ ਕਿਉਂ ?

ਕੈਪਟਨ ਅਮਰਿੰਦਰ ਸਿੰਘ : (ੳ) (1) ਪਿਛਲੀ ਸਰਕਾਰ ਵੱਲੋਂ ਖੇਡ ਕਿੱਟਾਂ ਯੁਵਕ ਸੇਵਾਵਾਂ ਵਿਭਾਗ ਨਾਲ ਐਫੀਲੀਏਟਿਡ ਯੂਥ ਕਲੱਬਾਂ ਸਮੇਤ ਉਨ੍ਹਾਂ ਕਲੱਬਾਂ ਨੂੰ ਜੋ ਕਿਸੇ ਵੀ ਸਰਕਾਰੀ ਅਦਾਰੇ ਨਾਲ ਰਜਿਸਟਰਡ ਹੋਣ, ਨੂੰ ਵੰਡੀਆਂ ਗਈਆਂ ਸਨ ।

(2) ਇਨ੍ਹਾਂ ਕਿੱਟਾਂ ਨੂੰ ਵੰਡਣ ਲਈ ਹਰ ਜ਼ਿਲ੍ਹੇ ਵਿੱਚ ਹੇਠ ਲਿਖੇ ਅਨੁਸਾਰ ਕਮੇਟੀ ਨੂੰ ਅਖਤਿਆਰ ਦਿੱਤੇ ਗਏ ਸਨ :

1.	ਡਿਪਟੀ ਕਮਿਸ਼ਨਰ	ਪ੍ਰਧਾਨ
2.	ਵਧੀਕ ਡਿਪਟੀ ਕਮਿਸ਼ਨਰ (ਵਿਕਾਸ)	ਮੈਂਬਰ
3.	ਉਪ ਮੰਡਲ ਮੈਜਿਸਟਰੇਟ	ਮੈਂਬਰ
4.	ਜ਼ਿਲ੍ਹਾ ਖੇਡ ਅਫਸਰ	ਮੈਂਬਰ
5.	ਸਹਾਇਕ ਡਾਇਰੈਕਟਰ ਯੂਥ (ਸੰਬੰਧਿਤ ਜ਼ਿਲ੍ਹਾ)	ਮੈਂਬਰ
6.	ਘੱਟੋ–ਘੱਟ 02 ਉੱਘੇ ਖਿਡਾਰੀ	ਮੈਂਬਰ

** ** Not recorded as ordered by the Chair.

[ਮੁੱਖ ਮੰਤਰੀ]

ਇਸ ਤੋਂ ਜ਼ਾਹਰ ਹੈ ਕਿ ਕਿਸੇ ਵੀ ਰਾਜਨੀਤਿਕ ਵਿਅਕਤੀ ਨੂੰ ਇਸ ਕਮੇਟੀ ਦਾ ਮੈਂਬਰ ਨਹੀਂ ਬਣਾਇਆ ਗਿਆ ਸੀ ।

(ਅ) ਜਲੰਧਰ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਜਿਨ੍ਹਾਂ ਖੇਡ ਕਲੱਬਾਂ/ਸੁਸਾਇਟੀਆਂ ਨੂੰ ਸਪੋਰਟਸ ਕਿੱਟਾਂ ਅਤੇ ਜਿੰਮ ਵੰਡੇ ਗਏ, ਉਨ੍ਹਾਂ ਦੀ ਲਿਸਟ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ ।

(ੲ) ਰਾਜ ਸਰਕਾਰ ਪਾਸ ਜੇਕਰ ਘਪਲੇਬਾਜ਼ੀ ਜਾਂ ਬੇਨਿਯਮੀਆਂ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸ ਦੀ ਪੜਤਾਲ ਕਰਵਾਈ ਜਾਵੇਗੀ ।

ਅਨੁਲੱਗ 'ੳ'

ਹਲਕਾ ਜਲੰਧਰ ਸੈਂਟਰਲ ਵਿੱਚ ਸਾਲ 2016-17 ਦੌਰਾਨ ਖੇਡ ਕਲੱਬਾਂ/ਪਿੰਡਾਂ ਨੂੰ ਵੰਡੇ ਗਏ ਸਮਾਨ ਦੀਆਂ ਲਿਸਟਾਂ

ਲੜੀ ਨੰ.	ਕਲੱਬ/ਪਿੰਡ/ਬੈਨੀਫਿਸ਼ਰੀ ਦਾ ਨਾਂ	ਪਤਾ/ਹਲਕਾ	ਵੰਡਿਆ ਗਿਆ ਸਮਾਨ			
			ਜਿਮ	ਲੂਜ਼ ਵੇਟ	ਕ੍ਰਿਕਟ ਕਿੱਟ	ਵਾਲੀਬਾਲ ਕਿੱਟ
1.	ਨਵਯੁਵਕ ਵੈਲਫੇਅਰ ਸੁਸਾਇਟੀ	ਜਲੰਧਰ ਸੈਂਟਰਲ	1	1	4	4
2.	ਨਾਥਾ ਬਗੀਚੀ ਪ੍ਰਾਚੀਨ ਅਖਾੜਾ ਕਮੇਟੀ	ਜਲੰਧਰ ਸੈਂਟਰਲ	1	1	4	4
3.	ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ, ਢਿੱਲਵਾਂ	ਜਲੰਧਰ ਸੈਂਟਰਲ	1	1	4	4
4.	ਸਪੋਰਟਸ ਕਲੱਬ, ਦਕੋਹਾ	ਜਲੰਧਰ ਸੈਂਟਰਲ	1	1	4	4
5.	ਗੁਰੂ ਰਵਿਦਾਸ ਗੁਰਦੁਆਰਾ ਵੈਲਫੇਅਰ ਸੁਸਾਇਟੀ, ਧੰਨੋਵਾਲੀ	ਜਲੰਧਰ ਸੈਂਟਰਲ	1	1	4	4
6.	ਸਪੋਰਟਸ ਐਂਡ ਵੈਲਫੇਅਰ ਸੁਸਾਇਟੀ, ਧੰਨੋਵਾਲੀ	ਜਲੰਧਰ ਸੈਂਟਰਲ	1	1	4	4
7.	ਸਪੋਰਟਸ ਐਂਡ ਵੈਲਫੇਅਰ ਸੁਸਾਇਟੀ, ਬੜਿੰਗ	ਜਲੰਧਰ ਸੈਂਟਰਲ	1	1	4	4
8.	ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ, ਬੜਿੰਗ	ਜਲੰਧਰ ਸੈਂਟਰਲ	1	1	4	4
9.	ਗੁਰੂ ਰਵਿਦਾਸ ਧਰਮਸ਼ਾਲਾ ਕਮੇਟੀ, ਅਬਾਦਪੁਰਾ	ਜਲੰਧਰ ਸੈਂਟਰਲ	1	1	4	4

10.	ਨਵਯੁਵਕ ਸ਼ਿਵ ਸੇਵਾ ਵੈਲਫੇਅਰ ਸੁਸਾਇਟੀ, ਮਖਦੂਮਪੁਰਾ	ਜਲੰਧਰ ਸੈਂਟਰਲ	1	1	4	4
11.	ਸ਼ੇਰੇ ਪੰਜਾਬ ਸਪੋਰਟਸ ਕਲੱਬ, ਚੌਕਾਂ ਕਲਾਂ	ਜਲੰਧਰ ਸੈਂਟਰਲ	1	1	4	4
12.	ਸ਼ਮਸ਼ਾਨ ਘਾਟ ਸੁਸਾਇਟੀ, ਚੁਗਿੱਟੀ	ਜਲੰਧਰ ਸੈਂਟਰਲ	1	1	4	4
13.	ਡਾ. ਬੀ. ਆਰ. ਅੰਬੇਦਕਰ ਧਰਮਸ਼ਾਲਾ ਸੁਸਾਇਟੀ, ਵਾਲਮੀਕੀ ਗੇਟ	ਜਲੰਧਰ ਸੈਂਟਰਲ	1	1	4	4
14.	ਡਾਇਨਾਮਿਕ ਯੋਗ ਸੁਸਾਇਟੀ, ਸੂਰਯਾ ਵਿਹਾਰ, ਜਲੰਧਰ	ਜਲੰਧਰ ਸੈਂਟਰਲ	1	1	4	4
15.	ਸ਼ੋਰਿਆ ਗਰੀਨ ਰੈਜ਼ੀਡੈਂਸ ਸੁਸਾਇਟੀ, ਜਲੰਧਰ	ਜਲੰਧਰ ਸੈਂਟਰਲ	1	1	4	4
16.	ਡਾ. ਬੀ. ਆਰ. ਅੰਬੇਦਕਰ ਵੈਲਫੇਅਰ ਸੁਸਾਇਟੀ, ਲੱਧੇਵਾਲੀ	ਜਲੰਧਰ ਸੈਂਟਰਲ	1	1	4	4
17.	ਨਿਊ ਜਨਰੇਸ਼ਨ ਯੂਥ ਸਪੋਰਟਸ ਅਕੈਡਮੀ, ਏਕਤਾ ਨਗਰ	ਜਲੰਧਰ ਸੈਂਟਰਲ	1	1	4	4
18.	ਗੁਰੂ ਰਵਿਦਾਸ ਸਮਾਜ ਸੁਧਾਰ ਸਭਾ, ਲਾਡੋਵਾਲੀ ਰੋਡ, ਜਲੰਧਰ	ਜਲੰਧਰ ਸੈਂਟਰਲ	1	1	4	4
19.	ਬਾਬਾ ਫਤਿਹ ਸਿੰਘ ਨੌਜਵਾਨ ਸਭਾ, ਸੰਗਤ ਸਿੰਘ ਨਗਰ, ਜਲੰਧਰ	ਜਲੰਧਰ ਸੈਂਟਰਲ	1	1	0	0
20.	ਕਿੰਗ ਸਪੋਰਟਸ ਕਲੱਬ, ਜਲੰਧਰ	ਜਲੰਧਰ ਸੈਂਟਰਲ	1	1	4	4
21.	ਸ੍ਰਿਸ਼ਟੀ ਕਰਤਾ ਵਾਲਮੀਕੀ ਧਰਮਸ਼ਾਲਾ, ਇਸਲਾਮਗੰਜ, ਜਲੰਧਰ	ਜਲੰਧਰ ਸੈਂਟਰਲ	1	1	4	4
22.	ਯੈੱਸ ਜਵਾਨ ਵੈੱਲਫੇਅਰ ਸੁਸਾਇਟੀ, ਰਾਮਾਮੰਡੀ, ਜਲੰਧਰ	ਜਲੰਧਰ ਸੈਂਟਰਲ	1	1	4	4
23.	ਹਿੰਦ ਕਰਾਂਤੀ ਦਲ, ਜਲੰਧਰ	ਜਲੰਧਰ ਸੈਂਟਰਲ	1	1	4	4

[ਮੁੱਖ ਮੰਤਰੀ]

24.	ਹੈਲਪਿੰਗ ਹੈਂਡ ਵੈੱਲਫੇਅਰ ਸੁਸਾਇਟੀ, ਜਲੰਧਰ	ਜਲੰਧਰ ਸੈਂਟਰਲ	1	1	4	4
25.	ਪੀ.ਏ.ਪੀ., ਜਲੰਧਰ	ਜਲੰਧਰ ਸੈਂਟਰਲ	1	1	0	0
26.	ਪੁਲਿਸ ਲਾਈਨ, ਜਲੰਧਰ	ਜਲੰਧਰ ਸੈਂਟਰਲ	1	1	0	0
27.	ਏਕਮ ਵੈੱਲਫੇਅਰ ਸੁਸਾਇਟੀ, ਜਲੰਧਰ	ਜਲੰਧਰ ਸੈਂਟਰਲ	1	1	0	0
28.	ਹੈਲਪਲਾਈਨ ਗੋਬਿੰਦਗੜ੍ਹ, ਜਲੰਧਰ	ਜਲੰਧਰ ਸੈਂਟਰਲ	1	1	0	0
29.	ਸ਼ਿਵਪੁਰੀ ਪ੍ਰਬੰਧਕ ਕਮੇਟੀ, ਹਰਨਾਮਦਾਸਪੁਰਾ, ਜਲੰਧਰ	ਜਲੰਧਰ ਸੈਂਟਰਲ	1	1	4	4
30.	ਸੈਂਟਰ ਟਾਊਨ ਗੁਰਦੁਆਰਾ, ਜਲੰਧਰ	ਜਲੰਧਰ ਸੈਂਟਰਲ	1	1	4	4
		ਕੁੱਲ ਜੋੜ	30	30	100	100

ਮਾਨਯੋਗ ਸਪੀਕਰ : ਜਵਾਬ ਆ ਗਿਆ ਹੈ ਜੀ ।

ਸ਼੍ਰੀ ਰਜਿੰਦਰ ਬੇਰੀ : ਸਪੀਕਰ ਸਾਹਿਬ, ਅਕਾਲੀ ਦਲ-ਬੀ.ਜੇ.ਪੀ. ਦੇ ਰਾਜ ਵਿੱਚ ਲਗਭਗ 90 ਕਰੋੜ ਰੁਪਏ ਦੀਆਂ ਪੰਜਾਬ ਵਿੱਚ ਸਪੋਰਟਸ ਕਿੱਟਾਂ ਵੰਡੀਆਂ ਗਈਆਂ ਹਨ । ਇਸ ਵਿੱਚ ਬਹੁਤ ਵੱਡਾ ਘਪਲਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਦੀ ਇਨਕੁਆਰੀ ਜ਼ਰੂਰ ਕਰਵਾਈ ਜਾਵੇ ?

ਮਾਨਯੋਗ ਸਪੀਕਰ : ਕੀ ਸੀ.ਐਮ. ਸਾਹਿਬ ਇਨਕੁਆਰੀ ਕਰਵਾਓਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਜੇ ਸਪੋਰਟਸ ਕਿੱਟਾਂ ਵਿੱਚ ਕੋਈ ਘਪਲਾ ਹੈ ਤਾਂ ਮੇਰੇ ਨੋਟਿਸ ਵਿੱਚ ਲਿਆਇਆ ਜਾਵੇ, we will investigate it fully. (ਥੰਪਿੰਗ)

ਮਾਨਯੋਗ ਸਪੀਕਰ : ਪ੍ਰਸ਼ਨ ਖਤਮ ਹੁੰਦੇ ਹਨ ।

UNSTARRED QUESTIONS AND ANSWERS

ਐਸ.ਐਸ.ਏ. ਸਕੀਮ ਅਧੀਨ ਵਿਦਿਆਰਥੀਆਂ ਨੂੰ ਵਰਦੀਆਂ ਦੇਣਾ

96. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਸਾਲ 2011 ਤੋਂ 2016 ਤੱਕ ਸਰਵ ਸਿੱਖਿਆ ਅਭਿਆਨ ਸਕੀਮ ਤਹਿਤ ਵਿਦਿਆਰਥੀਆਂ ਨੂੰ 2 ਸੈੱਟ ਵਰਦੀ ਦੇ ਦੇਣ ਦੀ ਥਾਂ ਪੰਜਾਬ ਸਰਕਾਰ ਵੱਲੋਂ ਸਿਰਫ ਇੱਕ ਸੈੱਟ ਹੀ ਵਰਦੀ ਦਾ ਦਿੱਤਾ ਗਿਆ ;

(ਅ) ਕੀ ਇਹ ਵੀ ਠੀਕ ਹੈ ਕਿ ਸਾਲ 2013-14 ਵਿੱਚ 16,46,949 ਵਿਦਿਆਰਥੀਆਂ ਨੂੰ ਵਰਦੀ ਦਿੱਤੀ ਜਾਣੀ ਸੀ ਪਰੰਤੂ 15,63,588 ਵਿਦਿਆਰਥੀਆਂ ਨੂੰ ਦਿੱਤੀ ਗਈ ਅਤੇ ਬਾਕੀ 83361 ਵਿਦਿਆਰਥੀਆਂ ਨੂੰ ਇੱਕ ਵੀ ਵਰਦੀ ਨਹੀਂ ਦਿੱਤੀ ਗਈ ;

(ੲ) ਕੀ ਇਹ ਵੀ ਠੀਕ ਹੈ ਕਿ ਸਾਲ 2014-16 ਦੌਰਾਨ ਰਾਜ ਸਰਕਾਰ ਨੇ ਆਪਣਾ 48.48 ਕਰੋੜ ਰੁਪਿਆਂ ਦਾ ਹਿੱਸਾ ਜਾਰੀ ਨਹੀਂ ਕੀਤਾ ;

(ਸ) ਕੀ ਇਹ ਵੀ ਠੀਕ ਹੈ ਕਿ ਲਾਜ਼ਮੀ ਸਿੱਖਿਆ ਅਧਿਕਾਰ ਕਾਨੂੰਨ, 2009, ਅਪ੍ਰੈਲ, 2010 ਤੋਂ ਲਾਗੂ ਕਰਨ ਦੀ ਬਜਾਏ ਅਕਤੂਬਰ, 2011 ਵਿੱਚ ਲਾਗੂ ਕਰਨ ਕਾਰਨ ਕੇਂਦਰ ਸਰਕਾਰ ਵੱਲੋਂ 114.36 ਕਰੋੜ ਰੁਪਏ ਜਾਰੀ ਨਹੀਂ ਕੀਤੇ ਗਏ ;

(ਹ) ਜੇਕਰ ਉਪਰੋਕਤ ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਦੇ ਲਈ ਕਿਹੜਾ ਅਧਿਕਾਰੀ ਜ਼ਿੰਮੇਵਾਰ ਹੈ, ਪੰਜਾਬ ਸਰਕਾਰ ਉਸ ਦੇ ਖਿਲਾਫ ਕੀ ਕਾਰਵਾਈ ਕਰ ਰਹੀ ਹੈ ਅਤੇ ਅਗਾਂਹ ਤੋਂ ਅਜਿਹਾ ਨਾ ਹੋਵੇ, ਬਾਰੇ ਪੰਜਾਬ ਸਰਕਾਰ ਕੀ ਕਦਮ ਉਠਾ ਰਹੀ ਹੈ ?

ਸ਼੍ਰੀਮਤੀ ਅਰੁਨਾ ਚੌਧਰੀ : (ੳ) ਹਾਂ ਜੀ ।

(ਅ) ਹਾਂ ਜੀ ।

(ੲ) ਨਹੀਂ ਜੀ ।

(ਸ) ਨਹੀਂ ਜੀ ।

(ਹ) ਲਾਗੂ ਨਹੀਂ ।

ਪਿੰਡ ਲਦਾਲ ਬਲਾਕ ਲਹਿਰਾਗਾਗਾ ਨੂੰ ਦਿੱਤੀ ਗਰਾਂਟ ਦੇ ਵੇਰਵੇ

117. **ਸਰਦਾਰ ਹਰਪਾਲ ਸਿੰਘ ਚੀਮਾ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਪਿੰਡ ਲਦਾਲ, ਬਲਾਕ ਲਹਿਰਾਗਾਗਾ, ਜ਼ਿਲ੍ਹਾ ਸੰਗਰੂਰ ਨੂੰ 2010 ਤੋਂ ਲੈ ਕੇ ਮਾਰਚ 2017 ਤੱਕ ਕੋਈ ਗਰਾਂਟ ਪੰਜਾਬ ਸਰਕਾਰ ਦੁਆਰਾ ਦਿੱਤੀ ਗਈ ਸੀ ; ਜੇਕਰ ਅਜਿਹਾ ਹੋਵੇ ਤਾਂ ਉਕਤ ਗਰਾਂਟ ਕਿੰਨੀ ਤੇ ਕਿਸ-ਕਿਸ ਵਿਭਾਗ ਵੱਲੋਂ ਦਿੱਤੀ ਗਈ ਸੀ ;

(ਅ) ਪਿੰਡ ਲਦਾਲ ਵਿੱਚ ਪਿਛਲੇ 2010 ਤੋਂ 2017 ਤੱਕ ਦੇ ਸਮੇਂ ਦੌਰਾਨ ਪੰਚਾਇਤ ਵੱਲੋਂ ਕੀਤੇ ਕੰਮਾਂ ਦੀ ਜਾਣਕਾਰੀ, ਬਿੱਲ, ਵਰਤੋਂ ਸਰਟੀਫਿਕੇਟ ਸਮੇਤ ਪੰਚਾਇਤ ਵਿਭਾਗ ਦੇ ਜੂਨੀਅਰ ਇੰਜੀਨੀਅਰ ਵੱਲੋਂ ਰਿਪੋਰਟਾਂ ਅਤੇ ਐਮ.ਬੀ. ਰਜਿਸਟਰਾਂ ਦੇ ਵੇਰਵੇ ਕੀ ਹਨ ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ : ਸ਼੍ਰੀਮਾਨ ਜੀ, (ੳ) ਪਿੰਡ ਲਦਾਲ, ਬਲਾਕ ਲਹਿਰਾਗਾਗਾ, ਜ਼ਿਲ੍ਹਾ ਸੰਗਰੂਰ ਨੂੰ 2010 ਤੋਂ ਲੈ ਕੇ ਮਾਰਚ, 2017 ਤੱਕ ਦਿੱਤੀਆਂ ਗਰਾਂਟਾਂ ਦਾ ਵੇਰਵਾ ਅਨੁਲੱਗ 'ੳ' **** ਤੇ ਰੱਖਿਆ ਜਾਂਦਾ ਹੈ ।

(ਅ) ਅਨੁਲੱਗ 'ਅ'**** ਤੇ ਰੱਖਿਆ ਜਾਂਦਾ ਹੈ ।

ਮੁਕੇਰੀਆਂ ਸ਼ਹਿਰ ਵਿੱਚ ਕੂੜਾ ਕਰਕਟ ਸੁੱਟਣ ਦੀ ਵਿਵਸਥਾ

56. **ਸ਼੍ਰੀ ਰਜਨੀਸ਼ ਕੁਮਾਰ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮੁਕੇਰੀਆਂ ਸ਼ਹਿਰ ਦਾ ਕੂੜਾ ਕਰਕਟ ਸੁੱਟਣ ਲਈ ਕੋਈ ਸਰਕਾਰੀ ਜ਼ਮੀਨ ਦੀ ਵਿਵਸਥਾ ਕਰਨ ਲਈ ਵਿਚਾਰ ਕਰ ਰਹੀ ਹੈ; ਜੇਕਰ ਹੈ ਤਾਂ ਕਦੋਂ ਤੱਕ ?

ਸਰਦਾਰ ਨਵਜੋਤ ਸਿੰਘ ਸਿੱਧੂ : ਹਾਂ ਜੀ । ਨਗਰ ਕੌਂਸਲ, ਮੁਕੇਰੀਆਂ ਸ਼ਹਿਰ ਤੋਂ ਲਗਭਗ 13 ਕਿਲੋਮੀਟਰ ਦੂਰ ਪਿੰਡ ਧਾਮੀਆਂ (ਹੁਸ਼ਿਆਰਪੁਰ) ਵਿਖੇ ਲਗਭਗ 1 (ਇੱਕ) ਏਕੜ ਪ੍ਰਾਈਵੇਟ ਤੌਰ ਤੇ ਲੀਜ਼ ਤੇ ਲੈਣ ਦੀ ਵਿਵਸਥਾ ਕਰ ਰਹੀ ਹੈ ਜਿਸ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ।

**** Placed in the Revisor Branch.

ਸਕੂਲ ਅਧਿਆਪਕਾਂ ਦੀਆਂ ਰੈਗੂਲਰ ਨਿਯੁਕਤੀਆਂ

118. **ਸਰਦਾਰ ਹਰਪਾਲ ਸਿੰਘ ਚੀਮਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਇਸ਼ਤਿਹਾਰ ਮਿਤੀ 21 ਅਕਤੂਬਰ, 2006 ਰਾਹੀਂ 2614 ਸਕੂਲ ਅਧਿਆਪਕਾਂ ਦੀਆਂ ਰੈਗੂਲਰ ਨਿਯੁਕਤੀਆਂ ਹੋਈਆਂ ਸਨ ਜਿਨ੍ਹਾਂ ਦਾ ਬੈਕਲਾਗ 2009 ਵਿੱਚ ਭਰਿਆ ਗਿਆ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਜਵਾਬ ਹਾਂ ਵਿੱਚ ਹੋਵੇ ਤਾਂ ਸਾਲ 2006 ਵਿੱਚ ਅਤੇ 19.10.2009 ਤੋਂ ਪਹਿਲਾਂ ਜਿੰਨੇ ਵੀ ਪੱਛੜੀਆਂ ਸ਼੍ਰੇਣੀਆਂ ਦੇ ਵਿਅਕਤੀ ਨਿਯੁਕਤ ਕੀਤੇ ਗਏ, ਉਨ੍ਹਾਂ ਦੇ ਸਰਟੀਫਿਕੇਟ, ਬਿਨੈ ਪੱਤਰਾਂ ਅਤੇ ਸਾਰੇ ਦਸਤਾਵੇਜ਼ਾਂ ਦੇ ਵੇਰਵੇ ਕੀ ਹਨ ?

ਸ਼੍ਰੀਮਤੀ ਅਰੁਨਾ ਚੌਧਰੀ : (ੳ) ਨਹੀਂ ਜੀ ।

(ਅ) ਲਾਗੂ ਨਹੀਂ ਹੁੰਦਾ ਜੀ ।

ਹਲਕਾ ਮੁਕੇਰੀਆਂ ਅਧੀਨ ਪੈਂਦੀਆਂ ਸੜਕਾਂ ਦੀ ਮੁਰੰਮਤ

53. **ਸ਼੍ਰੀ ਰਜਨੀਸ਼ ਕੁਮਾਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਮੁਕੇਰੀਆਂ ਅਧੀਨ ਪੈਂਦੀਆਂ ਸੜਕਾਂ ਹਾਜੀਪੁਰ ਤੋਂ ਸਰਿਆਣਾ, ਮਾਨਸਰ ਤੋਂ ਟਾਂਡਾ ਚੂਹੜੀਆਂ, ਪਨਖੂਹ ਤੋਂ ਟਾਂਡਾ ਚੂਹੜੀਆਂ ਵਾਇਆ ਬੁੱਢਾਬੜ ਦੀ ਮੁਰੰਮਤ ਕਦੋਂ ਤੱਕ ਕਰ ਦਿੱਤੀ ਜਾਵੇਗੀ ?

ਸ਼੍ਰੀਮਤੀ ਰਜ਼ੀਆ ਸੁਲਤਾਨਾ : ਸ਼੍ਰੀਮਾਨ ਜੀ, ਹਾਜੀਪੁਰ ਤੋਂ ਸਰਿਆਣਾ, ਮਾਨਸਰ ਤੋਂ ਟਾਂਡਾ ਚੂਹੜੀਆਂ, ਪਨਖੂਹ ਤੋਂ ਟਾਂਡਾ ਚੂਹੜੀਆਂ ਵਾਇਆ ਬੁੱਢਾਬੜ ਸੜਕਾਂ ਦੀ ਹਾਲਤ ਕਾਫੀ ਖਰਾਬ ਹੈ ਪਰ ਹਾਲ ਦੀ ਘੜੀ ਸਰਕਾਰ ਦੇ ਕਿਸੇ ਵੀ ਰਿਪੇਅਰ ਪ੍ਰੋਗਰਾਮ ਵਿੱਚ ਮਨਜ਼ੂਰ ਨਹੀਂ ਹਨ । ਪਨਖੂਹ ਤੋਂ ਟਾਂਡਾ ਚੂਹੜੀਆਂ ਵਾਇਆ ਬੁੱਢਾਬੜ ਸੜਕ ਜਿਸ ਦੀ ਲੰਬਾਈ 10.60 ਕਿਲੋਮੀਟਰ ਵਿੱਚੋਂ 2.60 ਕਿਲੋਮੀਟਰ ਦੀ ਮੁਰੰਮਤ 10/2016 ਵਿੱਚ ਰਿਪੇਅਰ ਕਰਵਾ ਦਿੱਤੀ ਗਈ ਸੀ ।

ਹਰੀਕੇ ਪੱਤਣ ਵਿੱਚ ਜਲ-ਜੀਵਾਂ ਦਾ ਮਰਨਾ

91. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 27 ਮਾਰਚ, 2017 ਨੂੰ ਹਰੀਕੇ ਪੱਤਣ ਵਿਖੇ ਪਾਣੀ 30,000 ਕਿਊਸਿਕ ਤੋਂ ਘਟਾ ਕੇ 3770 ਕਿਊਸਿਕ ਕਰਨ ਕਾਰਨ ਦੁਰਲੱਭ ਪਰਜਾਤੀ ਦੀਆਂ ਡੋਲਫਿਨ ਮੱਛੀਆਂ ਆਮ ਮੱਛੀਆਂ, ਕੱਛੂ ਕੁੰਮਿਆਂ ਅਤੇ ਹੋਰ ਜੀਵ ਜੰਤੂਆਂ ਦੇ ਮਰਨ ਕਰਕੇ ਕਾਫੀ ਨੁਕਸਾਨ ਹੋਇਆ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਨੁਕਸਾਨ ਦੇ ਲਈ ਕੌਣ ਜ਼ੁੰਮੇਵਾਰ ਹੈ ਅਤੇ ਭਵਿੱਖ ਵਿੱਚ ਅਜਿਹੇ ਨੁਕਸਾਨ ਤੋਂ ਬਚਣ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ ?

ਰਾਣਾ ਗੁਰਜੀਤ ਸਿੰਘ : ਜੀ ਹਾਂ । ਹਰੀਕੇ ਹੈੱਡ ਵਰਕਸ ਦੀ ਜ਼ਰੂਰੀ ਮੁਰੰਮਤ ਲਈ ਸਿੰਜਾਈ ਵਿਭਾਗ ਵੱਲੋਂ ਹਰੀਕੇ ਪੱਤਣ ਵਿੱਚ ਆਉਣ ਵਾਲੇ ਪਾਣੀ ਨੂੰ ਕੁਝ ਸਮੇਂ ਲਈ ਘੱਟ ਕੀਤਾ ਗਿਆ ਸੀ । ਇਸ ਕਰਕੇ ਮੱਛੀਆਂ ਅਤੇ ਦੂਜੇ ਜਲ-ਜੀਵਾਂ ਦਾ ਕੁਝ ਨੁਕਸਾਨ ਹੋਇਆ ਸੀ ਪਰੰਤੂ ਦੁਰਲੱਭ ਪਰਜਾਤੀਆਂ ਜਿਵੇਂ ਕਿ ਡੋਲਫਿਨ ਅਤੇ ਕੱਛੂ ਕੁੰਮਿਆਂ ਦਾ ਕੋਈ ਨੁਕਸਾਨ ਨਹੀਂ ਪਾਇਆ ਗਿਆ ਕਿਉਂਕਿ ਸਿੰਜਾਈ ਵਿਭਾਗ ਤੇ ਵਣ ਵਿਭਾਗ ਨੇ ਤਾਲਮੇਲ ਰੱਖਿਆ ਹੋਇਆ ਸੀ । ਇਸ ਤੋਂ ਇਲਾਵਾ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਡੋਲਫਿਨ ਅਤੇ ਔਟਰ ਆਦਿ ਜਲਜੀਵਾਂ ਦੇ ਬਚਾਅ ਲਈ ਹਰੀਕੇ ਹੈੱਡ ਵਰਕਸ ਦੀ ਮੁਰੰਮਤ ਦਾ ਕੰਮ ਪਹਿਲਾਂ 2005 ਵਿੱਚ ਕੀਤਾ ਗਿਆ ਸੀ ਅਤੇ ਹੁਣ ਇਹ ਕੰਮ ਕਰਵਾਉਣਾ ਅਤਿ ਜ਼ਰੂਰੀ ਸੀ। ਇਸ ਨਾਲ ਮੱਛੀਆਂ ਅਤੇ ਦੂਜੇ ਜਲਜੀਵਾਂ ਨੂੰ ਹੋਏ ਨੁਕਸਾਨ ਦੀ ਜ਼ੁੰਮੇਵਾਰੀ ਕਿਸੇ ਦੀ ਨਹੀਂ ਬਣਦੀ ਹੈ । ਭਵਿੱਖ ਵਿੱਚ ਜਦੋਂ ਵੀ ਫਿਰ ਮੁਰੰਮਤ ਦੀ ਲੋੜ ਪਵੇਗੀ ਤਾਂ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਦੋਵੇਂ ਵਿਭਾਗਾਂ ਵੱਲੋਂ ਤਾਲਮੇਲ ਕਰਕੇ ਜ਼ਰੂਰੀ ਕਦਮ ਚੁੱਕੇ ਜਾਣਗੇ ।

ਅਧਿਆਪਕਾਂ ਲਈ ਇਨ-ਸਰਵਿਸ ਟ੍ਰੇਨਿੰਗ

92. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਅਧਿਆਪਕਾਂ ਨੂੰ ਇਨ-ਸਰਵਿਸ ਟ੍ਰੇਨਿੰਗ ਦੇਣ ਲਈ ਮਾਸਟਰ ਰਿਸੋਰਸ ਪਰਸਨ ਜੋ ਪੰਜਾਬ ਦੇ ਵੱਖ ਵੱਖ ਸਕੂਲਾਂ ਵਿੱਚੋਂ ਨਵੰਬਰ ਤੋਂ ਮਾਰਚ ਮਹੀਨੇ ਦੌਰਾਨ ਬੁਲਾਏ ਗਏ ਸਨ, ਦੀ ਜ਼ਿਲ੍ਹਾਵਾਈਜ਼ ਗਿਣਤੀ ਕਿੰਨੀ ਸੀ ਅਤੇ ਕੀ ਇਨ੍ਹਾਂ ਦੀ ਥਾਂ ਤੇ ਬੱਚਿਆਂ ਨੂੰ ਪੜ੍ਹਾਉਣ ਲਈ ਬਦਲਵੇਂ ਪ੍ਰਬੰਧ ਕੀਤੇ ਗਏ; ਜੇਕਰ ਅਜਿਹਾ ਹੋਵੇ ਤਾਂ ਹਰੇਕ ਮਾਸਟਰ ਰਿਸੋਰਸ ਪਰਸਨ ਦਾ ਵਿਸ਼ਾ ਅਤੇ ਇਸ ਦੀ ਥਾਂ ਤੇ ਕੀਤੇ ਬਦਲਵੇਂ ਪ੍ਰਬੰਧ ਵਾਲੇ ਅਧਿਆਪਕ ਦਾ ਵਿਸ਼ਾ ਕੀ ਸੀ;

(ਅ) ਕੀ ਪੰਜਾਬ ਸਰਕਾਰ ਨੇ ਕਦੇ ਸਟੇਟ ਕੌਂਸਲ ਫਾਰ ਐਜੂਕੇਸ਼ਨ ਰਿਸਰਚ ਐਂਡ ਟ੍ਰੇਨਿੰਗ ਸੰਸਥਾ ਦਾ ਵਿੱਤੀ ਆਡਿਟ ਕਰਵਾਇਆ ਹੈ; ਜੇਕਰ ਕਰਵਾਇਆ ਹੈ ਤਾਂ ਸਾਲ 2015-16 ਅਤੇ 2016-17 ਦੀ ਆਡਿਟ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਉੱਤੇ ਰੱਖੀ ਜਾਵੇ ?

ਸ਼੍ਰੀਮਤੀ ਅਰੁਨਾ ਚੌਧਰੀ : (ੳ) ਅਧਿਆਪਕਾਂ ਨੂੰ ਇਨ-ਸਰਵਿਸ ਟ੍ਰੇਨਿੰਗ ਦੇਣ ਲਈ ਮਾਸਟਰ ਰਿਸੋਰਸ ਪਰਸਨ ਜੋ ਪੰਜਾਬ ਦੇ ਵੱਖ-ਵੱਖ ਸਕੂਲਾਂ ਵਿੱਚੋਂ ਨਵੰਬਰ, 2016 ਤੋਂ ਮਾਰਚ, 2017 ਮਹੀਨੇ ਦੌਰਾਨ ਬੁਲਾਏ ਗਏ ਸਨ, ਦੀ ਜ਼ਿਲ੍ਹਾਵਾਈਜ਼ ਗਿਣਤੀ ਅਨੁਲੱਗ 'ੳ'** ** ਤੇ ਦਰਜ ਹੈ। ਇਨ੍ਹਾਂ ਦੀ ਥਾਂ ਤੇ ਬੱਚਿਆਂ ਨੂੰ ਪੜ੍ਹਾਉਣ ਲਈ ਕੋਈ ਵੀ ਬਦਲਵਾਂ ਪ੍ਰਬੰਧ ਨਹੀਂ ਕੀਤਾ ਗਿਆ ਸੀ ।

(ਅ) ਸਟੇਟ ਕੌਂਸਲ ਆਫ ਐਜੂਕੇਸ਼ਨ ਰਿਸਰਚ ਐਂਡ ਟ੍ਰੇਨਿੰਗ ਸੰਸਥਾ ਦਾ ਵਿੱਤੀ ਆਡਿਟ ਮਹਾਂਲੇਖਾਕਾਰ, ਪੰਜਾਬ ਵੱਲੋਂ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੁਆਰਾ 2015-16 ਦਾ ਆਡਿਟ ਕਰ ਦਿੱਤਾ ਗਿਆ ਹੈ ਜਿਸ ਦੀ ਕਾਪੀ ਅਨੁਲੱਗ 'ਅ'** ** ਤੇ ਹੈ । ਸਾਲ 2016-17 ਦਾ ਆਡਿਟ ਅਜੇ ਤੱਕ ਮਹਾਂਲੇਖਾਕਾਰ ਵੱਲੋਂ ਨਹੀਂ ਕੀਤਾ ਗਿਆ । (ਵਿਘਨ) (ਸ਼ੋਰ)

ਅਨੁਲੱਗ ੳ

ਅਧਿਆਪਕਾਂ ਨੂੰ ਇਨਸਰਵਿਸ ਟ੍ਰੇਨਿੰਗ ਦੇਣ ਲਈ ਮਾਸਟਰ ਰਿਸੋਰਸ ਪਰਸਨ ਜੋ ਪੰਜਾਬ ਦੇ ਵੱਖ-ਵੱਖ ਸਕੂਲਾਂ ਵਿੱਚੋਂ ਨਵੰਬਰ, 2016 ਤੋਂ ਮਾਰਚ, 2017 ਮਹੀਨੇ ਦੌਰਾਨ ਬੁਲਾਏ ਗਏ ਸਨ, ਦੀ ਜ਼ਿਲ੍ਹਵਾਈਜ਼ ਗਿਣਤੀ

ਲੜੀ ਨੰ.	ਜ਼ਿਲ੍ਹੇ ਦਾ ਨਾਂ	ਮਾਸਟਰ ਰਿਸੋਰਸ ਪਰਸਨਜ਼ ਦੀ ਗਿਣਤੀ
1.	ਅੰਮ੍ਰਿਤਸਰ	14
2.	ਬਠਿੰਡਾ	12
3.	ਫਰੀਦਕੋਟ	05
4.	ਫਿਰੋਜ਼ਪੁਰ	05
5.	ਗੁਰਦਾਸਪੁਰ	12
6.	ਹੁਸ਼ਿਆਰਪੁਰ	13
7.	ਜਲੰਧਰ	10
8.	ਕਪੂਰਥਲਾ	05
9.	ਲੁਧਿਆਣਾ	03
10.	ਸੰਗਰੂਰ	05
11.	ਰੂਪਨਗਰ	01
12.	ਪਟਿਆਲਾ	05
13.	ਬਰਨਾਲਾ	04
14.	ਫਤਹਿਗੜ੍ਹ ਸਾਹਿਬ	08
15.	ਫਾਜ਼ਿਲਕਾ	05
16.	ਮਾਨਸਾ	07
17.	ਮੋਗਾ	06

** ** Placed in the Revisor Branch.

[ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ]

18.	ਸ੍ਰੀ ਮੁਕਤਸਰ ਸਾਹਿਬ	09
19.	ਪਠਾਨਕੋਟ	06
20.	ਐਸ.ਏ.ਐਸ.ਨਗਰ	04
21.	ਸ਼ਹੀਦ ਭਗਤ ਸਿੰਘ ਨਗਰ	02
22.	ਤਰਨਤਾਰਨ	08
	ਕੁੱਲ ਜੋੜ	149

MATTERS RAISED DURING ZERO HOUR AND STATEMENT MADE BY THE MINISTER THEREON

ਮਾਨਯੋਗ ਸਪੀਕਰ : ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ । (ਵਿਘਨ) (ਸ਼ੋਰ) ਪਲੀਜ਼, ਸੀਟ ਤੇ ਜਾ ਕੇ ਗੱਲ ਕਰੋ । (ਵਿਘਨ) (ਸ਼ੋਰ) ਸੀਟਾਂ ਤੇ ਚੱਲੋ ।

ਡਾਕਟਰ ਰਾਜ ਕੁਮਾਰ ਵੇਰਕਾ : ਸਪੀਕਰ ਸਾਹਿਬ, ਮੈਂ ਪਿਛਲੀ ਅਕਾਲੀ ਦਲ-ਬੀ.ਜੇ.ਪੀ. ਸਰਕਾਰ ਦੇ ਖਿਲਾਫ ਨਿੰਦਾ ਪ੍ਰਸਤਾਵ ਲਿਆਉਣਾ ਚਾਹੁੰਦਾ ਹਾਂ ਕਿਉਂਕਿ ਪਿਛਲੇ ਦਸ ਸਾਲਾਂ ਵਿੱਚ ਪੰਜਾਬ ਉੱਪਰ ਦੋ ਲੱਖ ਕਰੋੜ ਤੋਂ ਵੱਧ ਕਰਜ਼ਾ ਚੜ੍ਹ ਗਿਆ ਹੈ । ਇਹ ਕਰਜ਼ਾ ਮਿਸਯੂਜ਼ ਹੋਇਆ ਹੈ ਅਤੇ ਪੰਜਾਬ ਦੀ ਹੈਲਥ ਵੀ ਹਾਲਤ ਖਰਾਬ ਹੈ, ਪੰਜਾਬ ਦੇ ਸਕੂਲਾਂ ਦੀ ਹਾਲਤ ਖਰਾਬ ਹੈ, ਕਿਸਾਨਾਂ ਦੀ ਹਾਲਤ ਖਰਾਬ ਹੈ, ਦਲਿਤਾਂ ਦੀ ਹਾਲਤ ਖਰਾਬ ਹੈ, ਪੰਜਾਬ ਨੂੰ ਬੁਰੀ ਤਰ੍ਹਾਂ ਲੁੱਟਿਆਂ ਤੇ ਪੁੱਟਿਆ ਗਿਆ ਹੈ ਔਰ ਪੰਜਾਬ ਦੀ ਹਾਲਤ ਬਹੁਤ ਬਦਤਰ ਹੈ।

ਮਾਨਯੋਗ ਸਪੀਕਰ : ਤੁਸੀਂ ਬਜਟ ਤੇ ਬੋਲੋ ।

ਡਾਕਟਰ ਰਾਜ ਕੁਮਾਰ ਵੇਰਕਾ : ਇਹ ਹਾਊਸ ਯੂਨਾਨੀਮਸਲੀ ਰੈਜ਼ੋਲਿਊਸ਼ਨ ਲਿਆਵੇ ਤਾਂ ਕਿ ਪਿਛਲੀ ਸਰਕਾਰ ਨੇ ਪੰਜਾਬ ਦੇ ਫੰਡਜ਼ ਦਾ ਮਿਸਯੂਜ਼ ਕੀਤਾ ਹੈ ਤੇ ਪੰਜਾਬ ਨੂੰ ਕਰਜ਼ੇ ਹੇਠ ਦੱਬ ਦਿੱਤਾ ਹੈ, ਇਸ ਗੱਲ ਦਾ ਨਿੰਦਾ ਪ੍ਰਸਤਾਵ ਲਿਆਉਣ ਵਾਸਤੇ ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ **** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**** Not recorded as ordered by the Chair.

ਮਾਨਯੋਗ ਸਪੀਕਰ : ** ** ਨਾਅਰੇ ਰਿਕਾਰਡ ਨਾ ਕੀਤੇ ਜਾਣ ।

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ : ਸਪੀਕਰ ਸਾਹਿਬ, ਕੇਬਲ ਨੈਟਵਰਕ ਦਾ ਕਾਰੋਬਾਰ ਚੱਲ ਰਿਹਾ ਹੈ, ਕੇਬਲ ਓਪਰੇਟਰਾਂ ਨੇ ਪੰਜਾਬ ਦੇ ਪੂਰੇ ਇਨਫਰਾਸਟਰਕਚਰ ਨੂੰ ਮਿਸਯੂਜ਼ ਕੀਤਾ ਹੈ, ਵਰਤੋਂ ਵਿੱਚ ਲਿਆਂਦਾ, ਸਰਕਾਰੀ ਜਗ੍ਹਾ ਤੇ ਜਿਹੜੇ ਬਿਜਲੀ ਦੇ ਖੰਭੇ ਹਨ, ਸਰਕਾਰੀ ਲਾਈਨਾਂ, ਸਰਕਾਰੀ ਨਹਿਰਾਂ, ਰੇਲਵੇ ਨੂੰ ਮਿਸਯੂਜ਼ ਕੀਤਾ ਹੈ ਔਰ ਇਸ ਬਾਰੇ ਕੋਈ ਪਰਮਿਸ਼ਨ ਨਹੀਂ ਲਈ ਗਈ । ਇਸ ਬਾਰੇ ਪੰਜਾਬ ਦੇ ਲੋਕਲ ਬਾਡੀਜ਼ ਮਨਿਸਟਰ ਅਤੇ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਕੇਬਲ ਨੈਟਵਰਕ ਵਾਲਿਆਂ ਨੇ ਜਿਨ੍ਹਾਂ ਨੇ ਤਾਰਾਂ ਦੱਬੀਆਂ ਹਨ, ਕੀ ਇਨ੍ਹਾਂ ਨੇ ਪੰਜਾਬ ਗੌਰਮਿੰਟ ਕੋਲੋਂ ਕੋਈ ਪਰਮਿਸ਼ਨ ਲਈ ਹੈ? ਪੰਜਾਬ ਦਾ ਕਰੋੜਾਂ-ਅਰਬਾਂ ਰੁਪਿਆਂ ਦਾ ਇਨ੍ਹਾਂ ਨੇ ਟੈਕਸ ਨਹੀਂ ਦਿੱਤਾ । ਦੂਜੇ ਪਾਸੇ ਜਿਹੜਾ ਐਂਟਰਟੇਨਮੈਂਟ ਟੈਕਸ ਹੈ, ਕੀ ਮਿਉਂਸਿਪਲ ਕਮੇਟੀਆਂ ਨੇ ਜਾਂ ਕਾਰਪੋਰੇਸ਼ਨ ਨੇ ਇਹ ਟੈਕਸ ਉਨ੍ਹਾਂ ਤੋਂ ਵਸੂਲ ਕੀਤਾ ਹੈ ? ਕੀ ਲੋਕਲ ਬਾਡੀਜ਼ ਮਨਿਸਟਰ ਇਸ ਬਾਰੇ ਦੱਸਣਗੇ ਕਿ ਇਨ੍ਹਾਂ ਨੇ ਐਂਟਰਟੇਨਮੈਂਟ ਟੈਕਸ ਲਿਆ ਹੈ ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

ਮਾਨਯੋਗ ਸਪੀਕਰ : ਸੀਟ ਤੇ ਜਾ ਕੇ ਗੱਲ ਕਰੋ ।(ਵਿਘਨ) ਸੀਟਾਂ ਤੇ ਬੈਠੋ । ਸੀਟਾਂ ਤੇ ਬੈਠੋ। ਸੀਟਾਂ ਤੇ ਜਾ ਕੇ ਗੱਲ ਕਰੋ ਜਿਹੜੀ ਕਰਨੀ ਹੈ । (ਵਿਘਨ) ਪਲੀਜ਼ ਸੀਟ ਤੇ ਗੱਲ ਕਰੋ।

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ : ਕੀ ਮੰਤਰੀ ਜੀ ਦੱਸਣਗੇ ਕਿ ਪੰਜਾਬ ਵਿੱਚ ਕੇਬਲ ਨੈਟਵਰਕ ਕਿੰਨੇ ਹਨ ਔਰ ਕਿੰਨਿਆਂ ਨੇ ਪਰਮਿਸ਼ਨ ਲਈ ਹੈ ਤੇ ਕਿੰਨਿਆਂ ਨੇ ਪਰਮਿਸ਼ਨ ਨਹੀਂ ਲਈ ? ਕੀ ਇਨ੍ਹਾਂ ਖਿਲਾਫ ਪਰਚਾ ਦਰਜ ਕਰਕੇ ਕਾਰਵਾਈ ਕੀਤੀ ਜਾਵੇਗੀ? ਕੀ ਲੋਕਲ ਬਾਡੀਜ਼ ਮਨਿਸਟਰ ਇਸ ਬਾਰੇ ਦੱਸਣਗੇ ?

ਮਾਨਯੋਗ ਸਪੀਕਰ : ਪਲੀਜ਼ ਬੈਠੋ । (ਵਿਘਨ) (ਸ਼ੋਰ) ਪਲੀਜ਼ ਬੈਠੋ ।

ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਮੈਨੂੰ ਕਿਹਾ ਹੈ । ਮੈਨੂੰ ਇੱਕ ਦਿਨ ਦਾ ਸਮਾਂ ਦੇ ਦਿਓ । ਮੈਂ ਇਨ੍ਹਾਂ ਨੂੰ ਜਵਾਬ ਦੇ ਦਿਆਂਗਾ ਤੇ ਅਸਲੀ ਤੱਥ ਲਿਆ ਸਕਾਂਗਾ । ਜੇ ਮੈਨੂੰ ਇਜਾਜ਼ਤ ਦਿਓ ਤਾਂ ਕੱਲ੍ਹ ਤੱਕ ਮੈਂ ਇਹ ਜਵਾਬ ਦੇ ਦਿਆਂਗਾ ।

ਮਾਨਯੋਗ ਸਪੀਕਰ : ਕੱਲ੍ਹ ਜਵਾਬ ਦੇ ਦਿਓ ।

ਸਥਾਨਕ ਸਰਕਾਰ ਮੰਤਰੀ : ਕੱਲ੍ਹ ਜ਼ਰੂਰ ਜਵਾਬ ਦੇ ਦਿਆਂਗਾ ।

** ** Not recorded as ordered by the Chair.

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਸਰਕਾਰ ਦਾ ਧਿਆਨ ਇੱਕ ਬਹੁਤ ਹੀ ਅਹਿਮ ਮੁੱਦੇ ਤੇ ਲਿਆਉਣਾ ਚਾਹੁੰਦਾ ਹਾਂ ਜਿਹੜਾ ਮੇਰੇ ਹਲਕੇ ਨਾਲ ਮੁਤੱਲਕ ਹੈ। ਮੇਰੇ ਹਲਕੇ ਵਿੱਚ ਦੋ ਪਿੰਡ ਹਨ, ਇੱਕ ਪਿੰਡ ਦਾ ਨਾਂ ਤਲਵਾੜਾ ਹੈ ਜਿਸ ਦਾ ਰੈਵੀਨਿਊ ਬਲਾਕ ਤੇ ਬੀ.ਡੀ.ਓ ਬਲਾਕ ਬੱਸੀ ਵਿੱਚ ਪੈਂਦਾ ਹੈ । ਦੋ ਪਿੰਡ ਹੋਰ ਹਨ, ਅਜਾਲੀ ਤੇ ਅੰਬੇਮਾਜਰਾ ਜਿਨ੍ਹਾਂ ਦਾ ਰੈਵੀਨਿਊ ਬਲਾਕ ਤੇ ਬੀ.ਡੀ.ਓ ਬਲਾਕ ਫਤਹਿਗੜ੍ਹ ਸਾਹਿਬ ਵਿੱਚ ਪੈਂਦਾ ਹੈ । ਡੀਲਿਮੀਟੇਸ਼ਨ ਦੇ ਅਧੀਨ ਅਮਲੋਹ ਹਲਕਾ ਨਵਾਂ ਬਣਿਆ ਸੀ। ਮੇਰੀ ਤੁਹਾਡੇ ਜ਼ਰੀਏ ਹੱਥ ਜੋੜ ਕੇ ਪ੍ਰਾਰਥਨਾ ਹੈ । ਮੈਂ ਕਾਲ ਅਟੈਂਸ਼ਨ ਵੀ ਲੈ ਕੇ ਆਇਆ ਸੀ ..... (ਵਿਘਨ...ਸ਼ੋਰ)...

ਮਾਨਯੋਗ ਸਪੀਕਰ : ਹੋ ਗਿਆ ਹੁਣ ...(ਵਿਘਨ...ਸ਼ੋਰ)...

ਸਰਦਾਰ ਰਣਦੀਪ ਸਿੰਘ : ਸਾਡੇ ਰੂਰਲ ਡਿਵੈਲਪਮੈਂਟ ਦੇ ਮਨਿਸਟਰ ਇੰਨੀ ਐਸ਼ੋਰੈਂਸ ਦੇ ਦੇਣ ਕਿ ਘੱਟ ਤੋਂ ਘੱਟ ਬੀ.ਡੀ.ਓ. ਬਲਾਕ ਇਕੱਠੇ ਜੋੜੇ ਜਾਣ ਕਿਉਂਕਿ ਇਹ ਗੋਬਿੰਦਗੜ੍ਹ ਸ਼ਹਿਰ ਦੇ ਨਾਲ ਲੱਗਿਆ ਹੈ ਅਤੇ ਸ਼ਹਿਰ ਦੀ ਹੱਦਬੰਦੀ ਦੇ ਅੰਦਰ ਹਨ ....(ਵਿਘਨ...ਸ਼ੋਰ)....

ਮਾਨਯੋਗ ਸਪੀਕਰ : ਤੁਸੀਂ ਆਪਣਾ ਇਸ਼ੂ ਚੁੱਕ ਲਿਆ ਹੈ, ਬੈਠ ਜਾਓ...(ਵਿਘਨ...ਸ਼ੋਰ)... ਨਵਤੇਜ ਸਿੰਘ ਚੀਮਾ ਜੀ ।

ਸਰਦਾਰ ਨਵਤੇਜ ਸਿੰਘ ਚੀਮਾ : ਸਪੀਕਰ ਸਾਹਿਬ, ਧੰਨਵਾਦ। ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਸਮਾਗਮ ਆ ਰਿਹਾ ਹੈ, ਇਸ ਨੂੰ ਸੁਲਤਾਨਪੁਰ ਲੋਧੀ ਵਿੱਚ ਰਾਜ ਪੱਧਰੀ ਮਨਾਉਣ ਲਈ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਨੇ ਐਲਾਨ ਕਰ ਦਿੱਤਾ ਹੈ। ਮੈਂ ਸੀ.ਐਮ. ਸਾਹਿਬ ਵੱਲੋਂ ਆਸ਼ਵਾਸਨ ਚਾਹੁੰਦਾ ਹਾਂ ਕਿ ਇਹ ਸਮਾਗਮ ਰਾਜ ਪੱਧਰੀ ਮਨਾਇਆ ਜਾਵੇ। ਇਹ ਮੇਰੀ ਬੇਨਤੀ ਸੀ.ਐਮ. ਸਾਹਿਬ ਨੂੰ ਹੈ ਕਿ ਰਾਜ ਪੱਧਰੀ ਸਮਾਗਮ ਮਨਾਉਣ ਲਈ ਮਤਾ ਪਾਸ ਕੀਤਾ ਜਾਵੇ .....(ਵਿਘਨ....ਸ਼ੋਰ)...

ਮਾਨਯੋਗ ਸਪੀਕਰ : ਜ਼ੀਰੋ ਆਵਰ ਖਤਮ ਹੁੰਦਾ ਹੈ ....(ਵਿਘਨ...ਸ਼ੋਰ)... ਹਾਂ ਜੀ, ਸਰਦਾਰ ਬਲਬੀਰ ਸਿੰਘ ਸਿੱਧੂ ਜੀ। ਜ਼ੀਰੋ ਆਵਰ ਖਤਮ ਹੁੰਦਾ ਹੈ, ਬੈਠੋ। ..(ਵਿਘਨ)..(ਸ਼ੋਰ).. ਤੁਸੀਂ ਬੈਠੋ।ਸਰਦਾਰ ਬਲਬੀਰ ਸਿੰਘ ਸਿੱਧੂ ਜੀ ਨੂੰ ਗੱਲ ਕਰਨ ਦਿਓ।

CALL ATTENTION NOTICE UNDER RULE 66

(ਨੰ: 26)

ਸਰਦਾਰ ਬਲਬੀਰ ਸਿੰਘ ਸਿੱਧੂ : ਸ਼੍ਰੀਮਾਨ ਜੀ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਵਿਧਾਨ ਸਭਾ ਹਲਕਾ ਐਸ.ਏ.ਐਸ. ਨਗਰ ਵਿੱਚ ਪੈਂਦੇ ਪਿੰਡ ਝਿਊਰਹੇੜੀ ਦੀ ਏਅਰਪੋਰਟ ਲਈ ਜ਼ਮੀਨ ਐਕਵਾਇਰ ਕੀਤੀ ਗਈ ਸੀ, ਜਿਸ ਬਦਲੇ ਗਰਾਮ ਪੰਚਾਇਤ ਨੂੰ ਮੁਆਵਜ਼ੇ ਵਜੋਂ 54 ਕਰੋੜ ਰੁਪਏ ਮਿਲੇ ਸਨ। ਉਸ ਸਮੇਂ ਦੇ ਮੌਜੂਦਾ ਅਫਸਰਾਂ ਵੱਲੋਂ ਪਿੰਡ ਦੇ ਸਰਪੰਚ ਨਾਲ ਮਿਲ ਕੇ ਪੰਚਾਇਤ ਲਈ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਜ਼ਮੀਨ ਖਰੀਦੀ ਗਈ, ਜਿਸ ਵਿੱਚ ਕਰੋੜਾਂ ਰੁਪਏ ਦਾ ਘਪਲਾ ਕੀਤਾ ਗਿਆ। ਇਹ ਜ਼ਮੀਨ ਮਾਰਕੀਟ ਰੇਟ ਤੋਂ ਦੁੱਗਣੇ ਰੇਟ ਤੇ ਖਰੀਦੀ ਗਈ। ਇਹ ਜ਼ਮੀਨ ਖਰੀਦਣ ਲਈ ਕਿਸੇ ਵੀ ਸਮਰੱਥ ਅਧਿਕਾਰੀ ਤੋਂ ਪ੍ਰਵਾਨਗੀ ਨਹੀਂ ਲਈ ਗਈ। ਸਰਪੰਚ ਵੱਲੋਂ ਪਿੰਡ ਦੇ ਵਿਕਾਸ ਲਈ ਕਰੋੜਾਂ ਰੁਪਏ ਖਾਤੇ ਵਿਚੋਂ ਕਢਵਾਏ ਗਏ, ਉਹ ਵੀ ਸਿਰਫ ਕਾਗਜ਼ਾਂ ਵਿੱਚ ਹੀ ਲੱਗੇ ਹਨ। ਇਸ ਸਭ ਦੀ ਮੈਂ ਮੁੱਖ ਮੰਤਰੀ ਸਾਹਿਬ ਤੋਂ ਮੰਤਰੀ ਸਾਹਿਬ ਰਾਹੀਂ ਚਾਹੁੰਦਾ ਹਾਂ ਕਿ ਵਿਜੀਲੈਂਸ ਜਾਂਚ ਕਰਵਾਈ ਜਾਵੇ। ਕੀ ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨਗੇ।

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ): ਸਪੀਕਰ ਸਾਹਿਬ, ਇਹ ਮੁਆਵਜ਼ਾ ਮਿਲਿਆ ਹੈ, ਉਥੇ ਜ਼ਮੀਨ ਵੀ ਖਰੀਦੀ ਗਈ, ਡਿਵੈਲਪਮੈਂਟ ਦੇ ਕੰਮ ਵੀ ਕਰਵਾਏ ਗਏ। ਜੇ ਇਨ੍ਹਾਂ ਨੂੰ ਕੋਈ ਸ਼ਿਕਾਇਤ ਹੈ ਕਿ ਉਥੇ ਗੜਬੜ ਹੋਈ ਹੈ ਤਾਂ ਜਿਹੜੀ ਇਨਕੁਆਇਰੀ ਆਖਣਗੇ, ਉਹ ਕਰਵਾਈ ਜਾਵੇਗੀ।

ਮਾਨਯੋਗ ਸਪੀਕਰ : ਮੇਜ਼ ਤੇ ਰੱਖੇ ਗਏ ਕਾਗਜ਼ ਪੱਤਰ ...(ਵਿਘਨ...ਸ਼ੋਰ)...

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਇੱਕ ਮਿੰਟ, ਸਰ।

ਮਾਨਯੋਗ ਸਪੀਕਰ : ਸਪਲੀਮੈਂਟਰੀ ਇੱਕੋ ਹੀ ਹੁੰਦੀ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਮੈਂ, ਸਰ, ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਇਥੇ ਬੈਠੇ ਹਨ, ਇਸ ਦੀ ਵਿਜੀਲੈਂਸ ਇਨਕੁਆਇਰੀ ਮਾਰਕ ਕੀਤੀ ਜਾਵੇ, ਇਹ ਬਹੁਤ ਅਤਿ ਜ਼ਰੂਰੀ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਗੱਲ ਕਹੀ ਹੈ, ਇਸ ਵਿੱਚ ਅਸੀਂ ਇਨਵੈਸਟੀਗੇਟ ਕਰਾਂਗੇ ਕਿ ਇਸ ਵਿੱਚ ਕੀ ਸੱਚਾਈ ਹੈ।

Sardar Balbir Singh Sidhu : Thank you, Sir.

PAPERS LAID ON THE TABLE OF THE HOUSE

ਮਾਨਯੋਗ ਸਪੀਕਰ : ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ। ਸ਼੍ਰੀ ਬ੍ਰਹਮ ਮਹਿੰਦਰਾ ਜੀ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੈਂ

1) 31 ਮਾਰਚ, 2016 ਨੂੰ ਖਤਮ ਹੋਏ ਸਾਲ ਲਈ ਪੰਚਾਇਤੀ ਰਾਜ ਸੰਸਥਾਵਾਂ ਅਤੇ ਅਰਬਨ ਲੋਕਲ ਬਾਡੀਜ਼ ਦੀ ਸਾਲਾਨਾ ਤਕਨੀਕੀ ਪੜਤਾਲ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151 (2) ਅਧੀਨ ਲੋੜੀਂਦਾ ਹੈ।

2) ਪੰਜਾਬ ਰਾਜ ਰੀਅਲ ਅਸਟੇਟ (ਵਿਨਿਯਮਨ ਅਤੇ ਵਿਕਾਸ) ਨਿਯਮ, 2017, ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਰੀਅਲ ਅਸਟੇਟ (ਵਿਨਿਯਮਨ ਅਤੇ ਵਿਕਾਸ) ਐਕਟ, 2016 ਦੀ ਧਾਰਾ 86 (2) ਅਧੀਨ ਲੋੜੀਂਦਾ ਹੈ।

3) i) ਐਜੂਕੇਸ਼ਨਲ ਟ੍ਰਿਬਿਊਨਲ, ਪੰਜਾਬ ਨੂੰ ਐਪੀਲੇਟ ਟ੍ਰਿਬਿਊਨਲ ਦੇ ਰਸਮੀ ਗਠਨ ਤੱਕ ਰੀਅਲ ਐਸਟੇਟ ਐਪੀਲੇਟ ਟ੍ਰਿਬਿਊਨਲ ਨਾਮਾਂਕਣ ਕਰਨ ਸਬੰਧੀ ਅਧਿਸੂਚਨਾ ਨੰ. 17/05/16-5 ਗਖ 2/ 2007 ਸਦਨ ਦੀ ਮੇਜ਼ ਤੇ ਰੱਖਦਾ ਹਾਂ; ਅਤੇ

ii) ਪ੍ਰਮੁੱਖ ਸਕੱਤਰ, ਮਕਾਨ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਨੂੰ ਰੈਗੂਲੇਟਰੀ ਅਥਾਰਿਟੀ ਦੇ ਰਸਮੀ ਗਠਨ ਤੱਕ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ ਨਿਯੁਕਤ ਕਰਨ ਸਬੰਧੀ ਅਧਿਸੂਚਨਾ ਨੰ.17/05/16-5 ਗਖ 2 / 8853141/1 ਸਦਨ ਦੀ ਮੇਜ਼ ਤੇ ਰੱਖਦਾ ਹਾਂ।

RESUMPTION OF DISCUSSION ON BUDGET ESTIMATES FOR THE YEAR 2017-18

ਮਾਨਯੋਗ ਸਪੀਕਰ : ਸਾਲ 2017-18 ਲਈ ਬਜਟ ਅਨੁਮਾਨਾਂ ਤੇ ਬਹਿਸ ਮੁੜ ਆਰੰਭ ਕਰਨਾ। ਮਿਤੀ 21.6.2017 ਨੂੰ ਜਦੋਂ ਸਦਨ ਦੀ ਕਾਰਵਾਈ ਸਥਗਿਤ ਹੋਈ ਸੀ, ਉਸ ਸਮੇਂ ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਬਜਟ ਅਨੁਮਾਨਾਂ ਤੇ ਆਮ ਬਹਿਸ ਤੇ ਬੋਲ ਰਹੇ ਸਨ। ਹੁਣ ਉਹ ਆਪਣਾ ਭਾਸ਼ਣ ਮੁੜ ਆਰੰਭ ਕਰਨ। ਟੀਨੂ ਜੀ .... (ਵਿਘਨ...ਸ਼ੋਰ).... ਟੀਨੂ ਜੀ .... ਟੀਨੂ ਜੀ

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਹਾਜ਼ਰ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਸਦਨ ਦੇ ਵੈੱਲ ਵਿੱਚ ਮਾਨਯੋਗ ਸਪੀਕਰ ਵਿਰੋਧੀ ** ਨਾਅਰੇ ਲਗਾ ਰਹੇ ਸਨ ਜਿਹੜੇ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ਸਰਦਾਰ ਪਰਗਟ ਸਿੰਘ, ਐਮ.ਐਲ.ਏ. (ਵਿਘਨ)

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ ....(ਵਿਘਨ...ਸ਼ੋਰ)...

ਮਾਨਯੋਗ ਸਪੀਕਰ : ਸ਼੍ਰੀ ਬ੍ਰਹਮ ਮਹਿੰਦਰਾ ਜੀ ਕੁਝ ਕਹਿਣਾ ਚਾਹੁੰਦੇ ਹਨ।

ਸੰਸਦੀ ਮਾਮਲੇ ਮੰਤਰੀ : ਤੁਸੀਂ ਬਜਟ ਤੇ ਬਹਿਸ ਨੂੰ ਰਿਜ਼ਿਊਮ ਕਰਨ ਲਈ ਸਤਿਕਾਰਯੋਗ ਟੀਨੂ ਜੀ ਦਾ ਨਾਮ ਲਿਆ ਹੈ, ਉਨ੍ਹਾਂ ਨੂੰ ਕਾਲ ਅਪਾਨ ਕਰ ਰਹੇ ਹੋ। ਉਹ ਕੱਲ੍ਹ ਆਪਣੀ ਲੈੱਗਜ਼ ਤੇ ਸਨ ਜਦੋਂ ਹਾਊਸ ਐਡਜਰਨ ਹੋਇਆ ਸੀ ਪਰ ਕੱਲ੍ਹ ਜੋ ਕੁਝ ਮੰਦਭਾਗੀਆਂ ਗੱਲਾਂ ਹੋਈਆਂ ਹਨ, ਮੈਂ ਉਸ ਤੇ ਪ੍ਰਸਤਾਵ ਰੱਖਣਾ ਚਾਹੁੰਦਾ ਹਾਂ ਜੀ।

ਮਾਨਯੋਗ ਸਪੀਕਰ : ਰੱਖੋ ਜੀ।

PRIVILEGE MOTION

ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਇਹ ਸਦਨ ਕੱਲ੍ਹ ਮਿਤੀ 21 ਜੂਨ, 2017 ਨੂੰ ਪ੍ਰਸ਼ਨ ਕਾਲ ਦੌਰਾਨ ਸ਼੍ਰੀ ਪਵਨ ਕੁਮਾਰ ਟੀਨੂ, ਮੈਂਬਰ, ਸ਼੍ਰੋਮਣੀ ਅਕਾਲੀ ਦਲ ਅਤੇ ਵਿਰੋਧੀ ਧਿਰ ਦੇ ਹੋਰ ਕਈ ਮੈਂਬਰਾਂ ਦੁਆਰਾ ਪ੍ਰਸ਼ਨ ਕਾਲ ਦੀ ਕਾਰਵਾਈ ਵਿਚ ਵਿਘਨ ਪਾਉਂਦਿਆਂ ਹੋਇਆਂ ਸਪੀਕਰ ਸਾਹਿਬ ਦੀ ਪਦਵੀ ਦੇ ਖਿਲਾਫ ਅਪਮਾਨਜਨਕ ਲਹਿਜ਼ੇ ਵਿੱਚ ਜਿਹੜੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਕਿ "ਤੁਸੀਂ ਇਹੋ ਜਿਹੇ ਮੰਤਰੀ ਨੂੰ ਬੋਲਣ ਦਾ ਮੌਕਾ ਦਿੰਦੇ ਹੋ" ਅਤੇ ਇਸ ਪਵਿੱਤਰ ਸਦਨ ਦੇ ਅੰਦਰ ਇੱਕ ਮਾਨਯੋਗ ਮੰਤਰੀ ਦੇ ਖਿਲਾਫ ਬਹੁਤ ਹੀ ਅਪਮਾਨਜਨਕ ਅਤੇ ਜ਼ਾਤੀ ਤੌਰ ਤੇ ਜੋ ਸ਼ਬਦ ਬੋਲੇ ਗਏ ਹਨ, ਜਿਸ ਤਰ੍ਹਾਂ – "ਮੈਂ ਤੇਰੇ ਜੁੱਤੀ ਮਾਰਾਂਗਾ, ਤੈਨੂੰ ਦੱਸ ਦਿਆਂ ਮੈਂ, ਹੇਰਾਫੇਰੀ ਨਾਲ ਜਿੱਤ ਕੇ ਆਇਆ ਹੈ ਤੂੰ," ਇਸ ਨਾਲ ਸਦਨ ਦੇ ਨਿਯਮਾਂ ਅਤੇ ਸਦਨ ਦੀ ਮਾਣ ਅਤੇ ਮਰਿਆਦਾ ਪੂਰੀ ਤਰ੍ਹਾਂ ਭੰਗ ਹੋਈ ਹੈ। ਇਹ ਸਦਨ ਸ਼੍ਰੀ ਪਵਨ ਕੁਮਾਰ ਟੀਨੂ ਅਤੇ ਵਿਰੋਧੀ ਧਿਰ ਦੇ ਕਈ ਹੋਰ ਮੈਂਬਰਾਂ ਦੇ ਇਸ ਵਿਵਹਾਰ ਨੂੰ ਪਵਿੱਤਰ ਸਦਨ ਦੀ ਤੌਹੀਨ ਸਮਝਦਾ ਹੈ ਅਤੇ ਇਸ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਇਹ ਸਦਨ ਇਸ ਪਵਿੱਤਰ ਸਦਨ ਦੇ ਨਿਯਮਾਂ ਅਤੇ ਮਾਣ ਮਰਿਆਦਾ ਦੀ ਉਲੰਘਣਾ

**Not recorded as ordered by the Chair.

[ਸੰਸਦੀ ਮਾਮਲੇ ਮੰਤਰੀ]

ਹੋਣ ਤੇ ਇਸ ਪਵਿੱਤਰ ਸਦਨ ਦੀ ਤੌਹੀਨ ਸਮਝਦੇ ਹੋਏ ਇਸ ਦੀ ਪੁਰਜ਼ੋਰ ਨਿੰਦਾ ਕਰਦਾ ਹੈ ਅਤੇ ਇਸ ਪਵਿੱਤਰ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੇ ਹਨਨ ਦੇ ਮਾਮਲੇ ਤੇ ਕਾਰਵਾਈ ਕਰਨ ਦੀ ਮੰਗ ਕਰਦਾ ਹੈ।"

ਮਾਨਯੋਗ ਸਪੀਕਰ: ਪ੍ਰਸਤਾਵ ਕੀਤਾ –

"ਕਿ ਇਹ ਸਦਨ ਕੱਲ੍ਹ ਮਿਤੀ 21 ਜੂਨ, 2017 ਨੂੰ ਪ੍ਰਸ਼ਨ ਕਾਲ ਦੌਰਾਨ ਸ਼੍ਰੀ ਪਵਨ ਕੁਮਾਰ ਟੀਨੂ, ਮੈਂਬਰ, ਸ਼੍ਰੋਮਣੀ ਅਕਾਲੀ ਦਲ ਅਤੇ ਵਿਰੋਧੀ ਧਿਰ ਦੇ ਹੋਰ ਕਈ ਮੈਂਬਰਾਂ ਦੁਆਰਾ ਪ੍ਰਸ਼ਨ ਕਾਲ ਦੀ ਕਾਰਵਾਈ ਵਿਚ ਵਿਘਨ ਪਾਉਂਦਿਆਂ ਹੋਇਆਂ ਸਪੀਕਰ ਸਾਹਿਬ ਦੀ ਪਦਵੀ ਦੇ ਖਿਲਾਫ ਅਪਮਾਨਜਨਕ ਲਹਿਜ਼ੇ ਵਿੱਚ ਜਿਹੜੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਕਿ "ਤੁਸੀਂ ਇਹੋ ਜਿਹੇ ਮੰਤਰੀ ਨੂੰ ਬੋਲਣ ਦਾ ਮੌਕਾ ਦਿੰਦੇ ਹੋ" ਅਤੇ ਇਸ ਪਵਿੱਤਰ ਸਦਨ ਦੇ ਅੰਦਰ ਇੱਕ ਮਾਨਯੋਗ ਮੰਤਰੀ ਦੇ ਖਿਲਾਫ ਬਹੁਤ ਹੀ ਅਪਮਾਨਜਨਕ ਅਤੇ ਜਾਤੀ ਤੌਰ ਤੇ ਜੋ ਸ਼ਬਦ ਬੋਲੇ ਗਏ ਹਨ, ਜਿਸ ਤਰ੍ਹਾਂ – "ਮੈਂ ਤੇਰੇ ਜੁੱਤੀ ਮਾਰਾਂਗਾ, ਤੈਨੂੰ ਦੱਸ ਦਿਆਂ ਮੈਂ, ਹੇਰਾਫੇਰੀ ਨਾਲ ਜਿੱਤ ਕੇ ਆਇਆ ਹੈ ਤੂੰ," ਇਸ ਨਾਲ ਸਦਨ ਦੇ ਨਿਯਮਾਂ ਅਤੇ ਸਦਨ ਦੀ ਮਾਣ ਅਤੇ ਮਰਿਆਦਾ ਪੂਰੀ ਤਰ੍ਹਾਂ ਭੰਗ ਹੋਈ ਹੈ। ਇਹ ਸਦਨ ਸ਼੍ਰੀ ਪਵਨ ਕੁਮਾਰ ਟੀਨੂ ਅਤੇ ਵਿਰੋਧੀ ਧਿਰ ਦੇ ਕਈ ਹੋਰ ਮੈਂਬਰਾਂ ਦੇ ਇਸ ਵਿਵਹਾਰ ਨੂੰ ਪਵਿੱਤਰ ਸਦਨ ਦੀ ਤੌਹੀਨ ਸਮਝਦਾ ਹੈ ਅਤੇ ਇਸ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਇਹ ਸਦਨ ਇਸ ਪਵਿੱਤਰ ਸਦਨ ਦੇ ਨਿਯਮਾਂ ਅਤੇ ਮਾਣ ਮਰਿਆਦਾ ਦੀ ਉਲੰਘਣਾ ਹੋਣ ਤੇ ਇਸ ਪਵਿੱਤਰ ਸਦਨ ਦੀ ਤੌਹੀਨ ਸਮਝਦੇ ਹੋਏ ਇਸ ਦੀ ਪੁਰਜ਼ੋਰ ਨਿੰਦਾ ਕਰਦਾ ਹੈ ਅਤੇ ਇਸ ਪਵਿੱਤਰ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੇ ਹਨਨ ਦੇ ਮਾਮਲੇ ਤੇ ਕਾਰਵਾਈ ਕਰਨ ਦੀ ਮੰਗ ਕਰਦਾ ਹੈ।"

ਮਾਨਯੋਗ ਸਪੀਕਰ: ਪ੍ਰਸ਼ਨ ਹੈ –

"ਕਿ ਇਹ ਸਦਨ ਕੱਲ੍ਹ ਮਿਤੀ 21 ਜੂਨ, 2017 ਨੂੰ ਪ੍ਰਸ਼ਨ ਕਾਲ ਦੌਰਾਨ ਸ਼੍ਰੀ ਪਵਨ ਕੁਮਾਰ ਟੀਨੂ, ਮੈਂਬਰ, ਸ਼੍ਰੋਮਣੀ ਅਕਾਲੀ ਦਲ ਅਤੇ ਵਿਰੋਧੀ ਧਿਰ ਦੇ ਹੋਰ ਕਈ ਮੈਂਬਰਾਂ ਦੁਆਰਾ ਪ੍ਰਸ਼ਨ ਕਾਲ ਦੀ ਕਾਰਵਾਈ ਵਿਚ ਵਿਘਨ ਪਾਉਂਦਿਆਂ ਹੋਇਆਂ ਸਪੀਕਰ ਸਾਹਿਬ ਦੀ ਪਦਵੀ ਦੇ ਖਿਲਾਫ ਅਪਮਾਨਜਨਕ ਲਹਿਜ਼ੇ ਵਿੱਚ ਜਿਹੜੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਕਿ "ਤੁਸੀਂ ਇਹੋ ਜਿਹੇ ਮੰਤਰੀ ਨੂੰ ਬੋਲਣ ਦਾ ਮੌਕਾ ਦਿੰਦੇ ਹੋ" ਅਤੇ ਇਸ ਪਵਿੱਤਰ ਸਦਨ ਦੇ ਅੰਦਰ ਇੱਕ ਮਾਨਯੋਗ ਮੰਤਰੀ ਦੇ ਖਿਲਾਫ ਬਹੁਤ ਹੀ ਅਪਮਾਨਜਨਕ ਅਤੇ ਜਾਤੀ ਤੌਰ ਤੇ ਜੋ ਸ਼ਬਦ ਬੋਲੇ ਗਏ ਹਨ, ਜਿਸ ਤਰ੍ਹਾਂ – "ਮੈਂ ਤੇਰੇ ਜੁੱਤੀ ਮਾਰਾਂਗਾ, ਤੈਨੂੰ ਦੱਸ ਦਿਆਂ ਮੈਂ, ਹੇਰਾਫੇਰੀ ਨਾਲ ਜਿੱਤ ਕੇ ਆਇਆ ਹੈ ਤੂੰ," ਇਸ ਨਾਲ ਸਦਨ ਦੇ ਨਿਯਮਾਂ ਅਤੇ ਸਦਨ ਦੀ ਮਾਣ ਅਤੇ ਮਰਿਆਦਾ ਪੂਰੀ ਤਰ੍ਹਾਂ ਭੰਗ ਹੋਈ ਹੈ। ਇਹ ਸਦਨ ਸ਼੍ਰੀ ਪਵਨ ਕੁਮਾਰ ਟੀਨੂ ਅਤੇ ਵਿਰੋਧੀ ਧਿਰ ਦੇ ਕਈ ਹੋਰ ਮੈਂਬਰਾਂ ਦੇ ਇਸ ਵਿਵਹਾਰ ਨੂੰ ਪਵਿੱਤਰ ਸਦਨ ਦੀ

ਤੌਹੀਨ ਸਮਝਦਾ ਹੈ ਅਤੇ ਇਸ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਇਹ ਸਦਨ ਇਸ ਪਵਿੱਤਰ ਸਦਨ ਦੇ ਨਿਯਮਾਂ ਅਤੇ ਮਾਣ ਮਰਿਆਦਾ ਦੀ ਉਲੰਘਣਾ ਹੋਣ ਤੇ ਇਸ ਪਵਿੱਤਰ ਸਦਨ ਦੀ ਤੌਹੀਨ ਸਮਝਦੇ ਹੋਏ ਇਸ ਦੀ ਪੁਰਜ਼ੋਰ ਨਿੰਦਾ ਕਰਦਾ ਹੈ ਅਤੇ ਇਸ ਪਵਿੱਤਰ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੇ ਹਨਨ ਦੇ ਮਾਮਲੇ ਤੇ ਕਾਰਵਾਈ ਕਰਨ ਦੀ ਮੰਗ ਕਰਦਾ ਹੈ।"

ਪ੍ਰਸਤਾਵ ਪ੍ਰਵਾਨ ਹੋਇਆ।

DISCUSSION ON BUDGET ESTIMATES FOR THE YEAR 2017-18 (*Resumption*)

ਮਾਨਯੋਗ ਸਪੀਕਰ : ਸਰਦਾਰ ਪ੍ਰਗਟ ਸਿੰਘ, ਐਮ.ਐਲ.ਏ., ਬਜਟ ਅਨੁਮਾਨਾਂ ਤੇ ਆਪਣੀ ਬਹਿਸ ਸ਼ੁਰੂ ਕਰਨਗੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ **** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਸਰਦਾਰ ਪ੍ਰਗਟ ਸਿੰਘ ਪੋਆਰ (ਜਲੰਧਰ ਕੈਂਟ) : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਅਸਲੀ ਗੱਲ ਹੈ ਕਿ ਮੈਂ ਹਮੇਸ਼ਾ ਵਰਤਮਾਨ ਸਮੇਂ ਦੀ ਗੱਲ ਕਰਦਾ ਹਾਂ ਕਿਉਂਕਿ ਬੀਤੇ ਹੋਏ ਸਮੇਂ ਤੋਂ ਤੁਸੀਂ ਸਿੱਖ ਸਕਦੇ ਹੋ ਤੇ ਆਉਣ ਵਾਲੇ ਸਮੇਂ ਨੂੰ ਵਿਜ਼ੂਲਾਈਜ਼ ਕਰ ਸਕਦੇ ਹੋ ਲੇਕਿਨ ਜਿਹੜਾ ਸਭ ਤੋਂ ਪਾਵਰਫੁੱਲ ਸਮਾਂ ਹੁੰਦਾ ਹੈ, ਉਹ ਵਰਤਮਾਨ ਸਮਾਂ ਹੁੰਦਾ ਹੈ ਕਿਉਂਕਿ ਉਸ ਵਿੱਚ ਹੀ ਜ਼ਿੰਦਗੀ ਵਿੱਚ ਕੁਝ ਨਾ ਕੁਝ ਕੀਤਾ ਜਾ ਸਕਦਾ ਹੈ। ਜੇ ਮੈਂ ਪੰਜਾਬ ਦੇ ਪਿਛੋਕੜ ਦੀ ਗੱਲ ਕਰਾਂ ਤਾਂ ਪਿਛਲੇ 70 ਸਾਲਾਂ ਵਿੱਚ ਪੰਜਾਬ ਵਿੱਚ ਲਗਭਗ ਪੰਜ ਮੂਵਮੈਂਟਸ ਆਈਆਂ, ਜਿਸ ਵਿੱਚ ਨੈਕਸੇਲਿਜ਼ਮ ਆਇਆ, ਹਰੀ ਕ੍ਰਾਂਤੀ ਆਈ, ਵਾਈਟ ਕ੍ਰਾਂਤੀ ਆਈ, ਟੈਰੋਰਿਜ਼ਮ ਆਇਆ ਅਤੇ ਹੁਣ ਡਰੱਗਜ਼ ਦਾ ਟੈਰੋਰਿਜ਼ਮ ਚੱਲ ਰਿਹਾ ਹੈ । ਇਹ ਸਭ ਸਾਨੂੰ 70 ਸਾਲਾਂ ਵਿੱਚ ਦੇਖਣ ਦਾ ਮੌਕਾ ਮਿਲਿਆ। ਪੰਜਾਬੀ ਇਕ ਐਗਰੈਸਿਵ ਅਤੇ ਪ੍ਰੋਗਰੈਸਿਵ ਰੇਸ ਹੈ, ਮੈਂ ਸਮਝਦਾ ਹਾਂ ਕਿ ਪਿੱਛੇ ਜਦੋਂ ਵੀ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਪ੍ਰੋਗਰੈਸ ਵੱਲ ਤੋਰਿਆ ਤਾਂ ਉਨ੍ਹਾਂ ਨੇ ਦੇਸ਼ ਅਤੇ ਪੰਜਾਬ ਵਾਸਤੇ ਬਹੁਤ ਵਧੀਆ ਯੋਗਦਾਨ ਪਾਇਆ ਲੇਕਿਨ ਜਦੋਂ ਵੀ ਪੰਜਾਬ ਦਾ ਯੂਥ ਸਰਕਾਰਾਂ ਨੇ ਨੈਗੇਟਿਵ ਪਾਸੇ ਵੱਲ ਤੋਰਿਆ ਤਾਂ ਉਸ ਨਾਲ ਪੰਜਾਬ ਅਤੇ ਦੇਸ਼ ਦਾ ਬਹੁਤ ਵੱਡਾ ਨੁਕਸਾਨ ਹੋਇਆ। ਸਪੀਕਰ ਸਾਹਿਬ, ਕਿਸੇ ਵੀ ਸੂਬੇ ਦਾ ਸਿਸਟਮ ਉਥੋਂ ਦੇ ਲੋਕਾਂ ਦੇ

**** Not recorded as ordered by the Chair.

[ਸਰਦਾਰ ਪ੍ਰਗਟ ਸਿੰਘ ਪੋਆਰ]
ਕਿਰਦਾਰ ਦਾ ਆਈਨਾ ਹੁੰਦਾ ਹੈ। ਅੱਜ ਜ਼ਰੂਰਤ ਕਿਸ ਚੀਜ਼ ਦੀ ਹੈ? ਅੱਜ ਜਿਸ ਬਿਲਡਿੰਗ ਵਿੱਚ ਆਪਾਂ ਬੈਠੇ ਹਾਂ, ਇਹ ਬਿਲਡਿੰਗ ਲੀ ਕਾਰਬੂਜ਼ੀਅਰ ਨੇ ਇਸ ਸੋਚ ਨਾਲ ਡਿਜ਼ਾਇਨ ਕੀਤੀ ਸੀ ਕਿ ਇਸ ਵਿੱਚ ਇਹੋ ਜਿਹਾ ਵਧੀਆ ਇਨਵਾਇਰਨਮੈਂਟ ਹੋਵੇਗਾ, ਇਥੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ, ਲੋਕਾਂ ਪ੍ਰਤੀ ਫੈਸਲੇ ਲੈਣਗੇ ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ ਸਮੇਂ ਤੋਂ ਸਾਡੇ ਕਿਰਦਾਰ ਵਿੱਚ ਗਿਰਾਵਟ ਆਈ ਹੈ। ਮੈਂ ਅਕਾਲੀ ਦਲ ਨੂੰ ਬੇਨਤੀ ਕਰਦਾ ਹਾਂ ਕਿ ਮੇਰੀ ਗੱਲ ਤਾਂ ਸੁਣ ਲਓ, ਇਹ ਸਾਰਿਆਂ ਦੀ ਸਾਂਝੀ ਗੱਲ ਹੈ। ਸਾਡੇ ਸਾਰਿਆਂ ਦੇ ਕਿਰਦਾਰ ਅਤੇ ਕਦਰਾਂ-ਕੀਮਤਾਂ ਵਿੱਚ ਕਮੀ ਆਈ ਹੈ। ਉਸ ਦਾ ਨੁਕਸਾਨ ਕੀ ਹੋ ਰਿਹਾ ਹੈ? ਜਿਹੜੇ ਪਵਿੱਤਰ ਸਦਨ ਵਿੱਚ ਅਸੀਂ ਗੱਲ ਕਰ ਰਹੇ ਹਾਂ, ਲੋਕ ਸਾਡੇ ਤੋਂ ਆਸਾਂ ਰੱਖਦੇ ਹਨ, ਲੋਕ ਇਹ ਸੋਚਦੇ ਹਨ ਕਿ ਇਹ ਕੁਝ ਚੰਗੇ ਨਤੀਜੇ ਲੈ ਕੇ ਆਉਣਗੇ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੁਬਾਰਾ ਤਰੱਕੀ ਦੀ ਰਾਹ ਤੇ ਆਵੇਗਾ ਪਰ ਬਦਕਿਸਮਤੀ ਇਹ ਹੈ ਕਿ ਕਈ ਵਾਰ ਇਵੇਂ ਲਗਦਾ ਹੈ ਕਿ ਮੱਛੀ ਮਾਰਕੀਟ ਵਿੱਚ ਵੀ ਇੰਨਾ ਰੌਲਾ ਨਹੀਂ ਪੈਂਦਾ, ਜਿੰਨਾ ਇਹ ਪਾ ਰਹੇ ਹਨ। ਇਹ ਬਦਕਿਸਮਤੀ ਦੀ ਗੱਲ ਹੈ ਕਿਉਂਕਿ ਆਪਾਂ ਵੀ ਹਿਸਟਰੀ ਦਾ ਪਾਰਟ ਬਣਨਾ ਹੈ। ਇੱਥੇ ਬਹੁਤ ਆਏ ਹਨ ਅਤੇ ਬਹੁਤਿਆਂ ਨੇ ਆਉਣਾ ਹੈ। ਮੈਂ ਇਸ ਸਦਨ ਵਿੱਚ ਗੁਜਾਰਿਸ਼ ਕਰਾਂਗਾ ਕਿ ਆਪਾਂ ਉਨ੍ਹਾਂ ਕਦਰਾਂ-ਕੀਮਤਾਂ ਤੇ ਪਹਿਰਾ ਦਿੰਦੇ ਹੋਏ, ਆਪਾਂ ਉਸ ਸੋਚ ਤੇ ਪਹਿਰਾ ਦਿੰਦੇ ਹੋਏ, ਜਿਸ ਸੋਚ ਨਾਲ ਲੋਕਾਂ ਨੇ ਸਾਨੂੰ ਸਾਰਿਆਂ ਨੂੰ ਚੁਣ ਕੇ ਭੇਜਿਆ ਹੈ, ਅਸੀਂ ਉਸ ਤੇ ਪਹਿਰਾ ਦਿੰਦੇ ਹੋਏ ਪੰਜਾਬ ਨੂੰ ਦੁਬਾਰਾ ਉਸ ਤਰੱਕੀ ਦੀਆਂ ਲੀਹਾਂ ਤੇ ਲੈ ਕੇ ਜਾਈਏ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਦੇ ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

ਸਰਦਾਰ ਪ੍ਰਗਟ ਸਿੰਘ ਪੋਆਰ : ਸਪੀਕਰ ਸਾਹਿਬ, ਐਜੂਕੇਸ਼ਨ ਸਾਡੀ ਪ੍ਰੋਗਰੈਸ ਦਾ ਬਹੁਤ ਜ਼ਰੂਰੀ ਅੰਗ ਹੈ। ਮੈਂ ਜਿਥੇ ਫਾਈਨਾਂਸ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਐਜੂਕੇਸ਼ਨ ਦੇ ਬਜਟ ਵਿੱਚ ਬਹੁਤ ਵਾਧਾ ਕੀਤਾ ਹੈ ਪਰ ਇਸ ਦੇ ਨਾਲ ਮੈਂ ਇਕ ਗੁਜਾਰਿਸ਼ ਵੀ ਕਰਾਂਗਾ, ਐਜੂਕੇਸ਼ਨ ਮਨਿਸਟਰ ਵੀ ਬੈਠੇ ਹਨ। ਸਾਡੀ ਐਜੂਕੇਸ਼ਨ ਘੋਟੇ ਅਤੇ ਰੱਟੇ ਵਾਲੀ ਹੈ। ਅਸੀਂ ਘੋਟਾ ਲਾਇਆ, ਰੱਟਾ ਲਾਇਆ, ਮੈਮਰੀ ਵਿੱਚ ਡਾਊਨਲੋਡ ਕੀਤਾ, ਜਦੋਂ ਕੋਈ ਕੁਐਸਚਨ ਪੁੱਛਿਆ ਤਾਂ ਉਸ ਵਿਚੋਂ ਆਂਸਰ ਦੱਸ ਦਿੱਤਾ। ਦੁਨੀਆ ਵਿੱਚ ਇਹ ਇੰਟੈਲੀਜੈਂਸੀ ਨਹੀਂ ਗਿਣੀ ਜਾਂਦੀ। ਅੱਜ ਇਹ ਐਜੂਕੇਸ਼ਨ ਸਿਸਟਮ ਦੁਨੀਆ ਵਿਚੋਂ ਆਊਟਡੇਟ ਹੋ ਚੁੱਕਿਆ ਹੈ। ਅਸੀਂ ਹਰ ਛੇ ਮਹੀਨੇ ਬਾਅਦ ਇਕ ਨਵੀਂ ਯੂਨੀਵਰਸਿਟੀ ਬਣਾ ਦਿੰਦੇ ਹਾਂ, ਜਿਨ੍ਹਾਂ ਤੋਂ ਹਰ ਸਾਲ ਲਗਭਗ 45,000 ਤੋਂ 50,000 ਇੰਜੀਨੀਅਰ ਤੇ ਡਾਕਟਰ ਬਣਾ ਕੇ ਭੇਜ ਦਿੰਦੇ ਹਾਂ। ਇਸ ਦਾ ਨੁਕਸਾਨ ਕੀ ਹੁੰਦਾ ਹੈ? ਇਸ ਨਾਲ ਸਾਡਾ ਨੌਜਵਾਨ

** ** Not recorded as ordered by the Chair.

ਇੰਜੀਨੀਅਰ ਜਾਂ ਡਾਕਟਰ ਜਦੋਂ ਇੰਟਰਨੈਸ਼ਨਲ ਮਾਰਕੀਟ ਵਿੱਚ ਜਾਂਦਾ ਹੈ ਤਾਂ ਉਸ ਨੂੰ 5,000 ਜਾਂ 10,000 ਰੁਪਏ ਦੀ ਨੌਕਰੀ ਮਿਲਦੀ ਹੈ। ਜਿੱਥੇ ਸੀ.ਐਮ. ਸਾਹਿਬ ਨੇ ਬਹੁਤ ਵਿਜ਼ਨਰੀ ਕੰਮ ਕੀਤਾ ਹੈ, ਸਕਿੱਲਡ ਯੂਨੀਵਰਸਿਟੀ ਬਣਾਉਣ ਦਾ ਐਲਾਨ ਕੀਤਾ ਹੈ, ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਅਸੀਂ ਬੜੇ ਧਿਆਨ ਨਾਲ ਬਣਾਈਏ ਤਾਂ ਕਿ ਆਉਣ ਵਾਲੇ ਸਮੇਂ ਵਿਚ ਨੌਜਵਾਨ ਪੀੜ੍ਹੀ ਜਿਹੜੀ ਸਕਿੱਲ ਨੂੰ ਅਪਣਾਵੇ ਉਸ ਨਾਲ ਮਾਰਕੀਟ ਵਿਚ ਜਾ ਕੇ ਚੰਗੀਆਂ ਨੌਕਰੀਆਂ ਅਤੇ ਚੰਗਾ ਰੁਜ਼ਗਾਰ ਪ੍ਰਾਪਤ ਕਰ ਸਕੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਚੇਅਰ ਦੀ ਸ਼ਾਨ ਖਿਲਾਫ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਸਰਦਾਰ ਪ੍ਰਗਟ ਸਿੰਘ ਪੋਆਰ : ਖੇਡਾਂ ਜ਼ਿੰਦਗੀ ਦਾ ਬਹੁਤ ਅਨਿੱਖੜਵਾਂ ਅੰਗ ਹਨ। ਮੈਨੂੰ ਦੁਨੀਆ ਵਿੱਚ ਖੇਡਾਂ ਕਰਕੇ ਜਾਣ ਦਾ ਮੌਕਾ ਮਿਲਿਆ। ਹਿਊਮਨ ਰਿਸੋਰਸਿਜ਼ ਅਤੇ ਡਿਵੈਲਪਮੈਂਟ ਦੀ ਗੱਲ ਹੁੰਦੀ ਹੈ। ਜਿਹੜੇ ਚੰਗੇ ਦੇਸ਼ ਹਨ, ਉਹ ਆਪਣੇ ਟੋਟਲ ਬਜਟ ਵਿਚੋਂ 10% ਤੋਂ 15% ਤੱਕ ਹਿਊਮਨ ਰਿਸੋਰਸਿਜ਼ ਐਂਡ ਡਿਵੈਲਪਮੈਂਟ ਲਈ ਰੱਖਦੇ ਹਨ । ਇਸ ਦਾ ਕਾਰਨ ਇਹ ਹੈ ਕਿ ਉਹ ਹਰੇਕ ਵਿਅਕਤੀ ਨੂੰ ਚੰਗਾ ਇਨਸਾਨ ਬਣਾਉਣਾ ਚਾਹੁੰਦੇ ਹਨ ਕਿਉਂਕਿ ਜੇਕਰ ਕੋਈ ਚੰਗਾ ਇਨਸਾਨ ਬਣੇਗਾ ਤਾਂ ਉਹ ਇਨ੍ਹਾਂ ਬਿਲਡਿੰਗਾਂ ਨੂੰ ਵੀ ਸਾਂਭ ਲਵੇਗਾ। ਨਹੀਂ ਤਾਂ ਜੇ ਚੰਗਾ ਇਨਸਾਨ ਨਾ ਬਣ ਸਕਿਆ ਤਾਂ ਚੰਗੀ ਸੋਚ ਨਾਲ ਬਣਾਈਆਂ ਹੋਈਆਂ ਬਿਲਡਿੰਗਾਂ ਨੂੰ ਵੀ ਉਸ ਨੇ ਖਰਾਬ ਕਰ ਦੇਣਾ ਹੈ। ਚਾਈਨਾ ਇਸ ਗੱਲ ਲਈ ਸਾਡੇ ਸਾਹਮਣੇ ਇਕ ਬਹੁਤ ਵੱਡੀ ਐਗਜ਼ਾਂਪਲ ਹੈ। ਪਿਛਲੇ 30 ਸਾਲਾਂ ਵਿੱਚ ਜਦੋਂ ਚਾਈਨਾ ਨੇ ਸਪੋਰਟਸ ਪਾਲਿਸੀ ਬਣਾਈ, ਉਹ ਇਸ ਵਿੱਚ ਆਪਣੇ 3 ਸਾਲ ਤੋਂ ਲੈ ਕੇ 13 ਸਾਲਾਂ ਤੱਕ ਦੇ 9 ਕਰੋੜ ਬੱਚਿਆਂ ਨੂੰ ਲੈ ਕੇ ਆਏ। ਉਨ੍ਹਾਂ 9 ਕਰੋੜ ਬੱਚਿਆਂ ਵਿਚੋਂ 9 ਲੱਖ ਬੱਚੇ ਸਪੈਸ਼ਲਾਈਜੇਸ਼ਨ ਲਈ ਸਿਲੈਕਟ ਹੁੰਦੇ ਹਨ। ਇਨ੍ਹਾਂ 9 ਲੱਖ ਬੱਚਿਆਂ ਵਿਚੋਂ 9000 ਬੱਚੇ ਸੁਪਰ ਸਪੈਸ਼ਲਾਈਜੇਸ਼ਨ ਲਈ ਸਿਲੈਕਟ ਹੁੰਦੇ ਹਨ। ਇਸ ਦੇ ਨਾਲ ਇਹ ਹੋਇਆ ਕਿ ਉਨ੍ਹਾਂ ਦੇ ਨੇਸ਼ਨ ਦੀ ਆਫੀਸ਼ੀਅਲੀ ਢਾਈ ਇੰਚ ਹਾਈਟ ਇਨਕਰੀਜ਼ ਹੋਈ ਹੈ। ਉਨ੍ਹਾਂ ਨੇ 50% ਹੈਲਥ ਬਜਟ ਸਪੋਰਟਸ ਮਹਿਕਮਿਆਂ ਨੂੰ ਡਾਈਵਰਟ ਕਰ ਦਿੱਤਾ। ਉਨ੍ਹਾਂ ਦੀ ਸੋਚ ਇਹ ਹੈ ਕਿ ਜੇ ਸਾਡੀ ਨੇਸ਼ਨ ਹੈਲਦੀ ਹੈ ਤਾਂ ਸਾਨੂੰ ਜ਼ਿਆਦਾ ਹਸਪਤਾਲ ਬਣਾਉਣ ਦੀ ਲੋੜ ਨਹੀਂ ਹੈ। ਮੈਂ ਸੀ.ਐਮ. ਸਾਹਿਬ ਦਾ ਖਾਸ ਤੌਰ ਤੇ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਪੋਰਟਸ ਯੂਨੀਵਰਸਿਟੀ ਦੀ ਅਨਾਊਂਸਮੈਂਟ ਕੀਤੀ ਹੈ। (ਥੰਪਿੰਗ) ਸਰਦਾਰ ਮਨਪ੍ਰੀਤ ਸਿੰਘ ਬਾਦਲ ਆਪ ਵੀ ਸਪੋਰਟਸ ਪਰਸਨ ਹਨ । ਜਦੋਂ ਵੀ ਦੁਨੀਆ ਉਤੇ ਡਰੱਗਜ਼ ਦੀ ਗੱਲ ਚਲਦੀ ਹੈ, ਉਸ ਸਮੇਂ ਜਿੱਥੇ ਯੂਥ ਨੂੰ ਡਰੱਗਜ਼ ਦਾ ਸੇਵਨ ਕਰਨ ਤੋਂ ਕੰਟਰੋਲ ਕਰਕੇ ਪਾਜ਼ੇਟਿਵ ਪਾਸੇ ਵੱਲ ਤੋਰਨਾ ਹੁੰਦਾ ਹੈ, ਉਥੇ ਖੇਡਾਂ ਦੀ ਮਹੱਤਤਾ ਬਹੁਤ ਜ਼ਿਆਦਾ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਬਜਟ ਵਿੱਚ ਹੋਰ ਵਾਧਾ ਕੀਤਾ ਜਾਵੇ ਤਾਂ ਜੋ ਅਸੀਂ ਨੌਜਵਾਨ ਪੀੜ੍ਹੀ ਨੂੰ ਚੰਗੀ ਦਿਸ਼ਾ ਦੇ ਸਕੀਏ। ਪੰਜਾਬ ਖੇਤੀਬਾੜੀ ਸੂਬਾ ਹੈ, ਅਸੀਂ ਐਮ.ਐਸ.ਪੀ. ਦਾ ਜਿਹੜਾ ਰੇਟ ਹੈ......

** ** Not recorded as ordered by the Chair.

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਚੇਅਰ ਦੀ ਸ਼ਾਨ ਖਿਲਾਫ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ਆਪਣੀਆਂ ਸੀਟਾਂ ਤੇ ਜਾ ਕੇ ਗੱਲ ਕਰੋ। ਪਲੀਜ਼, ਸੀਟਾਂ ਤੇ ਬੈਠੋ। ਬੈਠੋ ਪਲੀਜ਼, ਬੈਠੋ। ਸਰਦਾਰ ਪ੍ਰਗਟ ਸਿੰਘ ਜੀ, ਬੋਲੋ। ਵਾਈਂਡ ਅੱਪ ਕਰੋ, ਤੁਹਾਡੇ ਦੋ ਮਿੰਟ ਰਹਿ ਗਏ ਹਨ। ਵਾਈਂਡ ਅੱਪ ਕਰੋ ਜ਼ਰਾ।

ਸਰਦਾਰ ਪ੍ਰਗਟ ਸਿੰਘ ਪੋਆਰ : ਸਪੀਕਰ ਸਾਹਿਬ, ਬੋਲ ਤਾਂ ਲੈਣ ਦਿਉ। ਮੈਂ ਤਾਂ ਵੈਸੇ ਹੀ ਘੱਟ ਬੋਲਦਾ ਹਾਂ। ਮੈਂ ਸਮਾਂ ਖਰਾਬ ਨਹੀਂ ਕਰਦਾ। ਮੈਂ ਚੰਗੀਆਂ ਚੀਜ਼ਾਂ ਹੀ ਕਹਾਂਗਾ। ਸਪੀਕਰ ਸਾਹਿਬ, ਸਾਡਾ ਪੰਜਾਬ ਇਕ ਖੇਤੀਬਾੜੀ ਸੂਬਾ ਹੈ। ਬੀ.ਜੇ.ਪੀ. ਦੀ 15 ਸੂਬਿਆਂ ਵਿੱਚ ਸਰਕਾਰ ਹੈ। ਜਦੋਂ ਕਿਸਾਨਾਂ ਦੀ ਗੱਲ ਆਉਂਦੀ ਹੈ, 50,000 ਰੁਪਿਆ ਕਰਨਾਟਕਾ ਸੂਬੇ ਨੇ ਉਨ੍ਹਾਂ ਨੂੰ ਰਿਲੈਕਸੇਸ਼ਨ ਦਿੱਤੀ ਹੈ ਅਤੇ ਇੱਕ ਲੱਖ ਰੁਪਏ ਦੀ ਮਹਾਂਰਾਸ਼ਟਰਾ ਸਟੇਟ ਨੇ ਦਿੱਤੀ ਹੈ ਪਰ ਪੰਜਾਬ ਨੇ ਦੋ ਲੱਖ ਰੁਪਏ ਦਾ ਕਰਜ਼ਾ ਮੁਆਫ ਕੀਤਾ ਹੈ।

WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਦਨ ਵਿਚ ਹਾਜ਼ਰ ਮੈਂਬਰ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰਾਂ ਨੂੰ ਸਦਨ ਵਿੱਚੋਂ ਕੱਢਣ ਦੇ ਰੋਸ ਵਜੋਂ ਚੇਅਰ ਦੀ ਸ਼ਾਨ ਖਿਲਾਫ ** ** ਨਾਅਰੇ ਲਗਾਉਂਦੇ ਹੋਏ ਵਾਕ-ਆਊਟ ਕਰ ਗਏ।)

DISCUSSION ON BUDGET ESTIMATES FOR THE YEAR 2017-18 (*Resumption*)

ਸਰਦਾਰ ਪ੍ਰਗਟ ਸਿੰਘ ਪੋਆਰ : ਇਹ ਬਹੁਤ ਵੱਡਾ ਸਟੈੱਪ ਹੈ। ਮੈਂ ਸਮਝਦਾ ਹਾਂ ਕਿ ਇਸ ਵਾਸਤੇ ਕੈਪਟਨ ਅਮਰਿੰਦਰ ਸਿੰਘ ਜੀ ਵਧਾਈ ਦੇ ਪਾਤਰ ਹਨ। (ਥੰਪਿੰਗ) ਸਪੀਕਰ ਸਾਹਿਬ, ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਇਕ ਬੇਨਤੀ ਕਰਨੀ ਚਾਹੁੰਦਾ ਹਾਂ । ਮੈਨੂੰ ਫਾਈਨਾਂਸ ਬਾਰੇ ਬਹੁਤੀ ਸਮਝ ਤਾਂ ਨਹੀਂ ਹੈ ਪਰ ਪਿਛਲੇ ਹਾਊਸ ਵਿੱਚ ਵੀ ਕੈਸ਼ ਕਰੈਡਿਟ ਲਿਮਿਟ ਦਾ ਬੜਾ ਰੌਲਾ ਪੈਂਦਾ ਰਿਹਾ । ਸਪੀਕਰ ਸਾਹਿਬ, ਸਾਡੀ ਸਰਕਾਰ ਨੂੰ ਪਿਛਲੀ ਸਰਕਾਰ ਤੋਂ ਭਾਰੀ ਕਰਜ਼ੇ ਦਾ ਬੋਝ ਵਿਰਸੇ ਵਿੱਚ ਮਿਲਿਆ । ਜਦੋਂ ਇਹ ਸਰਕਾਰ ਸੱਤਾ ਵਿੱਚ ਆਈ ਤਾਂ ਵਿਰਾਸਤੀ ਖਾਤਿਆਂ ਦੇ ਕਰਜ਼ ਦੇ ਰੂਪ ਵਿੱਚ 29919.96 ਕਰੋੜ ਰੁਪਏ ਦੀ ਵਧੀਕ ਦੇਣਦਾਰੀ ਮਿਲੀ । ਨਤੀਜੇ ਵਜੋਂ ਸਰਕਾਰ ਨੂੰ 270 ਕਰੋੜ ਰੁਪਏ ਪ੍ਰਤੀ ਮਹੀਨਾ ਅਤੇ 3240 ਕਰੋੜ ਰੁਪਏ ਸਾਲਾਨਾ ਦੀ ਵਧੀਕ ਦੇਣਦਾਰੀ ਅਗਲੇ 20 ਸਾਲਾਂ ਵਿੱਚ ਝੱਲਣੀ ਪਵੇਗੀ । ਮੇਰੀ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਹੈ ਕਿ ਜਦੋਂ ਵੀ ਕੋਈ ਦੁਕਾਨਦਾਰ ਆਪਣੀ ਕੈਸ਼ ਬੁੱਕ ਲਿਖਦਾ ਹੈ ਤਾਂ ਉਸ ਵਿੱਚ ਲਿਖ ਕੇ ਰੱਖ ਲੈਂਦਾ ਹੈ ਕਿ ਮੇਰੀ ਦੁਕਾਨ ਤੇ ਇੰਨੀ ਚੋਰੀ ਹੋਈ ਹੈ। ਜਦੋਂ ਇਹ ਚੋਰੀ ਦਾ ਹਿਸਾਬ ਕਿਤੇ ਨਾ ਕਿਤੇ ਪੁਲਿਸ

** ** Not recorded as ordered by the Chair.

ਕੱਢੇਗੀ ਤਾਂ ਇਹ ਉਸ ਦੇ ਨਾਲ ਮਿਲਾ ਲਿਆ ਜਾਵੇਗਾ । ਮੈਨੂੰ ਇਹ ਨਹੀਂ ਸਮਝ ਆਈ ਕਿ ਅਸੀਂ ਵੀ ਕਿਤੇ ਨਾ ਕਿਤੇ 29,000 ਕਰੋੜ ਰੁਪਏ ਨੂੰ ਇਹ ਕਹਿ ਦਿੱਤਾ ਕਿ ਇਹ ਸਾਡਾ ਕਰਜ਼ਾ ਵਧ ਗਿਆ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ from the culprits ਇਹ ਰਿਕਵਰੇਬਲ ਅਮਾਊਂਟ ਹੈ । ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਅਸੀਂ 29,919 ਕਰੋੜ ਰੁਪਏ ਦੀ ਹਰ ਸਾਲ 3240 ਕਰੋੜ ਰੁਪਏ ਦੀ ਕਿਸ਼ਤ ਦੇਣੀ ਹੈ। ਇਸ ਦੀ ਜ਼ਰੂਰ ਇਨਕੁਆਰੀ ਕਰਾਓ ਤਾਂ ਕਿ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਸਕੇ। ਇਹ ਸਾਹਮਣੇ ਬੈਠੇ ਵੀਰ ਹਾਊਸ ਵਿਚ ਵੀ ਕਹਿੰਦੇ ਰਹੇ ਹਨ ਕਿ ਸਾਡਾ ਸਟਾਕ ਰੀਕੰਸਾਈਲ ਹੋਣ ਵਾਲਾ ਹੈ ਪਰ ਅੱਜ 29,919 ਕਰੋੜ ਰੁਪਿਆ ਅਸੀਂ ਕਿਉਂ ਵੇਵ ਆਫ ਕਰ ਦਿੱਤਾ? ਇਹ ਬਹੁਤ ਵੱਡਾ ਨੁਕਸਾਨ ਹੈ।ਮੇਰੀ ਬੇਨਤੀ ਹੈ ਕਿ (ਵਿਘਨ...ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ ਮਾਨਯੋਗ ਸਪੀਕਰ ਵੱਲੋਂ ਨੇਮ ਕੀਤੇ ਜਾਣ ਅਤੇ ਉਨ੍ਹਾਂ ਨੂੰ ਹਾਊਸ ਵਿੱਚ ਬਾਹਰ ਕੱਢੇ ਜਾਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨਾਲ ਹਾਊਸ ਅੰਦਰ ਦਾਖਲ ਹੋਏ ।)

(ਇਸ ਸਮੇਂ ਆਮ ਆਦਮੀ ਪਾਰਟੀ, ਲੋਕ ਇਨਸਾਫ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਚੇਅਰ ਅਤੇ ਪੰਜਾਬ ਸਰਕਾਰ ਖਿਲਾਫ ** ** ਨਾਅਰੇ ਲਗਾਉਂਦੇ ਹੋਏ ਚੇਅਰ ਅਤੇ ਭਾਸ਼ਣ ਦੇ ਰਹੇ ਮੈਂਬਰ ਸਰਦਾਰ ਪ੍ਰਗਟ ਸਿੰਘ ਪੋਆਰ ਵਿੱਚੋਂ ਦੀ ਫਲੋਰ ਕਰਾਸ ਕਰਕੇ ਆਪਣੀਆਂ ਸੀਟਾਂ ਤੇ ਬੈਠ ਗਏ।)

SHORT ADJOURNMENT OF THE HOUSE

Mr. Speaker : I adjourn the House for 15 Minutes.

*11.21 ਵਜੇ ਪੂਰਵ ਦੁਪਹਿਰ) (*ਇਸ ਉਪਰੰਤ ਸਦਨ 11.36 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

(ਸਦਨ 11.36 ਵਜੇ ਪੂਰਵ ਦੁਪਹਿਰ ਮੁੜ ਇਕੱਤਰ ਹੋਇਆ ।)

ਸਰਦਾਰ ਸੁਖਬੀਰ ਸਿੰਘ ਬਾਦਲ : ਸਪੀਕਰ ਸਾਹਿਬ, ** **

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ । ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਨੇ ਪੀਲੇ ਰੰਗ ਦੀ ਪੱਗ ਹੱਥ ਵਿੱਚ ਫੜੀ ਹੋਈ ਸੀ ਅਤੇ ਉਹ ਇਹ ਕਹਿ ਰਹੇ ਸਨ ਕਿ ਪੱਗ ਦੀ ਬੇਅਦਬੀ ਹੋਈ ਹੈ ।) (ਵਿਘਨ)(ਸ਼ੋਰ)

** ** Expunged / Not recorded as ordered by the Chair.

SHORT ADJOURNMENT OF THE HOUSE AGAIN

ਮਾਨਯੋਗ ਸਪੀਕਰ : ਮੈਂ ਹਾਊਸ ਨੂੰ ਅੱਧੇ ਘੰਟੇ ਵਾਸਤੇ ਐਡਜਰਨ ਕਰਦਾ ਹਾਂ। ਜਿਨ੍ਹਾਂ ਲੋਕਾਂ ਨੂੰ ਪਹਿਲਾਂ ਸਸਪੈਂਡ ਕੀਤਾ ਗਿਆ ਹੈ, ਉਨ੍ਹਾਂ ਨੂੰ Vidhan Sabha Premises ਤੋਂ ਬਾਹਰ ਕੱਢਿਆ ਜਾਵੇ।

(*11.36 ਵਜੇ ਪੂਰਵ ਦੁਪਹਿਰ) (*ਇਸ ਸਮੇਂ ਸਦਨ ਅੱਧੇ ਘੰਟੇ ਲਈ ਸਥਗਿਤ ਹੋ ਗਿਆ)

(ਸਦਨ 12.06 ਵਜੇ ਬਾਅਦ ਦੁਪਹਿਰ ਮੁੜ ਇਕੱਤਰ ਹੋਇਆ ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਬ੍ਰਹਮ ਮਹਿੰਦਰਾ ਜੀ ਖੜ੍ਹੇ ਹਨ, ਇਨ੍ਹਾਂ ਨੂੰ ਸੁਣੋ। (ਵਿਘਨ) (ਸ਼ੋਰ)

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੈਂ ਇੱਕ ਸੁਜੈਸ਼ਨ ਦੇਣੀ ਚਾਹੁੰਦਾ ਹਾਂ। (ਵਿਘਨ) (ਸ਼ੋਰ) CM Sahib would like to make a statement. (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਸੀ.ਐਮ. ਸਾਹਿਬ ਬੋਲਣਾ ਚਾਹੁੰਦੇ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਟਰੈਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ਜਿਸ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਸਪੀਕਰ : ਲੀਡਰ ਆਫ ਦਿ ਹਾਊਸ ਬੋਲ ਰਹੇ ਹਨ। ਇਨ੍ਹਾਂ ਦੀ ਗੱਲ ਸੁਣੀਏ। ਪਲੀਜ਼ ਬੈਠੋ। (ਵਿਘਨ) (ਸ਼ੋਰ) ਬਾਅਦ ਵਿੱਚ ਗੱਲ ਕਰ ਲਿਉ, ਲੀਡਰ ਆਫ ਦਿ ਹਾਊਸ ਖੜ੍ਹੇ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੇ ਹੱਥਾਂ ਵਿੱਚ ਪੱਗ ਫੜ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੀ **** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ ਜਿਸ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**** Not recorded as ordered by the Chair.

ਮੁੱਖ ਮੰਤਰੀ : ਸਪੀਕਰ ਸਾਹਿਬ...

ਮਾਨਯੋਗ ਸਪੀਕਰ : ਪਲੀਜ਼ ਬੈਠੋ। (ਵਿਘਨ) (ਸ਼ੋਰ) ਜੋ ਕੁਝ ਮੇਰੀ ਇਜਾਜ਼ਤ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਲੀਡਰ ਆਫ ਦਿ ਹਾਊਸ ਗੱਲ ਕਰਨਗੇ। (ਵਿਘਨ) (ਸ਼ੋਰ) ਪਲੀਜ਼ ਬੈਠੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

ਮਾਨਯੋਗ ਸਪੀਕਰ : ਸਰਦਾਰ ਦਰਸ਼ਨ ਸਿੰਘ ਬਰਾੜ..... (ਵਿਘਨ) (ਸ਼ੋਰ) .... ਬੈਠੋ । ਸਰਦਾਰ ਦਰਸ਼ਨ ਸਿੰਘ ਬਰਾੜ ਕੀ ਕਹਿ ਰਹੇ ਹਨ ? ਤੁਸੀਂ ਕੀ ਕਹਿੰਦੇ ਹੋ ? (ਵਿਘਨ) (ਸ਼ੋਰ).....ਹਾਂ ਜੀ, ਸਰਦਾਰ ਦਰਸ਼ਨ ਸਿੰਘ ਬਰਾੜ ਜੀ ।

ਸਰਦਾਰ ਦਰਸ਼ਨ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਦਾ ਹਾਂ ਕਿ ਇਹ ਦੋ ਬੰਦੇ ਜਿਹੜਾ ਇੱਕ ਪੰਜਾਬ ਦਾ ਡਿਪਟੀ ਮੁੱਖ ਮੰਤਰੀ ਰਿਹਾ ਹੈ ਅਤੇ ਇੱਕ ਮਾਲ ਮੰਤਰੀ ਰਿਹਾ ਹੈ। ਇਹ ਭੋਰਾ ਸ਼ਰਮ ਨਹੀਂ ਮੰਨਦੇ, ਇਹ ਕਿਸੇ ਦੀ ਪੱਗ ਲਾਹ ਕੇ ਲਿਆਏ ਹਨ।(ਵਿਘਨ) (ਸ਼ੋਰ) ਤੁਸੀਂ ਪੱਗਾਂ ਦਿਖਾਉਂਦੇ ਹੋ। ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ। (ਵਿਘਨ) (ਸ਼ੋਰ) ਕਿਸੇ ਦੀ ਪੱਗ ਲਾਹ ਕੇ ਚੁੱਕ ਲਿਆਏ ਹਨ, ਕਹਿੰਦੇ ਹਨ ਕਿ ਇੱਥੇ ਪੱਗ ਲਾਹੀ ਹੈ। ਤੁਹਾਡੇ ਐਮ.ਐਲ.ਏ. ਨੇ ਵਾਚ ਐਂਡ ਵਾਰਡ ਸਟਾਫ ਦੀ ਲੇਡੀ ਮੈਂਬਰ ਦੇ ਮੁੱਕਾ ਮਾਰਿਆ ਤਾਂ ਕੋਈ ਨਹੀਂ ਬੋਲਿਆ। ਫਿਰ ਤੁਸੀਂ ਆ ਗਏ ਮੱਤਾਂ ਦੇਣ। (ਵਿਘਨ) (ਸ਼ੋਰ) ਸਪੀਕਰ ਸਾਹਿਬ ਨੂੰ ਤੁਸੀਂ ਗਲਤ ਬੋਲੇ ਹੋ। ਤੁਸੀਂ ਪੰਜਾਬ ਵਿੱਚ 10 ਸਾਲ ਰਾਜ ਕੀਤਾ ਹੈ। (ਵਿਘਨ) (ਸ਼ੋਰ) ਕਿਸੇ ਦੀ ਪੱਗ ਲਾਹ ਕੇ ਲਿਆਏ ਹੋ। ਸਪੀਕਰ ਸਾਹਿਬ, ਇਨ੍ਹਾਂ ਨੂੰ ਪੁੱਛੋ ਕਿ ਪੱਗ ਕਿਸ ਦੀ ਲਾਹ ਕੇ ਲਿਆਏ ਹਨ।ਇਨ੍ਹਾਂ ਦੀ ਆਪ ਦੀ ਪੱਗ ਤਾਂ ਲਥੀ ਨਹੀਂ ਹੈ। ਇਹ ਕਿਸ ਦੀ ਪੱਗ ਲਾਹ ਕੇ ਚੁੱਕ ਕੇ ਲਿਆਏ ਹਨ। ਸਪੀਕਰ ਸਾਹਿਬ, ਇਨ੍ਹਾਂ ਨੂੰ ਪੁੱਛੋ। ਇਨ੍ਹਾਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

ਮਾਨਯੋਗ ਸਪੀਕਰ : ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

** ** Not recorded as ordered by the Chair.

ਸਰਦਾਰ ਦਰਸ਼ਨ ਸਿੰਘ ਬਰਾੜ : ਸਪੀਕਰ ਸਾਹਿਬ, ਇਨ੍ਹਾਂ ਨੂੰ ਪੁੱਛੋ, ਇਨ੍ਹਾਂ ਦੀ 10 ਸਾਲ ਸਰਕਾਰ ਰਹੀ ਹੈ। ਇਹ ਜ਼ਿੰਮੇਵਾਰ ਬੰਦੇ ਹਨ, ਬੱਸ ਖਬਰ ਲਗਵਾਉਣ ਦੀ ਖਾਤਰ ਇਹ ਕੰਮ ਕਰ ਰਹੇ ਹਨ। (ਵਿਘਨ) (ਸ਼ੋਰ)

NAMING OF THE MEMBERS

ਮਾਨਯੋਗ ਸਪੀਕਰ : ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਜੋ ਮੈਂਬਰ ਅੱਜ ਸਦਨ ਵਿੱਚ ਹਾਜ਼ਰ ਹਨ, ਨੇ ਜਾਣ ਬੁੱਝ ਕੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਇਆ ਹੈ ਅਤੇ ਚੇਅਰ ਦੇ ਹੁਕਮਾਂ ਦੀ ਪਰਵਾਹ ਨਹੀਂ ਕੀਤੀ। ਵਾਰ-ਵਾਰ ਅਪੀਲ ਕਰਨ ਦੇ ਬਾਵਜੂਦ ਵੀ ਇਨ੍ਹਾਂ ਮੈਂਬਰਾਂ ਨੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਇਆ ਹੈ। ਮੈਂ ਇਨ੍ਹਾਂ ਮੈਂਬਰਾਂ ਨੂੰ ਨੇਮ ਕਰਦਾ ਹਾਂ ਅਤੇ ਵਿਧਾਨ ਸਭਾ ਵਿੱਚੋਂ ਅਤੇ ਵਿਧਾਨ ਸਭਾ ਦੀ ਪ੍ਰੀਮਿਸਿਜ਼ ਵਿੱਚੋਂ ਬਾਹਰ ਜਾਣ ਦੇ ਹੁਕਮ ਦਿੰਦਾ ਹਾਂ। ਮਾਰਸ਼ਲ ਨੂੰ ਹੁਕਮ ਦਿੰਦਾ ਹਾਂ ਕਿ ਇਨ੍ਹਾਂ ਨੂੰ ਬਾਹਰ ਕੱਢਿਆ ਜਾਵੇ। (ਥੰਪਿੰਗ)

SHORT ADJOURNMENT OF THE HOUSE ONCE AGAIN

ਮਾਨਯੋਗ ਸਪੀਕਰ : ਸਦਨ ਪੰਦਰਾਂ ਮਿੰਟ ਲਈ ਸਥਗਿਤ ਕੀਤਾ ਜਾਂਦਾ ਹੈ।

(*12.10 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ ਪੰਦਰਾਂ ਮਿੰਟ ਲਈ ਸਥਗਿਤ ਹੋ ਗਿਆ।)

(ਸਦਨ 12.25 ਵਜੇ ਬਾਅਦ ਦੁਪਹਿਰ ਮੁੜ ਇਕੱਤਰ ਹੋਇਆ ।)

STATEMENT BY THE CHEIF MINISTER REGARDING LOAN WAIVER OF THE FARMERS

ਮਾਨਯੋਗ ਸਪੀਕਰ : ਸੀ.ਐਮ. ਸਾਹਿਬ ਕੁਝ ਕਹਿਣਾ ਚਾਹੁੰਦੇ ਹਨ ।

ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) : ਸਪੀਕਰ ਸਾਹਿਬ, ਮੈਂ ਪਹਿਲਾਂ ਬੋਲਣ ਲੱਗਾ ਸੀ ਪਰ ਇਨ੍ਹਾਂ ਨੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੋਲਣ ਨਹੀਂ ਦਿੱਤਾ । ਪਹਿਲਾਂ ਤਾਂ ਅਸੀਂ ਬਾਰ ਬਾਰ ਕਹਿੰਦੇ ਸੀ, ਜਿਹੜੇ ਸਾਹਮਣੇ ਬੈਠੇ ਹਨ (ਆਮ ਆਦਮੀ ਪਾਰਟੀ ਵੱਲ ਇਸ਼ਾਰਾ), ਇਨ੍ਹਾਂ ਨੂੰ ਤਾਂ ਕੁਝ ਪਤਾ ਨਹੀਂ, ਇਹ ਪਹਿਲੀ ਵਾਰ ਆਏ ਹਨ । ਲੇਕਿਨ ਇਸ ਹਾਊਸ ਦੀ ਮਰਿਆਦਾ ਹੁੰਦੀ ਹੈ । ਉਹ (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ

nursery and lower KG will be started in the Government schools from the next academic session. The State Government Department of Education is working on new Education policy and it shall be fully reflected in the policy. For the remaining measures , these would be taken to appoint requisite teachers in this regard so that the objective could be achieved as early as possible. I may assure the House that requisite funds for this purpose would be provided by the Government. Likewise, the provisions for free education for girls from nursery to Ph.D in the State Government institutions will also be fully reflected in the new Policy and the requisite funds will be provided by the Government (Thumping).

Lastly, Mr. Speaker Indian history has gifted us great people in the course of our past centuries and I know that to whichever part of the country these personalities belong, their occasions are celebrated. We have them in Punjab, we have them in Maharashtra, in Rajasthan. ਸਾਡੇ ਮਹਾਰਾਸ਼ਟਰ ਵਿੱਚ, ਸਾਡੇ ਰਾਜਸਥਾਨ ਵਿੱਚ ਬੜੇ ਸੂਰਮੇ ਹੋਏ ਹਨ ਔਰ ਉਨ੍ਹਾਂ ਸੂਰਮਿਆਂ ਵਿੱਚ ਇੱਕ ਮਹਾਰਾਣਾ ਪ੍ਰਤਾਪ ਸੀ, ਰਾਜਪੂਤਾਂ ਦੀ ਮਹਾਨ ਸ਼ਖਸੀਅਤ ਹੋਏ ਹਨ। ਮੈਂ ਐਲਾਨ ਕਰਨਾ ਚਾਹੁੰਦਾ ਹਾਂ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਉਨ੍ਹਾਂ ਦੀ ਯਾਦ ਵਿੱਚ, ਉਨ੍ਹਾਂ ਦੇ ਨਾਮ ਤੇ, ਉਨ੍ਹਾਂ ਦੀ ਰਿਸਰਚ ਲਈ ਅਸੀਂ ਇੱਕ ਚੇਅਰ ਬਣਾਵਾਂਗੇ। (ਥੰਪਿੰਗ)

ਮਾਨਯੋਗ ਸਪੀਕਰ : ਚੰਨੀ ਜੀ। ਪਰਗਟ ਸਿੰਘ ਜੀ, ਤੁਸੀਂ ਚੰਨੀ ਜੀ ਤੋਂ ਬਾਅਦ ਬੋਲਣਾ । ਹਾਂ ਜੀ, ਚੰਨੀ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

MOTION OF THANKS REGARDING PROPOSAL BY THE CHIEF MINISTER TO CONSTITUTE A FIVE MEMBER COMMITTEE REGARDING NUMBER OF LANDLESS LABOURERS AND THEIR OUTSTANDING LOANS

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ): ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਸਦਨ ਨੇ ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕੀਤਾ ਹੈ ਕਿ ਜਿਹੜਾ ਉਨ੍ਹਾਂ ਨੇ ਖੇਤੀ ਕਰਨ ਵਾਲਿਆਂ ਦਾ ਕਰਜ਼ਾ ਮੁਆਫ ਕੀਤਾ ਹੈ ਅਤੇ ਇਹ ਪੰਜਾਬ ਦਾ ਇੱਕ ਬਹੁਤ ਵੱਡਾ ਫੈਸਲਾ ਸਰਕਾਰ ਨੇ ਲਿਆ ਹੈ। ਅੱਜ ਉਸ ਤੋਂ ਅੱਗੇ ਜਾ ਕੇ, ਜਿਹੜੇ ਗਰੀਬ ਲੋਕ ਹਨ, ਸ਼ਡਿਊਲਡ ਕਾਸਟਸ ਹਨ, ਬੈਕਵਰਡ ਕਲਾਸਿਜ਼ ਹਨ, ਉਨ੍ਹਾਂ ਦਾ ਜਿਹੜਾ ਐਸ.ਸੀਜ਼ ਕਾਰਪੋਰੇਸ਼ਨ ਅਤੇ ਬੀ.ਸੀਜ਼ ਕਾਰਪੋਰੇਸ਼ਨ ਦਾ ਕਰਜ਼ਾ ਸਰਕਾਰ ਨੇ ਆਪਣੇ ਪਹਿਲੇ ਬਜਟ ਵਿੱਚ ਮੁਆਫ ਕੀਤਾ ਹੈ ਅਤੇ ਮਾਨਯੋਗ ਮੁੱਖ ਮੰਤਰੀ ਜੀ ਨੇ ਇਸ ਦਾ ਪਹਿਲਾਂ ਐਲਾਨ ਕੀਤਾ ਹੈ, ਉਸ ਲਈ ਅਸੀਂ ਪਹਿਲਾਂ ਹੀ ਸਰਕਾਰ ਦਾ ਧੰਨਵਾਦ

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ]
ਕਰ ਚੁੱਕੇ ਹਾਂ ਪਰ ਅੱਜ ਉਸ ਤੋਂ ਵੀ ਅੱਗੇ ਗਰੀਬ ਲੋਕਾਂ ਲਈ ਜੋ ਇਨ੍ਹਾਂ ਨੇ ਕਦਮ ਚੁੱਕਿਆ ਹੈ ਅਤੇ ਇੱਕ ਪੰਜ ਮੈਂਬਰੀ ਕਮੇਟੀ ਬਣਾਈ ਹੈ, ਜਿਹੜੀ ਇਹ ਅਸੈਸ ਕਰੇਗੀ ਕਿ ਗਰੀਬ ਮਜ਼ਦੂਰਾਂ ਤੇ ਕਿੰਨਾ ਕਰਜ਼ਾ ਹੈ, ਬੈਂਕਾਂ ਤੋਂ ਕਿੰਨਾ ਕਰਜ਼ਾ ਹੈ, ਉਸ ਕਰਜ਼ੇ ਨੂੰ ਮੁਆਫ ਕਰਨ ਲਈ ਅੱਜ ਇਨ੍ਹਾਂ ਨੇ ਇੱਕ ਨੀਂਹ ਪੱਥਰ ਰੱਖਿਆ ਹੈ ਅਤੇ ਉਸ ਦਾ ਰਸਤਾ ਤਿਆਰ ਕੀਤਾ ਹੈ, ਮੈਂ ਉਸ ਲਈ ਮਾਨਯੋਗ ਸੀ.ਐਮ. ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਮੈਂ (ਥੰਪਿੰਗ) ਖਾਸ ਤੌਰ ਤੇ ਕਾਰਪੋਰੇਸ਼ਨ ਦੇ ਕਰਜ਼ੇ ਬਾਰੇ ਧੰਨਵਾਦ ਕਰਦਾ ਹਾਂ। ਇੱਥੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਪਹਿਲਾਂ ਬਾਦਲ ਸਾਹਿਬ ਬੈਠੇ ਹੁੰਦੇ ਸੀ, ਮੈਂ ਉੱਧਰਲੇ ਪਾਸੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੈਠਦਾ ਸੀ। ਮੈਂ ਉਨ੍ਹਾਂ ਕੋਲ ਬੜੀਆਂ ਗੁਹਾਰਾਂ ਲਗਾਈਆਂ, ਉਨ੍ਹਾਂ ਕੋਲ ਬੜਾ ਇਹ ਮਸਲਾ ਉਠਾਇਆ ਕਿ ਕਿੰਨਾ ਕੁ ਕਰਜ਼ਾ ਹੈ, ਉਹ 21 ਕਰੋੜ ਰੁਪਏ ਵੀ ਨਹੀਂ ਸੀ ਜੀ, ਉਹ 9 ਕਰੋੜ ਰੁਪਏ ਦੀ ਗੱਲ ਕਰਦੇ ਸੀ ਲੇਕਿਨ ਚਾਰ ਵਾਰ ਇਹ ਸ਼ਖਸ ਖੜ੍ਹਾ ਹੋਇਆ ਸੀ, ਅੱਜ ਤੱਕ ਉਨ੍ਹਾਂ ਨੇ ਦਸ ਸਾਲ ਵਿੱਚ ਕਰਜ਼ਾ ਮੁਆਫ ਨਹੀਂ ਕੀਤਾ। ਇਹ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਦੇ ਹਿੱਸੇ ਹੀ ਆਇਆ ਹੈ ਕਿ ਗਰੀਬ ਲੋਕਾਂ ਦਾ 21 ਕਰੋੜ ਰੁਪਿਆ ਇਨ੍ਹਾਂ ਨੇ ਸਿੱਧਾ ਮੁਆਫ ਕਰ ਦਿੱਤਾ ਹੈ ਅਤੇ ਗਰੀਬਾਂ ਨੇ ਜਿਹੜਾ ਬੈਂਕਾਂ ਤੋਂ ਕਰਜ਼ਾ ਲਿਆ ਹੋਇਆ ਹੈ ਜਾਂ ਸੁਸਾਇਟੀਆਂ ਤੋਂ ਲਿਆ ਹੈ, ਉਸ ਵਾਸਤੇ ਕਮੇਟੀ ਬਣਾਈ ਹੈ ਤਾਂ ਕਿ ਉਸ ਨੂੰ ਵੀ ਮੁਆਫ ਕਰ ਦਿੱਤਾ ਜਾਵੇ।

ਮੈਂ ਪ੍ਰਸਤਾਵ ਕਰਦਾ ਹਾਂ –

> "ਕਿ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਬੇਜ਼ਮੀਨੇ ਮਜ਼ਦੂਰਾਂ (Landless labourers) ਦੀ ਗਿਣਤੀ ਅਤੇ ਉਨ੍ਹਾਂ ਤੇ ਖੜ੍ਹੇ ਕਰਜ਼ੇ ਬਾਰੇ ਪੰਜ ਮੈਂਬਰੀ ਕਮੇਟੀ ਬਣਾਉਣ ਦੀ ਤਜਵੀਜ਼ ਕਰਨ ਤੇ ਇਹ ਸਦਨ ਉਨ੍ਹਾਂ ਦੀ ਸ਼ਲਾਘਾ ਕਰਦਾ ਹੈ ਅਤੇ ਇਸ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹੈ ਕਿਉਂਕਿ ਇਨ੍ਹਾਂ ਨੇ ਗਰੀਬਾਂ ਲਈ ਬਹੁਤ ਵੱਡੀ ਰਾਹਤ ਦੇਣ ਦਾ ਕੰਮ ਕੀਤਾ ਹੈ।"

ਜੰਗਲਾਤ ਮੰਤਰੀ (ਸਰਦਾਰ ਸਾਧੂ ਸਿੰਘ) : ਸਪੀਕਰ ਸਾਹਿਬ, ਜੋ ਸਰਦਾਰ ਚਰਨਜੀਤ ਸਿੰਘ ਚੰਨੀ ਜੀ ਨੇ ਮਤਾ ਲਿਆਂਦਾ ਹੈ, ਮੈਂ ਉਸ ਨੂੰ ਸੈਕਿੰਡ ਕਰਦਾ ਹਾਂ ਅਤੇ ਇਸ ਮਤੇ ਨੂੰ ਪਾਸ ਕੀਤਾ ਜਾਵੇ । (ਥੰਪਿੰਗ)

ਮਾਨਯੋਗ ਸਪੀਕਰ : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਰਦਾਰ ਚਰਨਜੀਤ ਸਿੰਘ ਚੰਨੀ ਜੀ ਵੱਲੋਂ ਲਿਆਂਦੇ ਅਤੇ ਸਰਦਾਰ ਸਾਧੂ ਸਿੰਘ ਜੀ ਵੱਲੋਂ ਪ੍ਰੋੜ੍ਹਤਾ ਕੀਤੇ ਗਏ ਧੰਨਵਾਦ ਦੇ ਮਤੇ ਨੂੰ ਪਾਸ ਕੀਤਾ ਜਾਵੇ ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

> "ਕਿ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਬੇਜ਼ਮੀਨੇ ਮਜ਼ਦੂਰਾਂ (Landless labourers) ਦੀ ਗਿਣਤੀ ਅਤੇ ਉਨ੍ਹਾਂ ਤੇ ਖੜ੍ਹੇ ਕਰਜ਼ੇ ਬਾਰੇ ਪੰਜ ਮੈਂਬਰੀ

ਕਮੇਟੀ ਬਣਾਉਣ ਦੀ ਤਜਵੀਜ਼ ਕਰਨ ਤੇ ਇਹ ਸਦਨ ਉਨ੍ਹਾਂ ਦੀ ਸ਼ਲਾਘਾ ਕਰਦਾ ਹੈ ਅਤੇ ਇਸ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹੈ ਕਿਉਂਕਿ ਇਨ੍ਹਾਂ ਨੇ ਗਰੀਬਾਂ ਲਈ ਬਹੁਤ ਵੱਡੀ ਰਾਹਤ ਦੇਣ ਦਾ ਕੰਮ ਕੀਤਾ ਹੈ।''

ਮਾਨਯੋਗ ਸਪੀਕਰ : ਪ੍ਰਸ਼ਨ ਹੈ -

''ਕਿ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਬੇਜ਼ਮੀਨੇ ਮਜ਼ਦੂਰਾਂ (Landless labourers) ਦੀ ਗਿਣਤੀ ਅਤੇ ਉਨ੍ਹਾਂ ਤੇ ਖੜ੍ਹੇ ਕਰਜ਼ੇ ਬਾਰੇ ਪੰਜ ਮੈਂਬਰੀ ਕਮੇਟੀ ਬਣਾਉਣ ਦੀ ਤਜਵੀਜ਼ ਕਰਨ ਤੇ ਇਹ ਸਦਨ ਉਨ੍ਹਾਂ ਦੀ ਸ਼ਲਾਘਾ ਕਰਦਾ ਹੈ ਅਤੇ ਇਸ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹੈ ਕਿਉਂਕਿ ਇਨ੍ਹਾਂ ਨੇ ਗਰੀਬਾਂ ਲਈ ਬਹੁਤ ਵੱਡੀ ਰਾਹਤ ਦੇਣ ਦਾ ਕੰਮ ਕੀਤਾ ਹੈ ।''

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ ।

ਮਾਨਯੋਗ ਸਪੀਕਰ : ਹਾਂ ਜੀ, ਸਰਦਾਰ ਪ੍ਰਗਟ ਸਿੰਘ ਜੀ ।

DISCUSSION ON BUDGET ESTIMATES FOR THE YEAR 2017-18 (*Resumption*)

ਸਰਦਾਰ ਪ੍ਰਗਟ ਸਿੰਘ ਪੋਆਰ (ਜਲੰਧਰ ਕੈਂਟ) : ਸਪੀਕਰ ਸਾਹਿਬ, ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ। ਜੇ ਇੱਕ ਸਿਸਟਮ ਵਿੱਚ ਕਲਰਕ ਵੀ ਭਰਤੀ ਹੁੰਦਾ ਹੈ ਤਾਂ ਉਸ ਦੀ ਵੀ ਟਰੇਨਿੰਗ ਹੁੰਦੀ ਹੈ। ਮੈਂ ਕਦਰਾਂ ਕੀਮਤਾਂ ਨਾਲ ਗੱਲ ਸ਼ੁਰੂ ਕੀਤੀ ਸੀ ਕਿ ਸਾਡੀਆਂ ਕਦਰਾਂ ਕੀਮਤਾਂ ਕਿੱਧਰ ਨੂੰ ਜਾ ਰਹੀਆਂ ਹਨ। ਮੈਂ ਤੁਹਾਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਐਮ.ਐਲ.ਏਜ਼ ਲਈ ਵੀ ਇੱਕ ਟਰੇਨਿੰਗ ਪ੍ਰੋਗਰਾਮ ਕਰਵਾਉ ਕਿਉਂਕਿ ਸ਼ੁਰੂਆਤ ਮੈਂ ਉਥੋਂ ਕੀਤੀ ਸੀ ਕਿ ਜਦੋਂ ਇੱਕ ਕਲਰਕ ਵੀ ਭਰਤੀ ਹੁੰਦਾ ਹੈ ਤਾਂ ਉਸ ਦੀ ਟਰੇਨਿੰਗ ਹੁੰਦੀ ਹੈ। ਅਸੀਂ ਕਿਨ੍ਹਾਂ ਕਦਰਾਂ ਕੀਮਤਾਂ ਦੇ ਉੱਤੇ ਪਹਿਰਾ ਦੇਣ ਲੱਗ ਪਏ ਹਾਂ ਕਿਉਂਕਿ ਲੋਕ ਸਾਨੂੰ ਇਥੇ ਚੁਣ ਕੇ ਭੇਜਦੇ ਹਨ ਤੇ ਇੱਥੇ ਲੋਕਾਂ ਦੇ ਮਸਲਿਆਂ ਦੇ ਉਤੇ ਗੱਲਬਾਤ ਕਰੋ ਕਿਉਂਕਿ ਮੈਂ ਤਾਂ ਉਹ ਡੈਮੋਕਰੇਸੀ ਸਮਝਦਾ ਹਾਂ ਕਿ ਜਿਸ ਵਿਚ ਗੱਲਬਾਤ ਰਾਹੀਂ ਉਸ ਦੇ ਵਧੀਆ ਸਲਿਊਸ਼ਨ ਲੱਭ ਸਕੀਏ। ਮੈਨੂੰ ਕਦੇ ਕਦੇ ਲੱਗਦਾ ਹੈ ਕਿ ਮੱਛੀ ਮੰਡੀ ਦੇ ਵਿੱਚ ਵੀ ਇਸ ਤਰ੍ਹਾਂ ਦਾ ਰੌਲਾ ਨਹੀਂ ਪੈਂਦਾ ਜਿਸ ਤਰ੍ਹਾਂ ਦਾ ਇਥੇ ਪੈਂਦਾ ਹੈ।

ਮੈਂ ਕੈਸ਼ ਕ੍ਰੈਡਿਟ ਲਿਮਟ ਦੀ ਗੱਲ ਕਰਦਾ ਸੀ । ਮੈਂ ਤੁਹਾਡੇ ਮਾਰਫਤ ਫਾਈਨਾਂਸ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਨੀ ਚਾਹੁੰਦਾ ਹਾਂ ਕਿ ਜਿਹੜਾ 10 ਮਾਰਚ ਨੂੰ ਸਾਡੇ ਨਾਲ, ਪੰਜਾਬ ਨਾਲ ਧੋਖਾ ਹੋਇਆ ਹੈ ਪਹਿਲਾਂ ਤਾਂ ਜੋ ਲੁੱਟ ਖਸੁੱਟ ਕੀਤੀ, ਉਹ ਕੀਤੀ । ਪਹਿਲਾਂ ਤਾਂ ਪਿਛਲੇ ਹਾਊਸ ਦੇ ਵਿੱਚ ਇਹ ਗੱਲ ਆਉਂਦੀ ਰਹੀ ਹੈ ਕਿ ਇਸ ਦਾ ਸਟਾਕ ਜਿਹੜਾ ਹੈ, ਉਹ ਰੀਕੰਸਾਈਲ ਹੋਣਾ ਹੈ, ਇਸ ਵਿੱਚ ਤਾਂ 30 ਹਜ਼ਾਰ ਕਰੋੜ ਰੁਪਏ ਦਾ ਸਾਡੇ ਕੋਲ ਹੈ, ਇਹ ਵਾਰ-ਵਾਰ ਕਹਿੰਦੇ ਰਹੇ ਪਰ 10 ਮਾਰਚ ਨੂੰ ਇਹੋ ਜਿਹੀ ਕਿਹੜੀ ਸਮੱਸਿਆ ਆ ਗਈ ਕਿ ਜਿਹੜਾ 30 ਹਜ਼ਾਰ ਕਰੋੜ ਰੁਪਏ ਨੂੰ ਸਾਡੇ ਕਰਜ਼ੇ

[ਸਰਦਾਰ ਪ੍ਰਗਟ ਸਿੰਘ ਪੋਆਰ]

ਵਿੱਚ ਕਨਵਰਟ ਕਰ ਦਿੱਤਾ । ਫਾਈਨਾਂਸ ਮਨਿਸਟਰ ਸਾਹਿਬ ਮੈਂ ਉਸ ਵਿਚ ਰਿਕੁਐਸਟ ਕਰਨੀ ਚਾਹੁੰਦਾ ਹਾਂ । ਸਾਡੇ ਜਿਹੜੇ ਦੁਕਾਨਦਾਰ ਹਨ, ਉਹ ਵੀ ਆਪਣੀ ਕੈਸ਼ ਬੁੱਕ ਲਿਖਦੇ ਹਨ । ਉਸ ਵਿਚ ਵੀ ਜੇ ਕਿਤੇ ਚੋਰੀ ਹੋਈ ਹੋਵੇ ਤਾਂ ਉਹ ਲਿਖ ਲੈਂਦੇ ਹਨ ਕਿ ਇਹ ਚੋਰੀ ਹੋਈ ਹੈ ਤੇ ਜੇ ਕਿਤੇ ਪੁਲਿਸ ਨੇ ਰਿਕਵਰ ਕਰ ਲਈ ਤਾਂ ਇਸ ਨੂੰ ਦੁਬਾਰਾ ਰੀਕੰਸਾਈਲ ਕਰ ਲਿਆ ਜਾਵੇਗਾ। ਅਸੀਂ ਇਹ ਆਨ ਕਰਕੇ ਬੈਠ ਗਏ ਹਾਂ ਕਿ ਇਹ 30 ਹਜ਼ਾਰ ਕਰੋੜ ਰੁਪਿਆ ਅਸੀਂ ਮੰਨ ਲਿਆ ਕਿ ਇਹ ਸਾਡਾ ਕਰਜ਼ਾ ਹੈ, 3240 ਕਰੋੜ ਰੁਪਿਆ ਸਾਲ ਦਾ ਦੇਣਾ ਪੈਣਾ ਹੈ। ਆਪਾਂ ਨੇ ਇਥੇ ਕਿਸੇ ਨੇ ਹੋਣਾ ਨਹੀਂ ਹੈ ਲੇਕਿਨ ਅਸੀਂ ਆਉਣ ਵਾਲੀਆਂ ਜੈਨਰੇਸ਼ਨਜ਼ ਨੂੰ ਦੇ ਕੇ ਜਾ ਰਹੇ ਹਾਂ। ਇਸ ਦੇ ਵਿੱਚ ਜਿਹੜੇ ਕਲਪਰਿੱਟ ਹਨ, ਉਸ ਬਾਰੇ ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਫਾਈਨਾਂਸ ਮਨਿਸਟਰ ਸਾਹਿਬ ਕਨਕਲੂਡ ਕਰਨਗੇ ਤਾਂ ਉਸ ਵਿੱਚ ਚਾਹੇ ਸੀ.ਬੀ.ਆਈ. ਇਨਕੁਆਰੀ, ਚਾਹੇ ਵਿਜੀਲੈਂਸ ਇਨਕੁਆਰੀ ਮਾਰਕ ਕਰਨ ਤਾਂ ਕਿ ਉਹ ਜਿਹੜੇ ਬੰਦੇ ਹਨ, ਜਿਹੜੇ ਡਕਾਰ ਮਾਰ ਗਏ ਹਨ, ਉਨ੍ਹਾਂ ਖਿਲਾਫ ਕਾਰਵਾਈ ਹੋ ਸਕੇ ਅਤੇ ਇੱਕ ਸਿਸਟਮ ਬਣਾਇਆ ਜਾ ਸਕੇ । ਫਿਰ ਅਸੀਂ ਕਹਿੰਦੇ ਹਾਂ ਕਿ ਇਹ ਤਾਂ ਕਰਜ਼ਾ ਬਣ ਗਿਆ ਹੈ। ਸਪੀਕਰ ਸਾਹਿਬ, ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਸਾਰੇ ਬਜਟ ਪ੍ਰੋਵੀਜ਼ਨਜ਼ ਵੀ ਕਰ ਦਿੰਦੇ ਹਾਂ, ਸਾਡੇ ਕੋਲ ਪ੍ਰਾਜੈਕਟ ਵੀ ਬਣ ਜਾਂਦੇ ਹਨ ਪਰ ਅਸਲ ਵਿੱਚ ਹੋ ਕੀ ਰਿਹਾ ਹੈ ? ਮੈਂ ਹਾਊਸ ਨਾਲ ਇੱਕ ਪ੍ਰਾਜੈਕਟ ਦੀ ਜਿਹੜੀ ਕਾਰਗੁਜ਼ਾਰੀ ਹੈ, ਉਹ ਇਸ ਕਰਕੇ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਥੱਲੇ ਸਿਸਟਮ ਵਿੱਚ ਹੋ ਕੀ ਰਿਹਾ ਹੈ ਕਿਉਂਕਿ ਮੈਂ ਤਾਂ ਹਮੇਸ਼ਾਂ ਸਿਸਟਮ ਦੀ ਗੱਲ ਕਰਦਾ ਹਾਂ। ਸਰਦਾਰ ਸੁਖਬੀਰ ਸਿੰਘ ਬਾਦਲ ਦਾ ਸੁਪਨਾ ਸੀ ਕਿ ਮੈਂ ਸ਼ਹਿਰਾਂ ਨੂੰ ਸਾਫ ਸੁਥਰਾ ਬਣਾਉਣਾ ਹੈ, ਕਿਤੇ ਕੈਲੀਫੋਰਨੀਆ ਵਰਗਾ ਬਣਾਉਣਾ ਹੈ, ਕਿਤੇ ਫਲਾਣੀ ਜਗ੍ਹਾ ਬਣਾਉਣਾ ਹੈ। ਸਪੀਕਰ ਸਾਹਿਬ, ਮੇਰੀ ਵੀ ਕਾਂਸਟੀਚਿਊਐਂਸੀ ਵਿੱਚ ਇੱਕ ਵੇਸਟ ਮੈਨੇਜਮੈਂਟ ਪਲਾਂਟ ਲੱਗਣਾ ਸੀ, ਮੈਂ ਉਸ ਦੇ ਹੱਕ ਵਿੱਚ ਹਾਂ ਕਿ ਲੱਗਣਾ ਚਾਹੀਦਾ ਹੈ ਕਿਉਂਕਿ ਸ਼ਹਿਰਾਂ ਦੀ ਸਮੱਸਿਆ ਹੈ ਪਰ ਜਦੋਂ ਮੈਂ ਉਸ ਪ੍ਰਾਜੈਕਟ ਵੱਲ ਧਿਆਨ ਨਾਲ ਦੇਖਿਆ ਜਿਹੜੀ ਕੰਪਨੀ ਨੂੰ ਉਹ ਪ੍ਰਾਜੈਕਟ ਦਿੱਤਾ, ਉਸੇ ਨੇ ਉਸ ਦੀ ਡੀ.ਪੀ.ਆਰ.ਬਣਾਈ, ਉਸੇ ਨੇ ਟੈਂਡਰ ਡਾਕੂਮੈਂਟ ਬਣਾਇਆ ਔਰ ਉਸੇ ਨੂੰ ਅਵਾਰਡ ਕਰ ਦਿੱਤਾ।ਇਹ ਕਿਸੇ ਨੇ ਨਹੀਂ ਦੇਖਿਆ ਕਿ ਉਥੇ ਜਲੰਧਰ ਸ਼ਹਿਰ ਵਿੱਚੋਂ 400 ਟਰੱਕ ਕੂੜੇ ਦਾ ਜਾਣਾ ਹੈ। ਸ਼ਹਿਰ ਵਿਚੋਂ 400 ਟਰੱਕ ਜਾਣਾ ਹੋਵੇ ਤਾਂ ਲੰਘਣਗੇ ਕਿਥੋਂ? ਔਰ ਉਹ ਟੈਕਨਾਲੋਜੀ ਜਿਹੜੀ ਚਾਈਨਾ ਨੇ 20 ਸਾਲ ਪਹਿਲਾਂ ਆਊਟ ਡੇਟ ਕਰ ਦਿੱਤੀ ਸੀ, ਯੂਰਪ ਨੇ 50 ਸਾਲ ਪਹਿਲਾਂ ਆਊਟ ਡੇਟ ਕਰ ਦਿੱਤੀ ਸੀ, ਉਹ ਉਥੇ ਲੱਗ ਰਹੀ ਹੈ । ਇਹ ਕਹਿੰਦੇ ਸਨ ਕਿ ਉਸ ਪਲਾਂਟ ਵਿੱਚ ਬਿਜਲੀ ਬਣਾਉਣੀ ਹੈ ਔਰ 1200 ਡਿਗਰੀ ਤੱਕ ਉਸ ਦੀ ਇਨਸਿਲਰੇਸ਼ਨ ਹੋਣੀ ਸੀ । ਜਦੋਂ ਉਹ ਪਲਾਸਟਿਕ ਜਲਦੀ ਹੈ ਤਾਂ ਉਸ ਵਿਚੋਂ ਕੈਂਸਰ ਆਰਟੀਕਲਜ਼ ਆਉਂਦੇ ਹਨ ਤੇ ਇਹ ਪਲਾਂਟ ਉਥੇ ਲਗਾਉਣ ਜਾ ਰਹੇ ਸੀ ਜਿਥੇ ਐਡਜੁਆਇਨਿੰਗ ਏਰੀਆਜ਼ ਵਿਚ 650 ਡੇਅਰੀ ਫਾਰਮਿੰਗ ਹੈ । ਇਹ ਸਾਡੇ ਪ੍ਰਾਜੈਕਟ ਦੀ ਕਾਰਗੁਜ਼ਾਰੀ ਹੈ। ਆਪਾਂ ਸਿਸਟਮ ਦੀ ਗੱਲ ਕਰਦੇ ਹਾਂ ਕਿਉਂਕਿ ਮੈਨੂੰ ਨਹੀਂ ਲੱਗਦਾ ਕਿ ਕੋਈ ਸਿਸਟਮ ਹੈ । ਉਸ ਨੂੰ ਪਹਿਲਾਂ ਕਾਰਪੋਰੇਸ਼ਨ ਨੇ ਪਾਸ ਕੀਤਾ, ਉਸ ਤੋਂ ਬਾਅਦ ਸਾਡੀ ਸਟੇਟ ਦੀ ਇੱਕ ਅਸੈਸਮੈਂਟ ਇੰਪੈਕਟ ਕਮੇਟੀ ਹੈ, ਉਸ ਨੇ ਪਾਸ ਕੀਤਾ, ਉਸ ਤੋਂ ਬਾਅਦ ਸਾਡੇ ਪਲਿਊਸ਼ਨ ਬੋਰਡ ਨੇ ਪਾਸ ਕੀਤਾ ਤੇ

ਉਸ ਤੋਂ ਬਾਅਦ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਵੀ ਪਾਸ ਕਰ ਦਿੱਤਾ ਪਰ ਕਿਸੇ ਨੇ ਇਹ ਨਹੀਂ ਵੇਖਿਆ ਕਿ ਉਸ ਵਿੱਚ ਕਿੰਨੀ ਐਨਰਜੀ ਵੇਸਟ ਹੋਈ, ਕਿੰਨਾ ਸਾਡਾ ਪੈਸਾ ਵੇਸਟ ਹੋਇਆ, ਅਸੀਂ ਕਰਨਾ ਕੀ ਚਾਹੁੰਦੇ ਹਾਂ? ਮੇਰੀ ਕਾਂਸਟੀਚਿਊਐਂਸੀ ਵਿੱਚ ਪਿਮਜ਼ ਹਾਸਪੀਟਲ ਬਣਿਆ ਲੇਕਿਨ ਮੇਰਾ ਖਿਆਲ ਹੈ ਕਿ ਕਿਸੇ ਨੇ ਮਾਈਂਡ ਹੀ ਅਪਲਾਈ ਨਹੀਂ ਕੀਤਾ। ਅਸੀਂ ਕਿਹਾ ਕਿ ਉਥੇ ਪੀ.ਜੀ.ਆਈ. ਵਾਂਗ ਸਹੂਲਤਾਂ ਦੇਣੀਆਂ ਹਨ। ਤੁਹਾਨੂੰ ਪਤਾ ਹੈ ਪੀ.ਜੀ.ਆਈ. ਨੂੰ ਗ੍ਰਾਂਟ ਕਿੰਨੀ ਮਿਲਦੀ ਹੈ? 10/- ਰੁਪਏ ਦੀ ਉਥੇ ਪਰਚੀ ਹੈ। ਇਹ ਹਸਪਤਾਲ ਮੇਰੇ ਘਰ ਤੋਂ ਡੇਢ ਕਿਲੋਮੀਟਰ ਦੀ ਦੂਰੀ ਤੇ ਹੈ।ਜਦੋਂ ਮੈਂ ਐਮ.ਐਲ.ਏ. ਬਣਿਆ, ਉਦੋਂ ਤੋਂ ਹੀ ਕਿਸੇ ਦਿਨ ਨਰਸਾਂ ਦਾ ਧਰਨਾ, ਕਿਸੇ ਦਿਨ ਟੈਕਨੀਸ਼ੀਅਨਜ਼ ਦਾ ਧਰਨਾ, ਕਿਸੇ ਦਿਨ ਕਿਸੇ ਦਾ ਧਰਨਾ। ਜਦੋਂ ਪਤਾ ਲੱਗਿਆ ਕਿ ਇਹ ਦਿੱਤਾ ਕਿਸ ਨੂੰ ਹੈ, ਮੈਂ ਹੁਣ ਜੇ ਹਾਊਸ ਵਿੱਚ ਨਾਂ ਲਿਆ ਤਾਂ ਤੁਸੀਂ ਕਹਿਣਾ ਹੈ ਕਿ ਨਾਂ ਨਹੀਂ ਲੈਣਾ, ਉਹ ਸਾਡੇ ਪਿਛਲੀ ਸਰਕਾਰ ਦੇ ਮੰਤਰੀ ਜੀ **** ਸਨ। ਜੇ ਅਸੀਂ ਅਜਿਹਾ ਕਰਾਂਗੇ ਤਾਂ ਫੇਰ ਅਸੀਂ ਪੰਜਾਬ ਦੀ ਗੱਲ ਕਦੋਂ ਕਰਦੇ ਹਾਂ? (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਅਸੀਂ ਕਿਹੜੇ ਪੰਜਾਬ ਦੀ ਗੱਲ ਕਰਦੇ ਹਾਂ?

ਮਾਨਯੋਗ ਸਪੀਕਰ : ਜਿਹੜੇ ਮੈਂਬਰ ਸਦਨ ਵਿੱਚ ਨਹੀਂ ਹਨ, ਉਨ੍ਹਾਂ ਦਾ ਨਾਂ ਨਾ ਲਿਆ ਜਾਵੇ।

ਸਰਦਾਰ ਪ੍ਰਗਟ ਸਿੰਘ ਪੋਆਰ : ਠੀਕ ਹੈ ਜੀ। ਗਲਤੀ ਹੋ ਗਈ ਪਰ ਅਸੀਂ ਪੰਜਾਬ ਦੀ ਗੱਲ ਤਾਂ ਕਰੀਏ। ਪਿਛਲੀ ਵਾਰੀ ਵੀ ਇਹ ਰੌਲਾ ਪੈਂਦਾ ਰਿਹਾ। ਅਸੀਂ ਕਿੱਧਰ ਨੂੰ ਤੁਰ ਪਏ? ਅਸੀਂ ਜਿਹੜੇ ਪੰਜਾਬ ਦੇ ਰਾਖੇ ਸੀ, ਅਸੀਂ ਕਿੱਧਰ ਨੂੰ ਤੁਰ ਪਏ? ਅਸੀਂ ਕਮਰਸ਼ੇਲਾਈਜ਼ ਹੋ ਗਏ, ਸਾਡੀ ਸੁਸਾਇਟੀ ਕਮਰਸ਼ੀਲਾਈਜ਼ ਹੋ ਗਈ।ਅਸੀਂ ਉਨ੍ਹਾਂ ਕਦਰਾਂ-ਕੀਮਤਾਂ ਤੇ ਪਹਿਰਾ ਦੇਣ ਤੋਂ ਹਟ ਗਏ। ਇਹ ਸਾਹਮਣੇ ਵਾਲੇ ਹੁਣ ਬੈਠੇ ਨਹੀਂ ਹਨ, ਮੈਂ ਜਦੋਂ ਅਕਾਲੀ ਦਲ ਦੀ ਸਰਕਾਰ ਵਿੱਚ ਸੀ, ਮੇਰੇ ਹਲਕੇ ਦਾ ਇੱਕ ਪਿੰਡ ਕੁੱਕੜਵਿੰਡ ਹੈ।ਉਹ ਪਿੰਡ ਕੱਟੜ ਅਕਾਲੀ ਹੈ।ਮੈਨੂੰ ਇਕ ਬਜ਼ੁਰਗ ਕਹਿਣ ਲੱਗੇ, ਕਾਕਾ ਇੱਧਰ ਆਈਂ, ਤੇਰੇ ਨਾਲ ਕੁਝ ਗੱਲ ਕਰਨੀ ਹੈ। ਮੈਂ ਕਿਹਾ, ਦੱਸੋ ਬਜ਼ੁਰਗੋ।ਕਹਿੰਦੇ, ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਸਾਡਾ ਸੁਨੇਹਾ ਦੇ ਦੇਈਂ। ਕਿਹੜਾ ਸੁਨੇਹਾ, ਬਈ ਸਰਕਾਰ ਵੀ ਚਲਾ ਲਈ ਤਾਂ ਵੀ ਕੋਈ ਗੱਲ ਨਹੀਂ, ਪਾਰਟੀ ਵੀ ਚਲਾ ਲਈ ਤਾਂ ਵੀ ਕੋਈ ਗੱਲ ਨਹੀਂ ਲੇਕਿਨ ਜਦੋਂ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਵੀ ਇਹ ਜਾਰੀ ਕਰਨ ਲੱਗ ਪਏ ਤਾਂ ਸਾਨੂੰ ਮਨਜ਼ੂਰ ਨਹੀਂ ਹੈ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਅਸੀਂ ਕਿੱਧਰ ਨੂੰ ਲੈ ਕੇ ਤੁਰ ਪਏ ਹਾਂ ? ਮੈਨੂੰ ਲੱਗਦਾ ਹੈ ਕਿ ਇਹ ਬੜਾ ਖਤਰਨਾਕ ਟ੍ਰੈਂਡ ਹੈ ਕਿਉਂਕਿ ਸਾਨੂੰ ਤਾਂ ਹੋਰ ਸਮੱਸਿਆਵਾਂ ਬਹੁਤ ਹਨ। ਸਾਡੇ ਨੌਜਵਾਨਾਂ ਨੂੰ ਨੌਕਰੀ ਚਾਹੀਦੀ ਹੈ, ਸਾਡੇ ਤੇ ਕਰਜ਼ਾ ਦੋ ਲੱਖ ਕਰੋੜ ਰੁਪਏ ਦਾ ਹੈ। ਅਸੀਂ ਪੰਜਾਬ ਦੀ ਗੱਲ ਕਰਨ ਤੋਂ ਹਟ ਗਏ, ਅਸੀਂ ਤਾਂ ਸਕੋਰ ਸੈਟਲ ਕਰਨ ਦੀ ਗੱਲ ਕਰਦੇ ਹਾਂ। ਜੇ ਇਹ ਵੀਰ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) 100 ਜਣਾ ਆ ਗਿਆ ਤਾਂ ਸੌ ਕਰੋੜ ਬਣਾ ਲਿਆ, ਦੋ ਸੌ ਕਰੋੜ ਬਣਾ ਲਿਆ। ਸਾਡੀ ਮਾਨਸਿਕਤਾ ਬਦਲਣ ਦੀ ਜ਼ਰੂਰਤ ਹੈ, ਸਾਡੀ ਸੋਚ ਬਦਲਣ ਦੀ ਜ਼ਰੂਰਤ ਹੈ ਤਾਂ ਹੀ ਪੰਜਾਬ ਬਚੇਗਾ ਨਹੀਂ ਤਾਂ ਪੰਜਾਬ ਬਚਣਾ ਨਹੀਂ ਹੈ।

**** Expunged as ordered by the Chair.

[ਸਰਦਾਰ ਪ੍ਰਗਟ ਸਿੰਘ ਪੋਆਰ]

ਮੈਂ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ, ਜਿਹੜੀਆਂ ਸਿਸਟਮ ਵਿੱਚ black sheeps ਹਨ, ਜਿਨ੍ਹਾਂ ਨੇ ਬਹੁਤ ਗੰਦ ਪਾਇਆ ਹੈ, ਉਨ੍ਹਾਂ ਤੇ ਕਾਰਵਾਈ ਕਰਨ ਜਾ ਰਹੇ ਹਨ। ਜਦੋਂ ਥੱਲੇ ਜਾ ਕੇ ਦੇਖੋ ਤਾਂ ਕੁਰੱਪਸ਼ਨ ਬਹੁਤ ਹੈ। ਜਿਹੜੇ ਦੋ black sheeps ਫੜੇ ਹਨ, ਮੈਂ ਤਾਂ ਸੀ.ਐਮ. ਸਾਹਿਬ ਨੂੰ ਪਰਸਨਲੀ ਰਿਕੁਐਸਟ ਕਰਦਾ ਹਾਂ ਅਤੇ ਤੁਹਾਡੇ ਮਾਰਫਤ ਇਸ ਹਾਊਸ ਵਿੱਚ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਰੋਕਿਓ ਨਾ। ਚਾਹੇ ਕੋਈ ਬਿਊਰੋਕ੍ਰੇਟ ਹੋਵੇ ਜਾਂ ਕਿਸੇ ਵੀ ਅਹੁਦੇ ਤੇ ਹੋਵੇ, ਚਾਹੇ ਕੋਈ ਪਾਲੀਟੀਸ਼ਨ ਹੋਵੇ ਅਤੇ ਕਿਸੇ ਵੀ ਪਾਰਟੀ ਦਾ ਹੋਵੇ, ਇਸ ਨੂੰ ਰੋਕਣ ਦੀ ਜ਼ਰੂਰਤ ਨਹੀਂ ਹੈ, ਇਨ੍ਹਾਂ ਨੂੰ ਬਾਹਰ ਕੱਢ ਕੇ ਰੱਖਣ ਦੀ ਜ਼ਰੂਰਤ ਹੈ ਤਾਂ ਹੀ ਇਹ ਪੰਜਾਬ ਬਚਣਾ ਹੈ, ਨਹੀਂ ਤਾਂ ਪੰਜਾਬ ਨਹੀਂ ਬਚਣਾ।(ਥੰਪਿੰਗ) ਮੈਂ ਇਸ ਮੌਕੇ ਤੇ ਕਹਿਣਾ ਚਾਹੁੰਦਾ ਹਾਂ ਕਿ ਜਿਹੋ ਜਿਹੇ ਹਾਲਾਤਾਂ ਵਿੱਚ ਜੋ ਸਾਡੇ ਸੂਬੇ ਦੀ ਮਾਲੀ ਹਾਲਤ ਹੈ...

ਮਾਨਯੋਗ ਸਪੀਕਰ : ਵਾਈਂਡ ਅੱਪ ਕਰੋ ਜੀ।

ਸਰਦਾਰ ਪ੍ਰਗਟ ਸਿੰਘ ਪੋਆਰ : ਹਾਂ ਜੀ। ਜਿਹੜੀ ਮਾਲੀ ਹਾਲਤ ਹੈ, ਉਸ ਨੂੰ ਦੇਖਦੇ ਹੋਏ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਜੋ ਬਜਟ ਪੇਸ਼ ਕੀਤਾ ਹੈ, ਮੇਰਾ ਖਿਆਲ ਹੈ ਕਿ ਇਸ ਤੋਂ ਬਿਹਤਰ ਅਤੇ ਇੰਨੀਆਂ ਰਿਆਇਤਾਂ ਵਾਲਾ ਬਜਟ ਪੇਸ਼ ਨਹੀਂ ਕੀਤਾ ਜਾ ਸਕਦਾ। ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ।(ਥੰਪਿੰਗ) ਮੈਂ ਸੀ.ਐਮ. ਸਾਹਿਬ ਨੂੰ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਲਗਭਗ ਆਪਣੀ ਸਾਰਿਆਂ ਦੀ ਬੈਕਗਰਾਊਂਡ ਪਿੰਡਾਂ ਦੀ ਹੈ, ਇਸ ਸਿਸਟਮ ਵਿੱਚ ਕੁਝ ਇਹੋ ਜਿਹੇ ਲੋਕ ਬੈਠੇ ਹਨ, ਉਨ੍ਹਾਂ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਮਿਰਗੀ ਦਾ ਇਲਾਜ ਹੈ, ਉਹ ਜੁੱਤੀ ਨਾਲ ਠੀਕ ਹੋਣਾ ਹੈ ਅਤੇ ਜੁੱਤੀ ਤੋਂ ਬਿਨਾਂ ਠੀਕ ਨਹੀਂ ਹੋਣਾ, (ਥੰਪਿੰਗ) ਉਨ੍ਹਾਂ ਨੂੰ ਜੁੱਤੀ ਸੁੰਘਾਉਣ ਦੀ ਜ਼ਰੂਰਤ ਹੈ। ਮੈਂ ਸੀ.ਐਮ. ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਇਹ ਅਜਿਹੀ ਸੋਚ ਰੱਖਦੇ ਹਨ ਕਿ ਅਸੀਂ ਪਾਜ਼ੇਟਿਵਲੀ ਕੰਮ ਕਰੀਏ। ਅਸੀਂ ਉਨ੍ਹਾਂ ਕਦਰਾਂ-ਕੀਮਤਾਂ ਤੇ ਪਹਿਰਾ ਦੇਈਏ ਤਾਂ ਕਿ ਪੰਜਾਬ ਤਰੱਕੀ ਦੀ ਰਾਹ ਤੇ ਜਾਵੇ ਪਰ ਇਹ ਜਿਹੜੇ ਟਾਵੇਂ ਟਾਵੇਂ sheeps ਹਨ, ਟਾਵੇਂ ਟਾਵੇਂ ਨੂੰ ਮਿਰਗੀ ਪਈ ਹੈ, ਉਹ ਜੁੱਤੀ ਨਾਲ ਠੀਕ ਹੋਣੀ ਹੈ। ਸੋ, ਮੈਂ ਸਾਰਿਆਂ ਨੂੰ ਇਹੀ ਕਹਾਂਗਾ, ਬਾਕੀ ਤਾਂ ਸਾਰੇ ਉੱਠ ਕੇ ਚਲੇ ਗਏ, ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਬਜਟ ਨੂੰ ਯੂਨਾਨੀਮਸਲੀ ਪਾਸ ਕਰਨਾ ਚਾਹੀਦਾ ਹੈ। ਤੁਹਾਡਾ ਸਾਰਿਆਂ ਦਾ ਧੰਨਵਾਦ। ਜੈ ਹਿੰਦ।(ਥੰਪਿੰਗ)

PRIVILEGE MOTION

ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> ਕਿ ਮਿਤੀ 20 ਜੂਨ, 2017 ਨੂੰ 11.28 ਵਜੇ ਪੂਰਵ ਦੁਪਹਿਰ ਜਦੋਂ ਮਾਨਯੋਗ ਵਿੱਤ ਮੰਤਰੀ ਜੀ ਬਜਟ ਅਨੁਮਾਨ ਪੇਸ਼ ਕਰਦੇ ਹੋਏ ਬੋਲ ਰਹੇ ਸਨ, ਉਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨਾਅਰੇ ਲਗਾਉਂਦੇ ਹੋਏ

ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ। ਇਸੇ ਤਰ੍ਹਾਂ ਕੱਲ੍ਹ ਮਿਤੀ 21 ਜੂਨ, 2017 ਨੂੰ 10.46 ਵਜੇ ਪੂਰਵ ਦੁਪਹਿਰ ਨੂੰ ਜਦੋਂ ਪ੍ਰਸ਼ਨ ਕਾਲ ਚੱਲ ਰਿਹਾ ਸੀ ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨਾਅਰੇ ਲਗਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ। ਇਸੇ ਤਰ੍ਹਾਂ ਅੱਜ ਮਿਤੀ 22 ਜੂਨ, 2017 ਨੂੰ 10.30 ਵਜੇ ਪੂਰਵ ਦੁਪਹਿਰ ਨੂੰ ਜਦੋਂ ਪ੍ਰਸ਼ਨ ਕਾਲ ਚੱਲ ਰਿਹਾ ਸੀ ਤਾਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਪ੍ਰਸ਼ਨ ਕਾਲ ਦੀ ਕਾਰਵਾਈ ਵਿੱਚ ਘੋਰ ਵਿਘਨ ਪਾਇਆ ਗਿਆ ਅਤੇ ਚੇਅਰ ਦੇ ਵਾਰ ਵਾਰ ਕਹਿਣ ਦੇ ਬਾਵਜੂਦ ਵੀ ਉਹ ਅਜਿਹਾ ਕਰਨ ਤੋਂ ਨਹੀਂ ਰੁਕੇ ਜਿਸ ਕਰਕੇ ਆਪ ਜੀ ਨੂੰ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਨੂੰ ਨੇਮ ਕਰਨਾ ਪਿਆ। ਮਾਨਯੋਗ ਸਪੀਕਰ ਸਾਹਿਬ ਦੇ ਇਨ੍ਹਾਂ ਹੁਕਮਾਂ ਅਨੁਸਾਰ ਸਦਨ ਵਿੱਚ ਤਾਇਨਾਤ ਸਕਿਓਰਿਟੀ ਸਟਾਫ ਦੁਆਰਾ ਜਦੋਂ ਇਨ੍ਹਾਂ ਨੇਮ ਕੀਤੇ ਗਏ ਮੈਂਬਰਾਂ ਨੂੰ ਮਾਰਸ਼ਲ ਦੁਆਰਾ ਹਾਊਸ ਵਿੱਚੋਂ ਬਾਹਰ ਲਿਜਾਉਣ ਦੀ ਕਾਰਵਾਈ ਕੀਤੀ ਜਾ ਰਹੀ ਸੀ ਤਾਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਜੈ ਕ੍ਰਿਸ਼ਨ ਵੱਲੋਂ ਹਾਊਸ ਦੀ ਸਕਿਓਰਟੀ ਡਿਊਟੀ ਤੇ ਤਾਇਨਾਤ ਇੱਕ ਲੇਡੀ ਸਟਾਫ ਨੂੰ ਮੁੱਕਾ ਮਾਰਿਆ ਗਿਆ ਅਤੇ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਇਨ੍ਹਾਂ ਮੈਂਬਰਾਂ ਵੱਲੋਂ ਸਦਨ ਦੀ ਪ੍ਰਾਪਰਟੀ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਅੱਜ 11.20 ਵਜੇ ਪੂਰਵ ਦੁਪਹਿਰ ਨੂੰ ਜਦੋਂ ਬਜਟ ਅਨੁਮਾਨਾਂ ਤੇ ਬਹਿਸ ਚੱਲ ਰਹੀ ਸੀ ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਵੀ ਨਾਅਰੇ ਲਗਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ। ਅਜਿਹਾ ਕਰਕੇ ਇਨ੍ਹਾਂ ਮੈਂਬਰ ਸਾਹਿਬਾਨ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਜੋ ਵੀ ਅੱਜ ਇਸ ਪਵਿੱਤਰ ਸਦਨ ਵਿੱਚ ਵਾਪਰਿਆ, ਉਹ ਸਦਨ ਦੀਆਂ ਪਿਛਲੀਆਂ ਸਥਾਪਿਤ ਪਰੰਪਰਾਵਾਂ ਤੇ ਰਵਾਇਤਾਂ ਅਨੁਸਾਰ ਬਿਲਕੁਲ ਵੀ ਉਚਿਤ ਨਹੀਂ ਹੈ। ਇਸ ਤੋਂ ਇਲਾਵਾ ਚੇਅਰ ਵੱਲ ਉਂਗਲੀ ਕਰਨਾ, ਕਾਗਜ਼ ਸੁੱਟਣਾ, ਅਪਸ਼ਬਦ ਬੋਲਣੇ ਅਤੇ ਨਾਅਰੇ ਲਗਾਉਣੇ ਵੀ ਇਸ ਪਵਿੱਤਰ ਸਦਨ ਦੀ ਤੌਹੀਨ ਹੈ ਜਿਸ ਦਾ ਕਿ ਵੱਖ ਵੱਖ ਨਿਯਮਾਂ ਵਿੱਚ ਵੀ ਉਪਬੰਧ ਹੈ। ਆਪੋਜ਼ੀਸ਼ਨ ਦੇ ਇਨ੍ਹਾਂ ਮੈਂਬਰ ਸਾਹਿਬਾਨ ਵੱਲੋਂ ਕੀਤੀਆਂ ਇਨ੍ਹਾਂ ਸਾਰੀਆਂ ਕਾਰਵਾਈਆਂ ਨੂੰ ਸਮੂਹ ਸਦਨ ਪਵਿੱਤਰ ਸਦਨ ਦੀ ਤੌਹੀਨ ਸਮਝਦਾ ਹੈ ਅਤੇ ਇਸ ਦੀ ਪੁਰਜ਼ੋਰ ਨਿੰਦਾ ਕਰਦਾ ਹੈ ਅਤੇ ਪਵਿੱਤਰ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੇ ਹਨਨ ਦੇ ਮਾਮਲੇ ਤੇ ਕਾਰਵਾਈ ਕਰਨ ਦੀ ਮੰਗ ਕਰਦਾ ਹੈ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

"ਕਿ ਮਿਤੀ 20 ਜੂਨ, 2017 ਨੂੰ 11.28 ਵਜੇ ਪੂਰਵ ਦੁਪਹਿਰ ਜਦੋਂ ਮਾਨਯੋਗ ਵਿੱਤ ਮੰਤਰੀ ਜੀ ਬਜਟ ਅਨੁਮਾਨ ਪੇਸ਼ ਕਰਦੇ ਹੋਏ ਬੋਲ ਰਹੇ ਸਨ, ਉਸ ਸਮੇਂ ਆਮ

[ਮਾਨਯੋਗ ਸਪੀਕਰ]

ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨਾਅਰੇ ਲਗਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ। ਇਸੇ ਤਰ੍ਹਾਂ ਕੱਲ੍ਹ ਮਿਤੀ 21 ਜੂਨ, 2017 ਨੂੰ 10.46 ਵਜੇ ਪੂਰਵ ਦੁਪਹਿਰ ਨੂੰ ਜਦੋਂ ਪ੍ਰਸ਼ਨ ਕਾਲ ਚੱਲ ਰਿਹਾ ਸੀ ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨਾਅਰੇ ਲਗਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ। ਇਸੇ ਤਰ੍ਹਾਂ ਅੱਜ ਮਿਤੀ 22 ਜੂਨ, 2017 ਨੂੰ 10.30 ਵਜੇ ਪੂਰਵ ਦੁਪਹਿਰ ਨੂੰ ਜਦੋਂ ਪ੍ਰਸ਼ਨ ਕਾਲ ਚੱਲ ਰਿਹਾ ਸੀ ਤਾਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਪ੍ਰਸ਼ਨ ਕਾਲ ਦੀ ਕਾਰਵਾਈ ਵਿੱਚ ਘੋਰ ਵਿਘਨ ਪਾਇਆ ਗਿਆ ਅਤੇ ਚੇਅਰ ਦੇ ਵਾਰ ਵਾਰ ਕਹਿਣ ਦੇ ਬਾਵਜੂਦ ਵੀ ਉਹ ਅਜਿਹਾ ਕਰਨ ਤੋਂ ਨਹੀਂ ਰੁਕੇ ਜਿਸ ਕਰਕੇ ਆਪ ਜੀ ਨੂੰ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਨੂੰ ਨੇਮ ਕਰਨਾ ਪਿਆ। ਮਾਨਯੋਗ ਸਪੀਕਰ ਸਾਹਿਬ ਦੇ ਇਨ੍ਹਾਂ ਹੁਕਮਾਂ ਅਨੁਸਾਰ ਸਦਨ ਵਿੱਚ ਤਾਇਨਾਤ ਸਕਿਓਰਿਟੀ ਸਟਾਫ ਦੁਆਰਾ ਜਦੋਂ ਇਨ੍ਹਾਂ ਨੇਮ ਕੀਤੇ ਗਏ ਮੈਂਬਰਾਂ ਨੂੰ ਮਾਰਸ਼ਲ ਦੁਆਰਾ ਹਾਊਸ ਵਿੱਚੋਂ ਬਾਹਰ ਲਿਜਾਉਣ ਦੀ ਕਾਰਵਾਈ ਕੀਤੀ ਜਾ ਰਹੀ ਸੀ ਤਾਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਜੈ ਕ੍ਰਿਸ਼ਨ ਵੱਲੋਂ ਹਾਊਸ ਦੀ ਸਕਿਓਰਟੀ ਡਿਊਟੀ ਤੇ ਤਾਇਨਾਤ ਇੱਕ ਲੇਡੀ ਸਟਾਫ ਨੂੰ ਮੁੱਕਾ ਮਾਰਿਆ ਗਿਆ ਅਤੇ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਇਨ੍ਹਾਂ ਮੈਂਬਰਾਂ ਵੱਲੋਂ ਸਦਨ ਦੀ ਪ੍ਰਾਪਰਟੀ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਅੱਜ 11.20 ਵਜੇ ਪੂਰਵ ਦੁਪਹਿਰ ਨੂੰ ਜਦੋਂ ਬਜਟ ਅਨੁਮਾਨਾਂ ਤੇ ਬਹਿਸ ਚੱਲ ਰਹੀ ਸੀ ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਵੀ ਨਾਅਰੇ ਲਗਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ। ਅਜਿਹਾ ਕਰਕੇ ਇਨ੍ਹਾਂ ਮੈਂਬਰ ਸਾਹਿਬਾਨ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਜੋ ਵੀ ਅੱਜ ਇਸ ਪਵਿੱਤਰ ਸਦਨ ਵਿੱਚ ਵਾਪਰਿਆ, ਉਹ ਸਦਨ ਦੀਆਂ ਪਿਛਲੀਆਂ ਸਥਾਪਿਤ ਪਰੰਪਰਾਵਾਂ ਤੇ ਰਵਾਇਤਾਂ ਅਨੁਸਾਰ ਬਿਲਕੁਲ ਵੀ ਉਚਿਤ ਨਹੀਂ ਹੈ। ਇਸ ਤੋਂ ਇਲਾਵਾ ਚੇਅਰ ਵੱਲ ਉਂਗਲੀ ਕਰਨਾ, ਕਾਗਜ਼ ਸੁੱਟਣਾ, ਅਪਸ਼ਬਦ ਬੋਲਣੇ ਅਤੇ ਨਾਅਰੇ ਲਗਾਉਣੇ ਵੀ ਇਸ ਪਵਿੱਤਰ ਸਦਨ ਦੀ ਤੌਹੀਨ ਹੈ ਜਿਸ ਦਾ ਕਿ ਵੱਖ ਵੱਖ ਨਿਯਮਾਂ ਵਿੱਚ ਵੀ ਉਪਬੰਧ ਹੈ। ਆਪੋਜ਼ੀਸ਼ਨ ਦੇ ਇਨ੍ਹਾਂ ਮੈਂਬਰ ਸਾਹਿਬਾਨ ਵੱਲੋਂ ਕੀਤੀਆਂ ਇਨ੍ਹਾਂ ਸਾਰੀਆਂ ਕਾਰਵਾਈਆਂ ਨੂੰ ਸਮੂਹ ਸਦਨ ਪਵਿੱਤਰ ਸਦਨ ਦੀ ਤੌਹੀਨ ਸਮਝਦਾ ਹੈ ਅਤੇ ਇਸ ਦੀ ਪੁਰਜ਼ੋਰ ਨਿੰਦਾ ਕਰਦਾ ਹੈ ਅਤੇ ਪਵਿੱਤਰ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੇ ਹਨਨ ਦੇ ਮਾਮਲੇ ਤੇ ਕਾਰਵਾਈ ਕਰਨ ਦੀ ਮੰਗ ਕਰਦਾ ਹੈ।”

ਮਾਨਯੋਗ ਸਪੀਕਰ : ਪ੍ਰਸ਼ਨ ਹੈ –

"ਕਿ ਮਿਤੀ 20 ਜੂਨ, 2017 ਨੂੰ 11.28 ਵਜੇ ਪੂਰਵ ਦੁਪਹਿਰ ਜਦੋਂ ਮਾਨਯੋਗ ਵਿੱਤ ਮੰਤਰੀ ਜੀ ਬਜਟ ਅਨੁਮਾਨ ਪੇਸ਼ ਕਰਦੇ ਹੋਏ ਬੋਲ ਰਹੇ ਸਨ, ਉਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨਾਅਰੇ ਲਗਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ। ਇਸੇ ਤਰ੍ਹਾਂ ਕੱਲ੍ਹ ਮਿਤੀ 21 ਜੂਨ, 2017 ਨੂੰ 10.46 ਵਜੇ ਪੂਰਵ ਦੁਪਹਿਰ ਨੂੰ ਜਦੋਂ ਪ੍ਰਸ਼ਨ ਕਾਲ ਚੱਲ ਰਿਹਾ ਸੀ ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨਾਅਰੇ ਲਗਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ। ਇਸੇ ਤਰ੍ਹਾਂ ਅੱਜ ਮਿਤੀ 22 ਜੂਨ, 2017 ਨੂੰ 10.30 ਵਜੇ ਪੂਰਵ ਦੁਪਹਿਰ ਨੂੰ ਜਦੋਂ ਪ੍ਰਸ਼ਨ ਕਾਲ ਚੱਲ ਰਿਹਾ ਸੀ ਤਾਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਪ੍ਰਸ਼ਨ ਕਾਲ ਦੀ ਕਾਰਵਾਈ ਵਿੱਚ ਘੋਰ ਵਿਘਨ ਪਾਇਆ ਗਿਆ ਅਤੇ ਚੇਅਰ ਦੇ ਵਾਰ ਵਾਰ ਕਹਿਣ ਦੇ ਬਾਵਜੂਦ ਵੀ ਉਹ ਅਜਿਹਾ ਕਰਨ ਤੋਂ ਨਹੀਂ ਰੁਕੇ ਜਿਸ ਕਰਕੇ ਆਪ ਜੀ ਨੂੰ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਨੂੰ ਨੇਮ ਕਰਨਾ ਪਿਆ। ਮਾਨਯੋਗ ਸਪੀਕਰ ਸਾਹਿਬ ਦੇ ਇਨ੍ਹਾਂ ਹੁਕਮਾਂ ਅਨੁਸਾਰ ਸਦਨ ਵਿੱਚ ਤਾਇਨਾਤ ਸਕਿਓਰਿਟੀ ਸਟਾਫ ਦੁਆਰਾ ਜਦੋਂ ਇਨ੍ਹਾਂ ਨੇਮ ਕੀਤੇ ਗਏ ਮੈਂਬਰਾਂ ਨੂੰ ਮਾਰਸ਼ਲ ਦੁਆਰਾ ਹਾਊਸ ਵਿੱਚੋਂ ਬਾਹਰ ਲਿਜਾਉਣ ਦੀ ਕਾਰਵਾਈ ਕੀਤੀ ਜਾ ਰਹੀ ਸੀ ਤਾਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਜੈ ਕ੍ਰਿਸ਼ਨ ਵੱਲੋਂ ਹਾਊਸ ਦੀ ਸਕਿਓਰਟੀ ਡਿਊਟੀ ਤੇ ਤਾਇਨਾਤ ਇੱਕ ਲੇਡੀ ਸਟਾਫ ਨੂੰ ਮੁੱਕਾ ਮਾਰਿਆ ਗਿਆ ਅਤੇ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਇਨ੍ਹਾਂ ਮੈਂਬਰਾਂ ਵੱਲੋਂ ਸਦਨ ਦੀ ਪ੍ਰਾਪਰਟੀ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਅੱਜ 11.20 ਵਜੇ ਪੂਰਵ ਦੁਪਹਿਰ ਨੂੰ ਜਦੋਂ ਬਜਟ ਅਨੁਮਾਨਾਂ ਤੇ ਬਹਿਸ ਚੱਲ ਰਹੀ ਸੀ ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਵੀ ਨਾਅਰੇ ਲਗਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ। ਅਜਿਹਾ ਕਰਕੇ ਇਨ੍ਹਾਂ ਮੈਂਬਰ ਸਾਹਿਬਾਨ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਜੋ ਵੀ ਅੱਜ ਇਸ ਪਵਿੱਤਰ ਸਦਨ ਵਿੱਚ ਵਾਪਰਿਆ, ਉਹ ਸਦਨ ਦੀਆਂ ਪਿਛਲੀਆਂ ਸਥਾਪਿਤ ਪਰੰਪਰਾਵਾਂ ਤੇ ਰਵਾਇਤਾਂ ਅਨੁਸਾਰ ਬਿਲਕੁਲ ਵੀ ਉਚਿਤ ਨਹੀਂ ਹੈ। ਇਸ ਤੋਂ ਇਲਾਵਾ ਚੇਅਰ ਵੱਲ ਉਂਗਲੀ ਕਰਨਾ, ਕਾਗਜ਼ ਸੁੱਟਣਾ, ਅਪਸ਼ਬਦ ਬੋਲਣੇ ਅਤੇ ਨਾਅਰੇ ਲਗਾਉਣੇ ਵੀ ਇਸ ਪਵਿੱਤਰ ਸਦਨ ਦੀ ਤੌਹੀਨ ਹੈ ਜਿਸ ਦਾ ਕਿ ਵੱਖ ਵੱਖ ਨਿਯਮਾਂ ਵਿੱਚ ਵੀ ਉਪਬੰਧ ਹੈ। ਆਪੋਜ਼ੀਸ਼ਨ ਦੇ ਇਨ੍ਹਾਂ ਮੈਂਬਰ ਸਾਹਿਬਾਨ ਵੱਲੋਂ ਕੀਤੀਆਂ ਇਨ੍ਹਾਂ ਸਾਰੀਆਂ ਕਾਰਵਾਈਆਂ ਨੂੰ ਸਮੂਹ ਸਦਨ ਪਵਿੱਤਰ ਸਦਨ ਦੀ ਤੌਹੀਨ ਸਮਝਦਾ ਹੈ ਅਤੇ ਇਸ ਦੀ ਪੁਰਜ਼ੋਰ ਨਿੰਦਾ ਕਰਦਾ ਹੈ ਅਤੇ ਪਵਿੱਤਰ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੇ ਹਨਨ ਦੇ ਮਾਮਲੇ ਤੇ ਕਾਰਵਾਈ ਕਰਨ ਦੀ ਮੰਗ ਕਰਦਾ ਹੈ।"

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਇਸ ਤੇ ਕਾਰਵਾਈ ਕਰ ਲਈ ਗਈ ਹੈ ਅਤੇ ਜੇਕਰ ਹੋਰ ਕਾਰਵਾਈ ਕਰਨ ਦੀ ਲੋੜ ਪਵੇਗੀ ਉਹ ਵੀ ਕੀਤੀ ਜਾਵੇਗੀ। ਹਾਂ ਜੀ, ਸ਼੍ਰੀ ਅਮਿਤ ਵਿੱਜ ਜੀ।

DISCUSSION ON BUDGET ESTIMATES FOR THE YEAR 2017-18 (*Resumption*)

ਸ਼੍ਰੀ ਅਮਿਤ ਵਿਜ (ਪਠਾਨਕੋਟ) : ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਸਵਰਨ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਬਹੁਤ ਗੌਰ ਨਾਲ ਇਹ ਬਜਟ ਪੜ੍ਹਿਆ ਹੈ, ਇਸ ਦੇ ਨਾਲ ਮੈਂ ਆਪਣੀ ਪਾਰਟੀ ਦਾ ਮੈਨੀਫੈਸਟੋ ਵੀ ਪੜ੍ਹਿਆ ਹੈ। ਜਦੋਂ ਕਿਸੇ ਚੀਜ਼ ਦਾ ਅਸੀਂ ਰੋਡਮੈਪ ਤਿਆਰ ਕਰਦੇ ਹਾਂ ਤਾਂ ਉਸ ਦੀ ਬੇਸਿਕ ਚੀਜ਼ ਤੇ ਜ਼ਰੂਰ ਜਾਣਾ ਪੈਂਦਾ ਹੈ। ਸਾਡਾ ਸੂਬਾ ਬਹੁਤ ਪਛੜ ਗਿਆ ਹੈ। ਬਜਟ ਦਾ ਆਬਜੈਕਟਿਵ ਸਾਡੇ ਸੂਬੇ ਨੂੰ ਇਕ ਨੰਬਰ ਤੇ ਲਿਆਉਣਾ ਹੈ। ਇਸ ਲਈ ਸਾਨੂੰ ਸਮਝਣਾ ਪਵੇਗਾ ਕਿ ਅੱਜ ਪੰਜਾਬ ਦੇ ਵਿੱਤੀ ਅਤੇ ਸੋਸ਼ਲ ਹਾਲਾਤ ਕੀ ਹਨ। ਅੱਜ ਮੈਨੂੰ ਬੋਲਦੇ ਹੋਏ ਬੜਾ ਦੁੱਖ ਲੱਗ ਰਿਹਾ ਹੈ ਕਿ ਪਿਛਲੇ 10 ਸਾਲਾਂ ਵਿੱਚ ਜਿਸ ਤਰ੍ਹਾਂ ਫਾਈਨਾਂਸ਼ੀਅਲ ਇੰਜੀਨੀਅਰਿੰਗ ਹੋਈ ਹੈ, ਸਾਡੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਅਜ਼ੀਮ ਸਦਨ ਵਿੱਚ ਸਹੀ ਫੈਕਟਸ ਪੰਜਾਬ ਦੇ ਲੋਕਾਂ ਨੂੰ ਦੱਸੀਏ। ਪਿਛਲੀ ਸਰਕਾਰ ਦਾ ਇਹ ਬਹੁਤ ਵੱਡਾ ਕ੍ਰਾਈਮ ਹੈ ਕਿ ਬਜਟ ਵਿਚ ਇਹ ਗੱਲਾਂ ਛੁਪਾਈਆਂ ਗਈਆਂ। ਕੱਲ੍ਹ ਇੱਥੇ ਇੱਕ ਮੈਂਬਰ ਸਾਹਿਬ ਨੇ ਪੁੱਛਿਆ ਕਿ 12,700 ਕਰੋੜ ਰੁਪਏ ਦਾ ਗੈਪ ਕਿਸ ਤਰ੍ਹਾਂ ਪੂਰਾ ਕਰੋਗੇ। ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਕੋਈ ਵੀ ਚੀਜ਼ ਲੋਕਾਂ ਤੋਂ ਛੁਪਾਈ ਨਹੀਂ। ਜੇਕਰ ਉਹ ਚਾਹੁੰਦੇ ਤਾਂ ਇਹ 12,700 ਕਰੋੜ ਦੀ ਫਿੱਗਰ ਉੱਪਰ ਥੱਲੇ ਕਰ ਸਕਦੇ ਸੀ ਪਰ ਉਨ੍ਹਾਂ ਨੇ ਟਰਾਂਸਪੇਰੈਂਟਲੀ ਕੀਤਾ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ 13 ਹਜ਼ਾਰ ਕਰੋੜ ਦੀ ਲਾਇਬਿਲਟੀ ਪੰਜਾਬ ਤੇ ਛੱਡ ਕੇ ਗਈ ਹੈ। ਮੈਂ ਪਿਛਲਾ ਬਜਟ ਵੀ ਦੇਖਿਆ ਹੈ, ਉਸ ਵਿੱਚ ਇਹ ਫਿੱਗਰ ਰਿਫਲੈਕਟ ਨਹੀਂ ਹੋ ਰਹੀ। ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਹਾਊਸ ਨੂੰ, ਲੋਕਾਂ ਨੂੰ ਸਹੀ ਫੈਕਟਸ ਦੱਸੇ ਜਾਣ। ਮੈਂ ਵੱਖ ਵੱਖ ਕੰਪਨੀਆਂ ਵਿੱਚ ਕੰਮ ਕਰਕੇ ਆਇਆ ਹਾਂ। ਅਸੀਂ ਸਾਰੇ ਬਜਟ ਪੜ੍ਹਦੇ ਰਹੇ ਹਾਂ। ਕਰੋੜ ਦੀ ਕੀ ਗੱਲ ਹੈ, ਜੇਕਰ ਕੋਈ 3 ਲੱਖ ਦੀ ਫਿੱਗਰ ਵੀ ਤੁਸੀਂ ਛੁਪਾ ਲੈਂਦੇ ਹੋ ਤਾਂ ਕੰਪਨੀਆਂ ਪੁੱਠੇ ਟੰਗ ਦਿੰਦੀਆਂ ਹਨ, ਕੇਸ ਦਰਜ ਹੋ ਜਾਂਦੇ ਹਨ। ਇਥੇ ਤਾਂ 13 ਹਜ਼ਾਰ ਕਰੋੜ ਦੀ ਗੱਲ ਹੈ। ਮੇਰੀ ਤੁਹਾਨੂੰ ਬੇਨਤੀ ਹੈ ਕਿ ਇਸ ਦੀ ਪਰਾਪਰ ਇਨਕੁਆਰੀ ਕੀਤੀ ਜਾਵੇ। As per budgetary principles, you cannot hide it from the House, from the people of Punjab, because these are their taxes. ਜੇਕਰ ਤੁਸੀਂ ਚਾਹੋ ਤਾਂ ਮੈਂ ਤੁਹਾਨੂੰ ਹਰ ਡਿਟੇਲ ਵਿਚ ਦੱਸ ਸਕਦਾ ਹਾਂ। ਜਦੋਂ ਤੁਸੀਂ ਪਿਛਲਾ ਬਜਟ ਪੜ੍ਹੋਗੇ ਤਾਂ ਇਹ 13 ਹਜ਼ਾਰ ਕਰੋੜ ਨਹੀਂ ਸਗੋਂ ਬਹੁਤ ਜ਼ਿਆਦਾ ਫਿੱਗਰ ਨਿਕਲਣੀ ਹੈ। ਇਨ੍ਹਾਂ ਨੇ ਰੈਵੀਨਿਊ ਰਿਸੀਟ ਅਤੇ ਐਕਸਪੈਂਡੀਚਰ ਵਿੱਚ ਬੜਾ ਘਪਲਾ ਕੀਤਾ ਹੈ। ਦੂਜੀ ਗੱਲ ਸਪੀਕਰ ਸਾਹਿਬ, ਕਰੈਡਿਟ ਕੈਸ਼ ਲਿਮਟ ਦੀ ਹੈ, ਉਸ ਵਿਚ 30 ਹਜ਼ਾਰ ਕਰੋੜ ਦੀ ਗੱਲ ਕੋਈ ਮਾਮੂਲੀ ਗੱਲ ਨਹੀਂ ਹੈ। ਇਹ ਪੈਸਾ ਡੀ.ਐਫ.ਸੀ. ਖਾ ਗਿਆ, ਪਤਾ ਨਹੀਂ। ਇੱਥੇ

ਮਿਸ ਮੈਚ ਹੈ। ਸਪੀਕਰ ਸਾਹਿਬ, ਮਿਸ ਮੈਚ 2 ਕਰੋੜ ਰੁਪਏ ਦਾ ਹੋ ਸਕਦਾ ਹੈ, 4 ਕਰੋੜ ਦਾ ਹੋ ਸਕਦਾ ਹੈ ਪਰ 30 ਹਜ਼ਾਰ ਕਰੋੜ ਦਾ ਮਿਸਮੈਚ ਮੈਂ ਜ਼ਿੰਦਗੀ ਵਿੱਚ ਨਾ ਕਦੇ ਦੇਖਿਆ ਹੈ, ਨਾ ਸੁਣਿਆ ਹੈ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਦੀ ਸੀ.ਬੀ.ਆਈ. ਇਨਕੁਆਰੀ ਬਣਦੀ ਹੈ।(ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਮੈਂ ਤੁਹਾਡਾ ਬਜਟ ਪੜ੍ਹ ਰਿਹਾ ਸੀ, ਜਿਹੜੀਆਂ ਅਸੀਂ ਸੋਸ਼ਲ ਵੈਲਫੇਅਰ ਸਕੀਮਾਂ ਚਲਾਈਆਂ ਹਨ, 3240 ਕਰੋੜ ਰੁਪਏ ਵਿੱਚ ਤਾਂ ਸਾਡੀਆਂ ਉਹ ਹੀ ਚੱਲ ਜਾਣੀਆਂ ਸਨ। ਤੁਸੀਂ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਇੱਕ ਵਾਰ ਵੀ ਮੌਕਾ ਨਹੀਂ ਦਿੱਤਾ, ਤੁਸੀਂ ਇੱਕ ਵਾਰ ਵੀ ਆਪਣੇ ਅਫਸਰਾਂ ਉਪਰ ਇਨਕੁਆਰੀ ਨਹੀਂ ਬਿਠਾਈ, ਇਹ ਪੁੱਛਣ ਵਾਸਤੇ ਕਿ ਇਹ 30 ਹਜ਼ਾਰ ਕਰੋੜ ਰੁਪਏ ਕਿੱਥੇ ਗਏ। ਤੁਸੀਂ ਇੱਕ ਦਿਨ ਵਿੱਚ ਉਸ ਨੂੰ ਲੋਨ ਵਿੱਚ ਕਨਵਰਟ ਕਰ ਦਿੰਦੇ ਹੋ। ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੂੰ ਰਿਕੁਐਸਟ ਹੈ ਕਿ ਤੁਸੀਂ ਇਸ ਦੀ ਇਨਕੁਆਰੀ ਜ਼ਰੂਰ ਬਿਠਾਉਣਾ, ਲੋਕ ਸਾਡੇ ਕੋਲੋਂ ਜਵਾਬ ਮੰਗਣਗੇ। ਜੇ ਅਸੀਂ ਨਹੀਂ ਬਿਠਾਵਾਂਗੇ ਤਾਂ ਫਿਰ ਅਸੀਂ ਵੀ ਗੁਨਾਹਗਾਰ ਹਾਂ। ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਹੋਣਾ ਚਾਹੀਦਾ ਹੈ। ਕੱਲ੍ਹ ਮੈਂਬਰ ਸਾਹਿਬ ਨੇ ਇੱਕ ਹੋਰ ਗੱਲ ਕੀਤੀ। ਅਸੀਂ ਤਾਂ ਬਿਜ਼ਨਸ ਵਿੱਚ ਇਕੋ ਚੀਜ਼ ਸਿੱਖੀ ਹੈ। Never use your good money to save your bad money. ਉਹ ਕਹਿੰਦੇ ਸਨ ਕਿ ਸਾਨੂੰ ਸਾਢੇ ਅੱਠ ਪਰਸੈਂਟ ਤੇ ਲੋਨ ਮਿਲ ਰਿਹਾ ਸੀ ਤੇ ਅਸੀਂ ਚੁੱਕ ਲਿਆ। ਜੇਕਰ ਸਾਢੇ ਅੱਠ ਪਰਸੈਂਟ ਤੇ ਲੋਨ ਮਿਲ ਰਿਹਾ ਸੀ ਤਾਂ ਚੁਕਾਉਣਾ ਕਿਸ ਨੇ ਹੈ? ਤੁਸੀਂ ਕੋਈ ਪਲਾਨਿੰਗ ਤਾਂ ਬਣਾਓ। ਜੇਕਰ ਸਾਢੇ 8% ਤੇ ਵੀ ਲੋਨ ਚੁੱਕਦੇ ਹਨ, ਜੇ ਤੁਸੀਂ ਦੋ ਚਾਰ ਸਾਲ ਵਿੱਚ ਉਸ ਨੂੰ ਸਰਵ ਨਹੀਂ ਕਰਦੇ ਤਾਂ ਉਹ ਸਿੱਧਾ 15-16% ਤੇ ਪਹੁੰਚ ਜਾਂਦਾ ਹੈ। ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਫਿਰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਲੋਨ ਚੁੱਕਿਆ ਗਿਆ, ਉਹ ਡੀਮਾਨੀਟਾਈਜ਼ੇਸ਼ਨ ਦਾ ਟਾਈਮ ਸੀ, ਉਦੋਂ ਹੀ ਸਕੀਮ ਲਾਂਚ ਕੀਤੀ ਸੀ। ਉਦੋਂ ਇੰਡੀਆ ਵਿੱਚ ਸਾਢੇ 6% ਤੇ ਬਾਂਡ ਅਵੇਲੇਬਲ ਸੀ। ਸਾਢੇ ਛੇ ਪਰਸੈਂਟ ਤੇ ਤੁਸੀਂ ਕਿਤੋਂ ਵੀ ਚੁੱਕ ਸਕਦੇ ਸੀ। ਸਾਢੇ 6% ਉਤੇ ਅਵੇਲੇਬਲ ਹੋਣ ਦੇ ਬਾਵਜੂਦ ਵੀ ਸਾਢੇ 8% ਤੇ ਚੁੱਕਿਆ ਤਾਂ ਕਿਉਂ ਚੁੱਕਿਆ, ਇਸ ਦੀ ਇਨਕੁਆਰੀ ਤੁਹਾਨੂੰ ਜ਼ਰੂਰ ਕਰਵਾਉਣੀ ਚਾਹੀਦੀ ਹੈ। 2% ਦਾ ਡਿਫਰੈਂਸ ਬੜਾ ਹੀ ਮੇਜਰ ਡਿਫਰੈਂਸ ਹੁੰਦਾ ਹੈ।ਇਸ ਦੇ ਨਾਲ ਹੀ ਮੈਂ ਦੋ ਲੱਖ ਸੱਤ ਹਜ਼ਾਰ ਕਰੋੜ ਦੇ ਬਜਟ ਦੀ ਗੱਲ ਕਰਦਾ ਹਾਂ। ਗੌਰਮਿੰਟ ਆਫ ਇੰਡੀਆ ਸਾਨੂੰ ਜੀ.ਐਸ.ਡੀ.ਪੀ. ਦੀ ਫਿੱਗਰ ਦਿੰਦੀ ਹੈ। ਸਾਨੂੰ ਰੈਵੀਨਿਊ ਡੈਫੀਸਿਟ ਦੀ ਫਿੱਗਰ ਦਿੰਦੀ ਹੈ।14ਵਾਂ ਫਾਈਨਾਂਸ ਕਮਿਸ਼ਨ ਸਾਨੂੰ ਕਹਿੰਦਾ ਹੈ ਕਿ 3% ਸਾਡਾ ਫਿਸਕਲ ਡੈਫਿਸਿਟ ਹੋਣਾ ਚਾਹੀਦਾ ਹੈ। ਇਸ ਦਾ ਇੱਕ ਪਰਪਜ਼ ਹੈ। ਕੋਈ ਵੀ ਚੀਜ਼ ਸੈਲਫ ਸਸਟੇਂਨੇਬਲ ਨਹੀਂ ਹੈ। ਉਹ ਅੱਜ ਵੀ ਤੇ ਕੱਲ੍ਹ ਵੀ ਖਤਮ ਹੋ ਜਾਂਦੀ ਹੈ। ਮੈਂ ਫਾਈਨਾਂਸ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ, ਸੀ.ਐਮ. ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਕਿ ਜਿਹੜੇ ਇਨ੍ਹਾਂ ਫਿਗਰਜ਼ ਨੂੰ ਫੜ ਕੇ ਚਲ ਰਹੇ ਹਨ। ਕੰਪਨੀਆਂ ਤੇ ਬਿਜ਼ਨਸ ਹਾਊਸਿਜ਼ ਵੀ ਇਨ੍ਹਾਂ ਫਿਗਰਜ਼ ਨੂੰ ਫੜ ਕੇ ਚਲਦੇ ਹਨ। ਮੈਂ ਇੱਕ ਰਿਕੁਐਸਟ ਕਰਾਂਗਾ ਕਿ ਜਿਹੜਾ ਇਹ ਦੋ ਲੱਖ ਸੱਤ ਹਜ਼ਾਰ ਰੁਪਏ ਦਾ ਸਾਡੇ ਤੇ ਕਰਜ਼ਾ ਹੈ, ਉਸ ਦਾ ਕੀ ਕਾਰਨ ਹੋਇਆ? ਕਾਰਨ ਇਹ ਹੈ ਕਿ ਅਸੀਂ ਹਰ ਚੀਜ਼ ਨੂੰ ਸੈਂਟਰੇਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੈਂਟਰੇਲਾਈਜ਼ ਤੋਂ ਮਤਲਬ ਕਿ ਪਹਿਲਾਂ ਫੈਮਿਲੀ ਫਸਟ ਕੀਤੀ, ਫਿਰ ਯਾਰ ਦੋਸਤ ਫਸਟ

[ਸ਼੍ਰੀ ਅਮਿਤ ਵਿਜ]
ਕੀਤੇ, ਫਿਰ ਹਲਕਾ ਇੰਚਾਰਜ ਬਣਾਇਆ। ਇਸ ਨਾਲ ਕੀ ਹੁੰਦਾ ਕਿ ਆਹਿਸਤਾ ਆਹਿਸਤਾ ਸਿਸਟਮ ਨੂੰ ਕੰਟਰੋਲ ਵਿੱਚ ਲਿਆਉਣ ਦੀ ਕੋਸ਼ਿਸ਼ ਕਰਦੇ ਹੋ। ਫਿਰ ਮਾਫੀਆ ਆਇਆ, ਫਿਰ ਸਕੈਮ ਆਇਆ you name a mafia, Sir. You name a scam, Sir. It is drug scam, mining scam, liquor scam, all types of scams. ਮਗਰ ਸਰ ਮੈਂ ਨੈਗੇਟਿਵਿਟੀ ਵਿੱਚ ਨਹੀਂ ਜਾਣਾ ਚਾਹੁੰਦਾ।

ਮਾਨਯੋਗ ਸਪੀਕਰ : ਵਾਈਂਡ-ਅੱਪ ਕਰੋ ਜੀ। Thank you.

Shri Amit Vij : Speaker Sahib, one minute please as I want to talk on Pathankot. ਇਸ ਬਜਟ ਵਿੱਚ ਸੀ.ਐਮ ਸਾਹਿਬ ਨੇ ਯੂਥ ਵਾਸਤੇ ਜੋ ਕੀਤਾ, ਸਾਡੇ ਪਠਾਨਕੋਟ ਵਾਸਤੇ ਕੀਤਾ, ਉਨ੍ਹਾਂ ਨੇ ਏਅਰਪੋਰਟ ਦਿੱਤਾ ਹੈ, ਮੈਂ ਉਨ੍ਹਾਂ ਦੀ ਬੜੀ ਸਰਾਹਨਾ ਕਰਦਾ ਹਾਂ। ਇੰਡਸਟਰੀ ਵਾਸਤੇ ਜੇਕਰ ਗੱਲ ਕਰੀਏ ਤਾਂ 20 ਸਾਲ ਪਹਿਲਾਂ ਉਹ ਐਗਰੀਕਲਚਰ ਮਨਿਸਟਰ ਸਨ, ਪੈਪਸੀ ਉਹ ਲੈ ਕੇ ਆਏ ਸੀ। ਹੁਣ ਵੀ ਉਨ੍ਹਾਂ ਨੇ ਪੈਪਸੀ ਪਲਾਂਟ ਨੂੰ ਪ੍ਰਿੰਸੀਪਲੀ ਅਪਰੂਵਲ ਦਿੱਤੀ ਹੈ। ਸਾਡੇ ਉਥੇ ਟੂਰਿਜ਼ਮ ਦਾ ਪ੍ਰਾਜੈਕਟ ਬੜੀ ਦੇਰ ਦਾ ਫਸਿਆ ਹੋਇਆ ਸੀ, ਉਨ੍ਹਾਂ ਨੇ ਉਸ ਨੂੰ ਵੀ ਨੋਡ ਦਿੱਤੀ ਹੈ। ਮੈਂ ਸਰਾਹਨਾ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਉਨ੍ਹਾਂ ਨੇ ਵੂਮੈਨਜ਼ ਨੂੰ ਯੂ.ਐਲ.ਬੀ. ਵਿੱਚ 50% ਦੀ ਰਿਜ਼ਰਵੇਸ਼ਨ ਦਿੱਤੀ ਹੈ। ਬਹੁਤ ਬਹੁਤ ਧੰਨਵਾਦ ।

ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ (ਫਰੀਦਕੋਟ) : ਸਪੀਕਰ ਸਾਹਿਬ ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਅੱਜ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਬਹੁਤ ਧੰਨਵਾਦੀ ਹਾਂ ਕੈਪਟਨ ਅਮਰਿੰਦਰ ਸਿੰਘ ਦਾ ਅਤੇ ਆਪਣੇ ਫਾਈਨਾਂਸ ਮਨਿਸਟਰ ਸਾਹਿਬ ਦਾ ਕਿ ਉਨ੍ਹਾਂ ਨੇ ਇਨ੍ਹਾਂ ਹਾਲਾਤਾਂ ਵਿੱਚ ਕੋਸ਼ਿਸ਼ ਕੀਤੀ ਹੈ ਕਿ ਮੈਨੀਫੈਸਟੋ ਦਾ ਹਰੇਕ ਪੱਖ, ਹਰੇਕ ਵਾਅਦੇ ਅਨੁਸਾਰ ਕਦਮ ਪੁੱਟਿਆ ਜਾਵੇ ਅਤੇ ਆਉਣ ਵਾਲੇ ਸਮੇਂ ਵਿੱਚ ਉਸ ਨੂੰ ਪੂਰਾ ਕੀਤਾ ਜਾ ਸਕੇ। ਜਿਸ ਦਿਨ ਤੋਂ ਸਦਨ ਚੱਲਿਆ ਹੈ, ਬੜੀ ਹੈਰਾਨੀ ਹੋ ਰਹੀ ਸੀ ਕਿ ਬਗੈਰ ਇਸ਼ੂ ਤੋਂ ਆਪੋਜ਼ੀਸ਼ਨ ਰੌਲਾ ਪਾ ਰਹੀ ਹੈ। ਜਦੋਂ ਵਿਚਾਰੇ ਨਾਅਰੇ ਮਾਰਦੇ ਹਨ ਤਾਂ ਪਿਛਾਂਹ ਨੂੰ ਉਤਾਂਹ ਝਾਕਦੇ ਹਨ। ਇੱਧਰ ਨੂੰ ਝਾਕਦੇ ਹਨ ਤਾਂ ਮੈਨੂੰ ਗੱਲ ਯਾਦ ਆ ਗਈ। ਸਪੀਕਰ ਸਾਹਿਬ, ਜਦੋਂ ਮੈਂ ਪਹਿਲੀ ਵਾਰੀ ਐਮ.ਐਲ.ਏ. ਬਣਿਆ ਤਾਂ ਮੈਂ ਪਹਿਲੇ ਦਿਨ ਆਇਆ ਤਾਂ ਰੌਲਾ ਪੈ ਗਿਆ। ਜਿਹੜਾ ਨਾਅਰੇ ਮਾਰੇ, ਉਹ ਉਤਾਂਹ ਨੂੰ ਝਾਕੇ। ਮੈਨੂੰ ਨਹੀਂ ਪਤਾ ਸੀ ਕਿ ਉੱਤੇ ਪ੍ਰੈਸ ਵਾਲੇ ਬੈਠਦੇ ਹਨ। ਮੈਂ ਸੋਚਿਆ ਕਿ ਰੱਬ ਵੱਲ ਨੂੰ ਝਾਕਦੇ ਹਨ ਕਿ ਪਰਮਾਤਮਾ ਦੇਖ ਰਿਹਾ ਹੈ ਕਿ ਨਹੀਂ ਪਰ ਰੌਲਾ ਇਸ ਗੱਲ ਦਾ ਹੈ ਕਿ ਇੱਥੇ ਬੋਲ ਕੇ ਉਹ ਪੰਜਾਬ ਦੀ ਗੱਲ ਨਹੀਂ ਰੱਖਣਾ ਚਾਹੁੰਦੇ, ਉਹ ਸਿਰਫ ਰੌਲਾ ਪਾ ਕੇ ਕੋਈ ਨਾ ਕੋਈ ਇਹੋ ਜਿਹੀ ਗੱਲ ਕਹਿ ਕੇ ਕਿ ਜਿਸ ਨਾਲ ਸਵੇਰੇ ਅਖਬਾਰ ਵਿੱਚ ਸਪੇਸ ਮਿਲ ਸਕੇ, ਉਹ ਆਪਣੀ ਦਿਨ ਦੀ ਕਾਰਵਾਈ ਪਾਉਣਾ ਚਾਹੁੰਦੇ ਹਨ। ਕੱਲ੍ਹ ਪਹਿਲਾਂ ਫੂਲਕਾ ਸਾਹਿਬ ਬੋਲੇ, ਫਿਰ ਢੀਂਡਸਾ ਸਾਹਿਬ ਬੋਲੇ। ਦੋਨੋਂ ਬੜੇ ਜ਼ਿੰਮੇਵਾਰ ਇਨਸਾਨ ਹਨ। ਸਪੀਕਰ ਸਾਹਿਬ, ਰੌਲਾ ਕਿੱਥੋਂ ਸ਼ੁਰੂ ਹੋਇਆ। ਪਹਿਲੇ ਦਿਨ ਅਜੇ ਕੰਮ ਸ਼ੁਰੂ ਨਹੀਂ ਕੀਤਾ ਤੇ ਇਹ ਉੱਠ ਖੜ੍ਹੇ, ਕਰਜ਼ਾ ਕੁਰਕੀ... ਕਰਜ਼ਾ ਕੁਰਕੀ... ਕਰਜ਼ਾ ਕੁਰਕੀ। ਓ

ਭਲੇ ਮਾਣਸੋ, ਦੇਖ ਤਾਂ ਲਓ ਕਿ ਅਸੀਂ ਕਰਨ ਜਾ ਰਹੇ ਹਾਂ। ਜਿਵੇਂ ਬੰਦੇ ਨੂੰ ਆਪਣਾ ਚੋਰ ਹੁੰਦਾ ਹੈ, ਉਹ ਪਹਿਲਾਂ ਹੀ ਰੌਲਾ ਪਾਉਣ ਲੱਗ ਜਾਂਦਾ ਹੈ ਕਿ ਮੈਂ ਨਹੀਂ ਚੁੱਕਿਆ, ਮੈਂ ਨਹੀਂ ਚੁੱਕਿਆ। ਭਰਾਵੋ, ਸਪੀਕਰ ਸਾਹਿਬ, ਮੈਂ ਸੋਚ ਰਿਹਾ ਸੀ ਕਿ ਕਰਜ਼ਾ ਕੁਰਕੀ, ਚਾਹੇ ਨੌਕਰੀਆਂ ਦੀ ਗੱਲ ਹੈ, ਚਾਹੇ ਮੋਬਾਇਲ ਫੋਨਾਂ ਦੀ ਗੱਲ ਹੈ, ਇਹ ਕਾਂਗਰਸ ਪਾਰਟੀ ਦਾ ਮੈਨੀਫੈਸਟੋ ਹੈ। ਇਹ ਵਾਅਦੇ ਕਾਂਗਰਸ ਪਾਰਟੀ ਦੇ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਦੇ ਹਨ। ਕੁੱਲ ਪੰਜਾਬ ਜਾਣਦਾ ਹੈ, ਹਿੰਦੁਸਤਾਨ ਜਾਣਦਾ ਹੈ ਕਿ ਜੋ ਵੀ ਕਦੇ ਵੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ, ਉਹ ਕੀਤਾ ਹੈ। ਜੇ ਨੁਕਸਾਨ ਵੀ ਝੱਲਣਾ ਪੈ ਜਾਵੇ ਤਾਂ ਵੀ ਕੈਪਟਨ ਅਮਰਿੰਦਰ ਸਿੰਘ ਆਪਣੀ ਜ਼ਬਾਨ ਤੋਂ ਨਹੀਂ ਫਿਰੇ। ਮੈਂ ਐਫ.ਐਮ. ਸਾਹਿਬ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਉਨ੍ਹਾਂ ਵਾਅਦਿਆਂ ਨੂੰ ਉਹ ਬੜੇ ਵਧੀਆ ਰੂਪ ਵਿੱਚ ਬਜਟ ਵਿੱਚ ਲੈ ਕੇ ਆਏ ਹਨ ਪਰ ਮੈਂ ਪਹਿਲਾਂ ਤਾਂ ਫੂਲਕਾ ਸਾਹਿਬ ਨੂੰ ਪੁੱਛਣਾ ਚਾਹੁੰਦਾ ਸੀ, ਪਰ ਉਹ ਅੱਜ ਹੈ ਨਹੀਂ। ਉਹ ਕਹਿੰਦੇ ਕਿ ਮੈਨੀਫੈਸਟੋ, ਮੈਨੀਫੈਸਟੋ। ਮੈਨੀਫੈਸਟੋ ਤਾਂ ਦਿੱਲੀ ਸਰਕਾਰ ਵਿੱਚ ਕੇਜਰੀਵਾਲ ਸਾਹਿਬ ਨੂੰ ਵੀ ਤਿੰਨ ਸਾਲ ਹੋ ਗਏ ਹਨ। ਕੀ ਦਿੱਲੀ ਵਿੱਚ ਸਾਰੇ ਖੰਭਿਆਂ ਤੇ ਸੀ.ਸੀ.ਟੀ.ਵੀ. ਕੈਮਰੇ ਲੱਗ ਗਏ? ਮੈਨੂੰ ਫੂਲਕਾ ਸਾਹਿਬ ਦੱਸਣ ਕਿ ਕੀ ਦਿੱਲੀ ਵਿੱਚ 500 ਸਕੂਲ ਤੇ 100 ਕਾਲਜ ਬਣ ਗਿਆ? ਜੋ ਕਿ ਆਪ ਦੇ ਮੈਨੀਫੈਸਟੋ ਵਿੱਚ ਲਿਖਿਆ ਹੋਇਆ ਸੀ। ਕੀ ਸਾਰੀ ਦਿੱਲੀ ਵਿੱਚ ਵਾਈ.ਫਾਈ. ਚੱਲ ਰਿਹਾ ਹੈ? ਮੇਰਾ ਕਹਿਣ ਤੋਂ ਭਾਵ ਹੈ ਕਿ ਆਪਣੀ ਪੀੜ੍ਹੀ ਥੱਲੇ ਸੋਟਾ ਮਾਰਨ। ਉਧਰੋਂ ਅਕਾਲੀ ਦਲ ਦੇ ਢੀਂਡਸਾ ਸਾਹਿਬ, ਮੈਂ ਸਮਝਦਾ ਹਾਂ ਕਿ ਸ਼ਰੀਫ ਆਦਮੀ ਹੈ, ਵਿਚਾਰੇ ਨੂੰ ਐਫ.ਐਮ. ਬਣਨ ਦਾ ਮੌਕਾ ਹੀ ਨਹੀਂ ਮਿਲਿਆ। ਇਹ ਉਸ ਵਿਚਾਰੇ ਨੂੰ ਪੰਜ ਸਾਲ ਕਲਰਕ ਹੀ ਬਣਾਈ ਫਿਰਦੇ ਰਹੇ। ਜੋ ਚਿੱਟ ਭੇਜ ਦਿੰਦੇ ਸੀ, ਉਸ ਤੋਂ ਉਹ ਹੀ ਕਰਵਾ ਦਿੰਦੇ ਸੀ। (ਥੰਪਿੰਗ)

ਮੇਰਾ ਕਹਿਣ ਤੋਂ ਭਾਵ ਇਹ ਹੈ ਕਿ ਅਕਾਲੀ ਦਲ ਦੇ ਮੈਨੀਫੈਸਟੋ ਵਿੱਚ ਹੁਬ-ਹੁਬਾ ਕੇ ਵਾਅਦਾ ਕੀਤਾ ਸੀ ਕਿ ਕੰਪਿਊਟਰ ਦੇਵਾਂਗੇ, ਬੇਰੁਜ਼ਗਾਰਾਂ ਨੂੰ ਭੱਤਾ ਦੇਵਾਂਗੇ। ਭਰਾਵੋ, ਇਹ ਸਭ ਤੋਂ ਉੱਚੀ ਉੱਚੀ ਚੀਕਾਂ ਮਾਰਦੇ ਸੀ ਕਿ ਨੌਕਰੀਆਂ ਦੇਵਾਂਗੇ । ਕੀ ਦਿੱਤੀਆਂ ? ਦਸਾਂ ਸਾਲਾਂ ਵਿੱਚ ਨੌਜਵਾਨਾਂ ਦੇ ਡਾਂਗਾਂ ਮਾਰੀਆਂ ਹਨ, ਕਿਸੇ ਨੂੰ ਬੇਰੁਜ਼ਗਾਰੀ ਭੱਤਾ ਨਹੀਂ ਦਿੱਤਾ। ਦਿੱਤਾ ਕੀ? ਤੋਹਫੇ ਵਿੱਚ ਦਿੱਤਾ ਚਿੱਟਾ। ਨੌਜਵਾਨਾਂ ਨੂੰ ਨੌਕਰੀਆਂ ਨਹੀਂ ਦਿੱਤੀਆਂ। ਬੇਰੁਜ਼ਗਾਰੀ ਭੱਤਾ ਨਹੀਂ ਦਿੱਤਾ ਪਰ ਤੋਹਫੇ ਵਿੱਚ ਚਿੱਟਾ ਦਿੱਤਾ ਜਿਸ ਦਾ ਨੁਕਸਾਨ ਅੱਜ ਪੰਜਾਬ ਨੂੰ ਹੋਇਆ। ਬੀ.ਜੇ.ਪੀ. ਵਾਲੇ ਵੀਰ ਵੀ ਬੜੀਆਂ ਚੀਕਾਂ ਮਾਰਦੇ ਹਨ। ਮੋਦੀ ਜੀ ਦਾ ਬੀ.ਜੇ.ਪੀ. ਦਾ ਮੈਨੀਫੈਸਟੋ ਪੜ੍ਹ ਲਉ, 28 ਨੰਬਰ ਤੇ ਉਨ੍ਹਾਂ ਨੇ ਕਿਹਾ ਸੀ ਕਿ ਸਰਕਾਰ ਬਣਦੇ ਸਾਰ ਮੈਂ ਸਵਾਮੀਨਾਥਨ ਰਿਪੋਰਟ ਲਾਗੂ ਕਰਾਂਗਾ। ਅੱਜ ਕਿੱਥੇ ਹੈ? ਅੱਜ ਹਿੰਦੁਸਤਾਨ ਵਿੱਚ ਕਿਸਾਨਾਂ ਦਾ ਕੀ ਹਾਲ ਹੈ? ਸਪੀਕਰ ਸਾਹਿਬ, ਮੇਰਾ ਕਹਿਣ ਤੋਂ ਭਾਵ ਹੈ ਕਿ ਮੈਂ ਉਸ ਦਿਨ ਵੀ ਹਾਊਸ ਤੋਂ ਰੈਜ਼ੋਲਿਊਸ਼ਨ ਇਸੇ ਵਾਸਤੇ ਪਾਸ ਕਰਵਾਇਆ ਸੀ ਕਿ ਜੋ ਲਿਮਿਟਿਡ ਰਿਸੋਰਸਿਜ਼ ਨਾਲ ਪੰਜਾਬ ਦੀ ਸਰਕਾਰ ਕਿਸਾਨਾਂ ਦੀ ਬਾਂਹ ਫੜ ਸਕਦੀ ਸੀ, ਪੰਜਾਬ ਦੀ ਸਰਕਾਰ ਨੇ ਜੁਰੱਅਤ ਕੀਤੀ ਹੈ, ਉਹ ਫੜੀ ਹੈ ਅਤੇ ਅੱਜ ਸੈਂਟਰ ਸਰਕਾਰ ਦਾ, ਮੋਦੀ ਜੀ ਦਾ ਹਿੱਸਾ ਪਾਉਣਾ ਬਣਦਾ ਹੈ, ਉਹ ਪੰਜਾਬ ਦੀ ਸਰਕਾਰ ਦਾ ਸਾਥ ਦੇਣ ਅਤੇ ਰਹਿੰਦੇ ਕਿਸਾਨਾਂ ਨੂੰ ਰਾਹਤ ਦੇਣ ਤਾਂ ਕਿ ਪੰਜਾਬ ਦੇ ਕਿਸਾਨਾਂ ਨੂੰ, ਪੰਜਾਬ ਦੇ ਕਿਸਾਨ ਮਜ਼ਦੂਰਾਂ ਨੂੰ ਸਾਹ ਆ ਸਕੇ। ਸਪੀਕਰ ਸਾਹਿਬ, ਇਹ ਗੱਲ ਕਰਦੇ ਸੀ, ਕਹਿੰਦੇ ਸੀ ਕਿ ਆਤਮਹੱਤਿਆਵਾਂ ਹੋ

[ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ]

ਗਈਆਂ। ਸਪੀਕਰ ਸਾਹਿਬ, ਅਜੇ ਤਾਂ ਸਰਕਾਰ ਬਣੀ ਨੂੰ ਤਿੰਨ ਮਹੀਨੇ ਹੋਏ ਹਨ, ਪੰਜ ਸਾਲ ਦਾ ਮੈਂਡੇਟ ਹੈ। ਇਨ੍ਹਾਂ ਨੂੰ ਮੇਰੀ ਬੇਨਤੀ ਹੈ ਤੇ ਖਾਸ ਕਰਕੇ ਪ੍ਰੈੱਸ ਵਾਲੇ ਵੀਰਾਂ ਨੂੰ ਵੀ ਬੇਨਤੀ ਹੈ ਕਿ ਇਨ੍ਹਾਂ ਨੂੰ ਪ੍ਰਮਾਤਮਾ ਸਬਰ ਬਖਸ਼ੇ, ਸੰਤੋਸ਼ ਬਖਸ਼ੇ, ਭਾਣਾ ਮੰਨਣ ਦਾ ਬਲ ਬਖਸ਼ੇ ਕਿਉਂਕਿ ਇਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਇਨ੍ਹਾਂ ਨਾਲ ਇਹ ਭਾਣਾ ਵਰਤ ਜਾਣਾ ਹੈ ਤੇ ਜਿਹੜੇ ਦੂਜੇ ਉੱਧਰਲੇ (ਆਮ ਆਦਮੀ ਪਾਰਟੀ ਵੱਲ ਇਸ਼ਾਰਾ) ਸੀ, ਉਹ ਤਾਂ ਪਹਿਲਾਂ ਹੀ ਸਾਰਾ ਕੁਝ ਵੰਡੀ ਬੈਠੇ ਸੀ। ਉਨ੍ਹਾਂ ਤੋਂ ਤਾਂ ਹੁਣ ਬਰਦਾਸ਼ਤ ਨਹੀਂ ਹੁੰਦਾ ਕਿ ਇਹ ਹੋ ਕੀ ਗਿਆ। ਸਪੀਕਰ ਸਾਹਿਬ, ਜਦੋਂ ਮੈਨੂੰ ਕਈ ਵਾਰੀ ਉਨ੍ਹਾਂ ਵਿੱਚੋਂ ਕੋਈ ਮਿਲਦਾ ਹੈ ਤਾਂ ਉਹ ਦੱਸਦੇ ਹਨ ਕਿ ਕਈ ਤਾਂ ਵਿਚਾਰੇ ਰਾਤ ਨੂੰ ਸੁੱਤੇ ਉਠ ਕੇ ਬੈਠ ਜਾਂਦੇ ਹਨ, ਅੱਧੀ ਰਾਤੀਂ ਜਾਗ ਆ ਜਾਂਦੀ ਹੈ ਤੇ ਯਾਦ ਕਰਦੇ ਹਨ ਕਿ ਵਜ਼ੀਰੀ ਕਿੱਥੇ ਗਈ ? ਸਪੀਕਰ ਸਾਹਿਬ, ਕਈਆਂ ਨੇ ਕੋਟ-ਕੂਟ ਵੀ ਨਵੇਂ ਤੇ ਮਹਿੰਗੇ ਸਿਲਵਾਏ ਸੀ ਤੇ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਜਿਹੜੇ ਸਾਡੇ ਬੰਦੇ ਸਹੁੰ ਚੁੱਕਣਗੇ, ਉਨ੍ਹਾਂ ਨੂੰ ਦੇ ਦਿਓ, ਉਹ ਪਾ ਲੈਣਗੇ । ਕਿਤੇ ਇਹ ਖਰਾਬ ਨਾ ਹੋ ਜਾਣ। ਸਪੀਕਰ ਸਾਹਿਬ, ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਚਾਹੇ ਇੰਡਸਟਰੀ ਦੀ ਗੱਲ ਆਈ, ਐਜੂਕੇਸ਼ਨ ਦੀ ਗੱਲ ਆਈ, ਜਾੱਬਸ ਦੀ ਗੱਲ ਆਈ। ਜਾੱਬਸ ਦਾ ਮਤਲਬ ਸਿਰਫ ਇੰਨਾ ਨਹੀਂ ਹੈ ਕਿ ਸਰਕਾਰੀ ਨੌਕਰੀਆਂ ਦੇਣੀਆਂ ਹਨ, ਜਾੱਬਸ ਦਾ ਮਤਲਬ ਹੈ, ਵਾਤਾਵਰਨ ਦੇਣਾ ਤਾਂ ਕਿ ਇੰਡਸਟਰੀ ਵਧੇ, ਪ੍ਰਾਈਵੇਟ ਸੈਕਟਰ ਵਧਣ ਤਾਂ ਕਿ ਲੋਕਾਂ ਨੂੰ ਨੌਕਰੀਆਂ ਮਿਲ ਸਕਣ। ਇਨ੍ਹਾਂ ਨੇ ਤਾਂ ਇਹੋ ਜਿਹਾ ਵਾਤਾਵਰਨ ਬਣਾਇਆ ਸੀ ਕਿ......

ਮਾਨਯੋਗ ਸਪੀਕਰ : ਵਾਈਂਡ ਅੱਪ ਕਰੋ ਪਲੀਜ਼ ।

ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ : ਬੱਸ ਦੋ ਮਿੰਟ ਜੀ। ਇਹੋ ਜਿਹਾ ਵਾਤਾਵਰਨ ਬਣਾਇਆ ਸੀ ਕਿ ਜੇ ਦੀਪਕ ਢਾਬੇ ਵਾਲੇ ਦੀ ਸੇਲ ਵੱਧ ਹੁੰਦੀ ਸੀ ਤਾਂ ਉਹ ਡਰਦਾ ਰਹਿੰਦਾ ਸੀ ਕਿ ਕਿਤੇ ਮੇਰੇ ਤੋਂ ਨਾ ਖੋਹ ਲੈਣ। ਜੇ ਉੱਧਰ ਹਵੇਲੀ ਵਾਲੇ ਦਾ ਕੰਮ ਚੱਲ ਪੈਂਦਾ ਸੀ ਤਾਂ ਉਹ ਡਰਦਾ ਰਹਿੰਦਾ ਸੀ ਕਿ ਕਿਤੇ ਮੇਰੇ ਤੇ ਨਾ ਕੰਮ ਹੋ ਜਾਵੇ। ਪੰਜਾਬ ਨੂੰ ਵਾਤਾਵਰਨ ਦੇਣਾ ਚਾਹੀਦਾ ਸੀ, ਇੰਡਸਟਰੀ ਨੂੰ ਵਾਤਾਵਰਨ ਦੇਣਾ ਚਾਹੀਦਾ ਸੀ। ਅੱਜ ਹੱਬ ਬਣਾ ਕੇ ਬੂਸਟ ਦਿੱਤਾ ਗਿਆ ਹੈ। ਅੱਜ ਬਿਜਲੀ ਦਾ ਰੇਟ ਪੰਜ ਰੁਪਏ ਕਰਕੇ ਬੂਸਟ ਦਿੱਤਾ ਗਿਆ ਹੈ ਤਾਂ ਕਿ ਨੌਕਰੀਆਂ ਕ੍ਰੀਏਟ ਕਰ ਸਕਣ ਤੇ ਨੌਜਵਾਨਾਂ ਨੂੰ ਨੌਕਰੀਆਂ ਮਿਲ ਸਕਣ। ਅਖੀਰ ਵਿੱਚ ਸਪੀਕਰ ਸਾਹਿਬ, ਮੈਨੂੰ ਮਹਾਂਭਾਰਤ ਦੀ ਯਾਦ ਆ ਗਈ। ਬਾਦਲ ਸਾਹਿਬ ਨੇ ਪੁੱਤਰ ਮੋਹ ਵਿੱਚ ਆ ਕੇ ਜੋ ਕੀਤਾ, ਸੋ ਕੀਤਾ, ਰੱਬ ਖੈਰ ਹੈ। ਮੈਂ ਦੇਖਿਆ ਹੈ ਕਿ ਸਰਦਾਰ ਸੁਖਬੀਰ ਸਿੰਘ ਜੀ ਜਦੋਂ ਤੁਰਦੇ ਹਨ ਤੇ ਜਿਹੜਾ ਉਨ੍ਹਾਂ ਦੇ ਮਗਰ ਉਨ੍ਹਾਂ ਦਾ ਰਿਸ਼ਤੇਦਾਰ ਤੁਰਦਾ ਹੈ, ਉਹ ਉਨ੍ਹਾਂ ਤੋਂ ਵੀ ਚੌੜੀਆਂ ਬਾਹਾਂ ਕਰਕੇ ਤੁਰਦਾ ਹੈ। ਸਰਦਾਰ ਸੁਖਬੀਰ ਸਿੰਘ ਜੀ ਚਲੇ ਗਏ ਹਨ, ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਸੀ ਕਿ ਮਹਾਂਭਾਰਤ ਵਿੱਚ ਇੱਕ ਸ਼ਕੁਨੀ ਮਾਮਾ ਵੀ ਸੀ। ਇਨ੍ਹਾਂ ਦੇ ਬੱਚਿਆਂ ਦਾ ਜਿਹੜਾ ਮਾਮਾ ਹੈ, ਉਸ ਤੋਂ ਬਚ ਕੇ ਰਹਿਣ । ਬਾਕੀ ਪੰਜਾਬ ਨੂੰ ਤਾਂ ਉਨ੍ਹਾਂ ਨੇ ਜੋ ਕਰਕੇ ਦਿਖਾਉਣਾ ਸੀ, ਉਹ ਕਰਕੇ ਦਿਖਾ ਦਿੱਤਾ (ਥੰਪਿੰਗ) ਪਰ ਅਫਸੋਸ ਇਸ ਗੱਲ ਦਾ ਹੈ ਕਿ ਇਹ ਪੁਰਾਣੀ ਪਾਰਟੀ ਹੈ ਤੇ ਇਹ ਪਹਿਲੀ ਵਾਰੀ ਹੋਇਆ ਹੈ ਕਿ

ਇਨ੍ਹਾਂ ਨੂੰ ਆਪੋਜ਼ੀਸ਼ਨ ਦਾ ਸਟੇਟਸ ਵੀ ਨਹੀਂ ਮਿਲਿਆ। ਕੱਲ੍ਹ ਫਲੋਰ ਆਫ ਦਿ ਹਾਊਸ ਵਿੱਚ ਸਰਦਾਰ ਸੁਖਬੀਰ ਸਿੰਘ ਜੀ ਨੇ ਕਿਹਾ ਸੀ ਕਿ ਇਨਕੁਆਰੀ ਕਰਵਾਓ। ਮੈਂ ਕਹਿੰਦਾ ਹਾਂ ਕਿ ਕੀ ਲੋੜ ਹੈ, ਇਨਕੁਆਰੀ ਕਰਵਾਉਣ ਦੀ? ਪੰਜਾਬ ਦੇ ਲੋਕਾਂ ਨੇ ਹੀ ਇਨਕੁਆਰੀ ਕਰ ਦਿੱਤੀ। ਪੰਜਾਬ ਦੇ ਲੋਕਾਂ ਨੇ ਇਹ 15 ਮੈਂਬਰਾਂ ਤੇ ਲਿਆ ਕੇ ਹੀ ਛੱਡ ਦਿੱਤੇ। ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਆਈਨਾ ਦਿਖਾ ਦਿੱਤਾ। ਲੋਕਾਂ ਨੇ ਹੀ ਇਨਕੁਆਰੀ ਕਰ ਦਿੱਤੀ।

ਮਾਨਯੋਗ ਸਪੀਕਰ : ਧੰਨਵਾਦ, ਧੰਨਵਾਦ।

ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ : ਸਪੀਕਰ ਸਾਹਿਬ, ਮੈਂ ਵਧਾਈ ਦੇਣਾ ਚਾਹੁੰਦਾ ਹਾਂ ਕੈਪਟਨ ਸਾਹਿਬ ਨੂੰ ਤੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਿ ਇਹ ਹਿਸਟਰੀ ਵਿੱਚ ਪਹਿਲੀ ਵਾਰੀ ਹੋਇਆ ਹੈ ਕਿ ਇਨ੍ਹਾਂ ਨੇ ਮੈਨੀਫੈਸਟੋ ਨੂੰ ਮੁੱਖ ਰੱਖਦੇ ਹੋਏ ਮੈਨੀਫੈਸਟੋ ਦੇ 70% ਕੰਟੈਂਟਸ ਲਾਗੂ ਕਰ ਦਿੱਤੇ ਹਨ । ਇੰਨਾ ਕਹਿੰਦਾ ਹੋਇਆ ਮੈਂ ਇਸ ਬਜਟ ਦੀ ਪ੍ਰੋੜ੍ਹਤਾ ਕਰਦਾ ਹਾਂ।

ਮਾਨਯੋਗ ਸਪੀਕਰ : ਧੰਨਵਾਦ, ਧੰਨਵਾਦ। ਸ਼੍ਰੀ ਅੰਗਦ ਸਿੰਘ ਜੀ।

ਸ਼੍ਰੀ ਅੰਗਦ ਸਿੰਘ (ਨਵਾਂਸ਼ਹਿਰ) : ਸਤਿਕਾਰਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿੱਚ ਪਹਿਲੀ ਵਾਰੀ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਵਿੱਚ ਇਲੈਕਸ਼ਨਾਂ ਹੋਈਆਂ ਤੇ ਲੋਕਾਂ ਨੇ ਸਰਕਾਰ ਨੂੰ ਇੱਕ ਵੱਡੀ ਮੈਂਡੇਟ ਦਿੱਤੀ। ਨਵਾਂਸ਼ਹਿਰ ਦੇ ਲੋਕਾਂ ਨੇ ਮੈਨੂੰ 26 ਸਾਲ ਦੀ ਉਮਰ ਵਿੱਚ ਇਹ ਵੱਡੀ ਜ਼ਿੰਮੇਵਾਰੀ ਦਿੱਤੀ। ਮੇਰੇ ਮਨ ਵਿੱਚ ਬੜੀਆਂ ਆਸਾਂ ਸੀ ਕਿ ਜਦ ਮੈਂ ਇਸ ਪਵਿੱਤਰ ਸਦਨ ਵਿੱਚ ਜਾਵਾਂਗਾ, ਲੋਕਾਂ ਦੀ ਗੱਲ ਰੱਖਾਂਗਾ, ਉਸ ਤੇ ਡਿਬੇਟ ਕਰਾਂਗਾ ਤੇ ਲੋਕਾਂ ਦੀ ਆਵਾਜ਼ ਬਣ ਕੇ ਉਨ੍ਹਾਂ ਦੀਆਂ ਤਕਲੀਫਾਂ ਨੂੰ ਉਠਾਉਂਦਾ ਰਹਾਂਗਾ ਪਰ ਪਿਛਲੇ ਦਿਨਾਂ ਤੋਂ ਮੈਂ ਬੜੇ ਧਿਆਨ ਨਾਲ ਮੈਂਬਰ ਸਾਹਿਬਾਨ ਨੂੰ ਦੇਖ ਰਿਹਾ ਸੀ, ਖਾਸ ਕਰਕੇ ਆਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਨੂੰ ਆਬਜ਼ਰਵ ਕਰ ਰਿਹਾ ਸੀ। ਇਹ ਮੇਰਾ ਪਹਿਲਾ ਤਜਰਬਾ ਹੈ ਤੇ ਮੈਂ ਸੋਚਿਆ ਕਿ ਪਹਿਲਾਂ ਦੋ-ਤਿੰਨ ਦਿਨ ਧਿਆਨ ਨਾਲ ਦੇਖ ਲਈਏ ਕਿ ਸਦਨ ਕਿਸ ਢੰਗ ਨਾਲ ਚੱਲਦਾ ਹੈ ਤੇ ਕੀ ਰੂਲਜ਼ ਐਂਡ ਰੈਗੂਲੇਸ਼ਨਜ਼ ਹਨ। ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਜੋ ਮੈਂ ਦੇਖਿਆ, ਉਸ ਨਾਲ ਅੱਜ ਮੇਰਾ ਮਨ ਬਹੁਤ ਦੁਖੀ ਹੈ । ਜਿਹੜੇ ਆਮ ਆਦਮੀ ਪਾਰਟੀ ਦੇ ਐਮ.ਐਲ.ਏ. ਸਾਹਿਬਾਨ ਹਨ, ਮੈਂਬਰ ਸਾਹਿਬਾਨ ਹਨ, ਉਨ੍ਹਾਂ ਦਾ ਤਾਂ ਮੈਂ ਚਲੋ ਕਸੂਰ ਨਹੀਂ ਮੰਨਦਾ ਕਿਉਂਕਿ ਉਹ ਮੇਰੇ ਵਰਗੇ ਫਸਟ ਟਾਈਮਰ ਮੈਂਬਰ ਹਨ, ਐਮ.ਐਲ.ਏਜ਼ ਹਨ ਪਰ ਜਿਹੜੇ ਅਕਾਲੀ ਦਲ ਦੇ ਮੈਂਬਰ ਹਨ, ਇਨ੍ਹਾਂ ਨੇ 10 ਸਾਲ ਪੰਜਾਬ ਵਿੱਚ ਸਰਕਾਰ ਚਲਾਈ ਔਰ ਪੰਜਾਬ ਵਿੱਚ ਇਨ੍ਹਾਂ ਦੀ ਹਕੂਮਤ ਸੀ, ਇਸ ਲਈ ਇਨ੍ਹਾਂ ਨੂੰ ਤਾਂ ਪੁਰਾਣੇ ਸਮੇਂ ਤੋਂ ਪਤਾ ਸੀ ਕਿ ਪਵਿੱਤਰ ਸਦਨ ਦੀ ਮਰਿਆਦਾ ਕੀ ਹੈ, ਕੀ ਰੂਲਜ਼ ਐਂਡ ਰੈਗੂਲੇਸ਼ਨਜ਼ ਹਨ। ਉਨ੍ਹਾਂ ਨੇ ਪਹਿਲੇ ਦਿਨ ਤੋਂ ਹੀ ਸਦਨ ਵਿੱਚ ਕੋਈ ਡਿਬੇਟ ਨਹੀਂ ਹੋਣ ਦਿੱਤੀ, ਸਿਰਫ ਇਸ ਕਰਕੇ ਕਿਉਂਕਿ ਉਹ ਅੱਜ ਭੱਜਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਸਾਡੇ ਬੋਲਣ ਲਈ ਕੁਝ ਨਹੀਂ। ਉਨ੍ਹਾਂ ਨੂੰ ਪਤਾ ਹੈ ਕਿ ਜਿਸ ਤਰੀਕੇ ਨਾਲ ਅੱਜ ਦੇ ਲੋਕਾਂ ਨੇ ਨਕਾਰਿਆ ਹੈ, ਉਨ੍ਹਾਂ ਨੂੰ

[ਸ਼੍ਰੀ ਅੰਗਦ ਸਿੰਘ]

ਇਸ ਗੱਲ ਦਾ ਰਿਜ਼ਲਟ ਮਿਲ ਚੁੱਕਿਆ ਹੈ। ਪਿਛਲੇ ਦਸ ਸਾਲਾਂ ਵਿੱਚ ਜਿਸ ਢੰਗ ਨਾਲ ਉਨ੍ਹਾਂ ਨੇ ਪੰਜਾਬ ਦਾ ਬੇੜਾ ਗਰਕ ਕੀਤਾ ਔਰ ਪੰਜਾਬ ਨੂੰ ਹਿੰਦੁਸਤਾਨ ਵਿੱਚ ਇੱਕ ਕਰਜ਼ਈ ਸੂਬਾ ਬਣਾ ਕੇ ਰੱਖ ਦਿੱਤਾ । ਪੰਜਾਬ ਅੱਜ ਸਾਰੇ ਹਿੰਦੁਸਤਾਨ ਵਿੱਚ ਤੀਜੇ ਨੰਬਰ ਤੇ ਕਰਜ਼ਈ ਸੂਬਾ ਹੈ ਅਤੇ ਡੇਢ ਲੱਖ ਕਰੋੜ ਰੁਪਏ ਦਾ ਕਰਜ਼ਾ ਇਨ੍ਹਾਂ ਨੇ ਪਿਛਲੇ ਦਸ ਸਾਲਾਂ ਵਿੱਚ ਵਧਾਇਆ ਹੈ । ਮੈਂ ਸਮਝਦਾ ਹਾਂ ਕਿ ਪੰਜਾਬ ਦੇ ਲੋਕ ਅਤੇ ਪੰਜਾਬ ਦੇ ਨੌਜਵਾਨ ਪਿਛਲੀ ਸਰਕਾਰ ਨੂੰ ਕਦੀ ਮਾਫ ਨਹੀਂ ਕਰਨਗੇ ਜਿਹੜਾ ਉਨ੍ਹਾਂ ਨੇ ਸਾਨੂੰ ਕਰਜ਼ਈ ਬਣਾ ਦਿੱਤਾ। ਅੱਜ ਪੰਜਾਬ ਵਿੱਚ ਕੋਈ ਵੀ ਬੱਚਾ ਜਿਹੜਾ ਜਨਮ ਲੈਂਦਾ ਹੈ, ਲਗਭਗ 75,000/- ਰੁਪਏ ਦਾ ਕਰਜ਼ਈ ਬਣ ਕੇ ਜਨਮ ਲੈਂਦਾ ਹੈ । ਇਹ ਜਿਹੜਾ ਕਲੰਕ ਇਨ੍ਹਾਂ ਨੇ ਪੰਜਾਬ ਤੇ ਲਗਾ ਦਿੱਤਾ, ਮੈਂ ਸਮਝਦਾ ਹਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਵੀ ਇਸ ਗੱਲ ਨੂੰ ਯਾਦ ਰੱਖਣਗੀਆਂ । ਇਹ ਨਾ ਪੂਰਾ ਹੋਣ ਵਾਲਾ ਘਾਟਾ ਇਸ ਪੁਰਾਣੀ ਸਰਕਾਰ ਨੇ ਸਾਨੂੰ ਦਿੱਤਾ ਹੈ । ਇਹ ਪਹਿਲੇ ਦਿਨ ਤੋਂ ਇੱਥੇ ਆ ਕੇ ਰੌਲਾ ਪਾਉਣ ਲੱਗ ਪਏ ਕਿ ਕਰਜ਼ੇ ਮਾਫ ਕਰੋ । ਜਿਹੜਾ ਇੱਕ ਚੋਣ ਮੈਨੀਫੈਸਟੋ ਪੁਲੀਟੀਕਲ ਪਾਰਟੀ ਦਾ ਹੁੰਦਾ ਹੈ, ਉਹ ਇੱਕ ਰੋਡ ਮੈਪ ਹੁੰਦਾ ਹੈ ਕਿ ਆਉਣ ਵਾਲੇ ਪੰਜ ਸਾਲਾਂ ਵਿੱਚ ਸਾਡੀ ਜਿਹੜੀ ਪਾਰਟੀ ਹੈ, ਉਹ ਇਹ ਕੰਮ ਕਰੇਗੀ ਅਤੇ ਲੋਕਾਂ ਨੂੰ ਸਹੂਲਤ ਦੇਵੇਗੀ ਪਰ ਹਾਲੇ ਪਹਿਲੇ ਦਿਨ ਹੀ ਜਦੋਂ ਬਜਟ ਵੀ ਪੇਸ਼ ਨਹੀਂ ਹੋਇਆ ਸੀ, ਇਹ ਪਹਿਲਾਂ ਹੀ ਰੌਲਾ ਪਾਉਣ ਲੱਗ ਪਏ ਕਿ ਤੁਸੀਂ ਕਰਜ਼ੇ ਮਾਫ ਕਰੋ। ਇਨ੍ਹਾਂ ਨੂੰ ਕੋਈ ਪੁੱਛੇ, ਇਹ ਤਾਂ ਆਪ ਸਿਆਣੇ ਬੈਠੇ ਹਨ, ਜਦ ਬਜਟ ਹੀ ਪੇਸ਼ ਨਹੀਂ ਹੋਇਆ, ਕਰਜ਼ੇ ਕਿੱਥੋਂ ਮਾਫ ਹੋ ਜਾਣਗੇ। ਮੈਂ ਸਭ ਤੋਂ ਪਹਿਲਾਂ ਤਾਂ ਮਾਨਯੋਗ ਮੁੱਖ ਮੰਤਰੀ ਸਾਹਿਬ, ਫਾਈਨਾਂਸ ਮਨਿਸਟਰ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇੰਨੇ ਮਾੜੇ ਹਾਲਾਤਾਂ ਦੇ ਬਾਵਜੂਦ ਕਾਂਗਰਸ ਪਾਰਟੀ ਦੇ ਚੋਣ ਮੈਨੀਫੈਸਟੋ ਨੂੰ ਮੁੱਖ ਰੱਖਦੇ ਹੋਏ ਜਿਹੜਾ ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਕਿਸਾਨਾਂ ਦੇ ਕਰਜ਼ੇ ਮਾਫ ਕੀਤੇ ਜਾਣਗੇ, ਜਿਹੜੀ ਉਨ੍ਹਾਂ ਨੇ 1500 ਕਰੋੜ ਰੁਪਏ ਦੀ ਅਨਾਊਂਸਮੈਂਟ ਕੀਤੀ, ਮੈਂ ਸਮਝਦਾ ਹਾਂ ਕਿ ਇਹ ਬੜੀ ਅੱਛੀ ਸ਼ੁਰੂਆਤ ਹੈ ਔਰ ਇਹ ਸਿਰਫ ਇੱਥੇ ਹੀ ਬੰਦ ਨਹੀਂ ਹੋ ਜਾਣਾ, ਆਉਣ ਵਾਲੇ ਸਮੇਂ ਵਿੱਚ ਮੈਨੂੰ ਪੂਰਾ ਯਕੀਨ ਹੈ ਕਿ ਜਿਸ ਢੰਗ ਨਾਲ ਇਹ ਸਰਕਾਰ ਕੰਮ ਕਰ ਰਹੀ ਹੈ, ਸਾਡੇ ਮੁੱਖ ਮੰਤਰੀ ਸਾਹਿਬ ਕੰਮ ਕਰ ਰਹੇ ਹਨ, ਸਾਡੇ ਐਫ.ਐਮ. ਸਾਹਿਬ ਕੰਮ ਕਰ ਰਹੇ ਹਨ, ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਨੂੰ ਜ਼ਰੂਰ ਰਾਹਤ ਮਿਲੇਗੀ ਤਾਂ ਕਿ ਉਹ ਵਧੀਆ ਢੰਗ ਨਾਲ ਆਪਣੀ ਖੇਤੀ ਕਰ ਸਕਣ। ਮੈਂ ਐਫ.ਐਮ. ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਸ ਬਜਟ ਵਿੱਚ, ਖਾਸ ਤੌਰ ਤੇ ਉਨ੍ਹਾਂ ਨੇ ਨੌਜਵਾਨਾਂ ਦਾ ਖਿਆਲ ਰੱਖਿਆ ਹੈ। ਅਸੀਂ ਸਾਰੇ ਹੀ 21ਵੀਂ ਸਦੀ ਵਿੱਚ ਰਹਿ ਰਹੇ ਹਾਂ ਤੇ ਇਹ ਡਿਜ਼ੀਟਾਈਜ਼ੇਸ਼ਨ ਦਾ ਜ਼ਮਾਨਾ ਹੋ ਚੁੱਕਾ ਹੈ । ਜਿਹੜਾ ਕੈਪਟਨ ਸਾਹਿਬ ਨੇ ਸਮਾਰਟ ਫੋਨ ਦਾ ਵਾਅਦਾ ਕੀਤਾ ਸੀ ਔਰ ਇਸ ਬਜਟ ਵਿੱਚ ਬੜੇ ਵਧੀਆ ਢੰਗ ਨਾਲ ਉਹ ਸਕੀਮ ਲਾਗੂ ਕੀਤੀ ਗਈ ਹੈ। ਇਸ ਤੋਂ ਇਲਾਵਾ ਹੋਰ ਵੀ ਸਕੀਮਾਂ ਜਿਵੇਂ ਸ਼ਹੀਦ ਭਗਤ ਸਿੰਘ ਇੰਪਲਾਇਮੈਂਟ ਜਨਰੇਸ਼ਨ ਸਕੀਮ ਦੀ ਗੱਲ ਕਰੀਏ, ਭਾਵੇਂ ਯਾਰੀ ਐਂਟਰਪ੍ਰਾਈਜਿਜ਼ ਦੀ ਗੱਲ ਕਰੀਏ, ਮੈਂ ਸਮਝਦਾ ਹਾਂ ਕਿ ਨੌਜਵਾਨਾਂ ਦੀ ਹੌਸਲਾ ਅਫਜ਼ਾਈ ਕੀਤੀ ਜਾਵੇਗੀ ਔਰ ਉਨ੍ਹਾਂ ਨੂੰ ਆਪਣਾ ਕੰਮ ਸ਼ੁਰੂ ਕਰਨ ਵਾਸਤੇ 3% ਉਤੇ ਲੋਨ ਮਿਲੇਗਾ। ਮੈਂ ਨਾਲ ਨਾਲ ਹੀ ਐਫ. ਐਮ. ਸਾਹਿਬ ਨੂੰ ਇਹ ਵੀ ਸਲਾਹ ਦੇਣੀ ਚਾਹੁੰਦਾ ਹਾਂ ਕਿ ਹਿੰਦੁਸਤਾਨ ਸਰਕਾਰ ਦੀਆਂ

ਕਈ ਇਹੋ ਜਿਹੀਆਂ ਸੈਂਟਰ ਵਿੱਚ ਸਕੀਮਾਂ ਚਲਦੀਆਂ ਹਨ, ਜੇ ਸੂਬੇ ਦੀ ਸਰਕਾਰ ਸੈਂਟਰ ਦੀ ਸਰਕਾਰ ਨਾਲ ਇਹ ਸਕੀਮਾਂ ਕਲੱਬ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਦਿਵਾਉਣ ਤਾਂ ਫਿਰ ਨੌਜਵਾਨਾਂ ਨੂੰ ਵੀ ਫਾਇਦਾ ਮਿਲੇਗਾ ਤੇ ਨਾਲ ਨਾਲ ਸਾਡੇ ਖਜ਼ਾਨੇ ਤੇ ਵੀ ਲੋਡ ਘੱਟ ਪਵੇਗਾ ।

ਮਾਨਯੋਗ ਸਪੀਕਰ : ਅੰਗਦ ਜੀ, ਧੰਨਵਾਦ ।

ਸ਼੍ਰੀ ਅੰਗਦ ਸਿੰਘ : ਸਪੀਕਰ ਸਾਹਿਬ, ਇੰਡਸਟਰੀ ਨੂੰ 3% ਜ਼ਰੂਰ ਸਬਵੈਨਸ਼ਨ ਮਿਲਣੀ ਚਾਹੀਦੀ ਹੈ ਤਾਂ ਕਿ ਆਪਣੇ ਸੂਬੇ ਵਿੱਚ ਇੰਡਸਟਰੀ ਨੂੰ ਰਿਵਾਈਵ ਕਰ ਸਕੀਏ । ਅੱਜ ਤੁਸੀਂ ਮੰਡੀ ਗੋਬਿੰਦਗੜ੍ਹ ਚਲੇ ਜਾਓ, ਖੰਨੇ ਚਲੇ ਜਾਓ, ਲੁਧਿਆਣੇ ਚਲੇ ਜਾਓ,ਸਾਰੀ ਇੰਡਸਟਰੀ ਬਿਲਕੁਲ ਠੱਪ ਹੋ ਚੁੱਕੀ ਹੈ, ਬਿਲਕੁਲ ਬੇੜਾ ਗਰਕ ਹੋ ਚੁੱਕਾ ਹੈ । ਮੈਂ ਤੁਹਾਡਾ ਇਸ ਗੱਲ ਦਾ ਵੀ ਧੰਨਵਾਦ ਕਰਦਾ ਹਾਂ ਕਿਉਂਕਿ ਮੈਂ ਨਵਾਂ ਸ਼ਹਿਰ ਨਾਲ ਸਬੰਧ ਰੱਖਦਾ ਹਾਂ।

ਮਾਨਯੋਗ ਸਪੀਕਰ : ਬੈਠੋ ਜੀ ।

ਸ਼੍ਰੀ ਅੰਗਦ ਸਿੰਘ : ਸਪੀਕਰ ਸਾਹਿਬ, ਦੁਆਬੇ ਵਿੱਚ ਸਭ ਤੋਂ ਵੱਧ ਪਾਪੂਲੇਸ਼ਨ ਨਵਾਂ ਸ਼ਹਿਰ ਵਿੱਚ ਹੈ।

ਮਾਨਯੋਗ ਸਪੀਕਰ : ਬੈਠੋ ਜੀ । ਵਾਈਂਡ ਅੱਪ ਕਰੋ ।

ਸ਼੍ਰੀ ਅੰਗਦ ਸਿੰਘ : ਇੱਕ ਮਿੰਟ, ਸਰ। ਇੱਕ ਸਮਾਂ ਸੀ ਕੈਪਟਨ ਸਾਹਿਬ ਦਾ, ਜਦੋਂ ਬਾਹਰੋਂ ਐਨ.ਆਰ.ਆਈਜ਼ ਆਉਂਦੇ ਸੀ, ਪੰਜਾਬ ਵਿੱਚ ਇਨਵੈਸਟ ਕਰਦੇ ਸੀ ਅਤੇ ਉਹ ਪੰਜਾਬ ਦੀ ਡਿਵੈਲਪਮੈਂਟ ਵਿੱਚ ਹਿੱਸਾ ਪਾਉਂਦੇ ਸੀ ਪਰ ਪਿਛਲੇ ਦਸ ਸਾਲਾਂ ਵਿੱਚ ਪਿਛਲੀ ਸਰਕਾਰ ਨੇ ਜਿਹੜਾ ਉਹ ਟਰੱਸਟ ਸੀ, ਉਹ ਇੰਨੀ ਬੁਰੀ ਤਰ੍ਹਾਂ ਲੂਜ਼ ਕੀਤਾ ਹੈ ਕਿ ਅੱਜ ਦੇ ਸਮੇਂ ਵਿੱਚ ਜੇ ਕੋਈ ਐਨ.ਆਰ.ਆਈ. ਬਾਹਰੋਂ ਆਉਂਦਾ ਹੈ ਤਾਂ ਉਹ ਜ਼ਮੀਨ ਖਰੀਦਣ ਨਹੀਂ, ਜ਼ਮੀਨ ਵੇਚਣ ਆਉਂਦਾ ਹੈ ਸਿਰਫ ਇਸ ਕਰਕੇ ਕਿਉਂਕਿ ਉਨ੍ਹਾਂ ਦੀਆਂ ਜ਼ਮੀਨਾਂ ਤੇ ਕਬਜ਼ੇ ਹੁੰਦੇ ਹਨ ....

ਮਾਨਯੋਗ ਸਪੀਕਰ : ਧੰਨਵਾਦ।

ਸ਼੍ਰੀ ਅੰਗਦ ਸਿੰਘ : ਸੋ, ਇਹ ਜਿਹੜਾ ਲੋਕਪਾਲ, ombudsman ਸਰਕਾਰ ਨੇ ਸਥਾਪਿਤ ਕੀਤਾ ਹੈ, ਮੈਂ....

ਮਾਨਯੋਗ ਸਪੀਕਰ : ਬੈਠੋ, ਬੈਠੋ, ਬੈਠੋ।

ਸ਼੍ਰੀ ਅੰਗਦ ਸਿੰਘ : ਇਸ ਗੱਲ ਦਾ ਵੀ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ ਔਰ ਅੰਤ ਵਿੱਚ ਮੈਂ ....

ਮਾਨਯੋਗ ਸਪੀਕਰ : ਸ਼੍ਰੀ ਅਵਤਾਰ ਸਿੰਘ ਜੂਨੀਅਰ।

ਸ਼੍ਰੀ ਅੰਗਦ ਸਿੰਘ : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ।

Mr. Speaker : Thank you. Shri Avtar Singh Junior.

ਸ਼੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ) : ਮਾਣ ਤੇ ਸਤਿਕਾਰਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਇਸ ਆਗਸਟ ਹਾਊਸ ਵਿੱਚ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਭ ਤੋਂ ਪਹਿਲਾਂ ਮਾਨਯੋਗ ਸੀ.ਐਮ. ਸਾਹਿਬ ਦਾ, ਆਪਣੀ ਫੈਮਿਲੀ ਦਾ ਅਤੇ ਜਲੰਧਰ ਦੇ ਸਮੂਹ ਵੋਟਰ ਸਾਹਿਬਾਨ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਸ ਪਾਵਨ ਸਦਨ ਵਿੱਚ ਅੱਜ ਮੈਨੂੰ ਬਜਟ ਉਤੇ ਬੋਲਣ ਦਾ ਮੌਕਾ ਮਿਲਿਆ ਹੈ। ਇੱਕ proverb ਹੈ - It is darkest before sunrise. ਅੱਜ ਜਿਸ ਮੁਹਿੰਮ ਵਿੱਚ, ਜਿਸ ਜਗ੍ਹਾ ਤੇ ਆਪਾਂ ਖੜ੍ਹੇ ਹਾਂ, ਇੱਥੇ ਖੜ੍ਹ ਕੇ ਮੈਂ ਸਭ ਤੋਂ ਪਹਿਲਾਂ ਐਫ.ਐਮ. ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿੰਨੀ ਔਖਿਆਈ ਵਿੱਚ ਉਨ੍ਹਾਂ ਨੇ ਬਹੁਤ ਹੀ ਫੋਰਸਾਈਟਿਡ ਬਜਟ ਪੇਸ਼ ਕੀਤਾ ਹੈ, ਸਾਰਾ ਸਦਨ ਉਨ੍ਹਾਂ ਦਾ ਧੰਨਵਾਦੀ ਹੈ। ਸਾਡੇ ਮਰਹੂਮ ਪ੍ਰਧਾਨ ਮੰਤਰੀ, ਸ਼੍ਰੀ ਲਾਲ ਬਹਾਦਰ ਸ਼ਾਸ਼ਤਰੀ ਜੀ ਨੇ 60s ਵਿੱਚ ਹਿੰਦੁਸਤਾਨ ਨੂੰ ਇੱਕ ਨਾਅਰਾ ਦਿੱਤਾ – ਜੈ ਜਵਾਨ, ਜੈ ਕਿਸਾਨ। ਇਹ ਜਿਹੜਾ ਨਾਅਰਾ ਸੀ, ਇਹ ਪੰਜਾਬੀਆਂ ਨੇ ਆਪਣੇ ਦਿਲ ਵਿੱਚ ਵਸਾ ਲਿਆ। ਪੰਜਾਬੀਆਂ ਨੇ ਗਰੀਨ ਰੈਵੋਲਿਊਸ਼ਨ ਲਿਆ ਦਿੱਤੀ ਅਤੇ ਹਿੰਦੁਸਤਾਨ ਦੇ ਅੰਨਦਾਤਾ ਬਣੇ । ਪੰਜਾਬੀਆਂ ਨੇ ਹਿੰਦੁਸਤਾਨ ਦੀ ਸਰਹੱਦ ਤੇ ਖੜ੍ਹੇ ਹੋ ਕੇ ਆਪਣੀਆਂ ਛਾਤੀਆਂ ਤੇ ਗੋਲੀਆਂ ਖਾਧੀਆਂ। ਮੈਂ ਬੜੀ ਨਮੋਸ਼ੀ ਨਾਲ ਅੱਜ ਇਸ ਸਦਨ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਦਸ ਸਾਲਾਂ ਦੇ mis-rule ਕਰਕੇ ਅੱਜ ਨਾ ਪੰਜਾਬ ਵਿੱਚ ਜਵਾਨੀ ਰਹੀ ਅਤੇ ਨਾ ਕਿਸਾਨੀ ਰਹੀ। ਪੰਜਾਬ ਦੀ ਜਵਾਨੀ ਨਸ਼ਿਆਂ ਨੇ ਖਾ ਲਈ ਅਤੇ ਪੰਜਾਬ ਦੀ ਕਿਸਾਨੀ ਕਰਜ਼ਿਆਂ ਨੇ ਖਾ ਲਈ। ਸਭ ਤੋਂ ਪਹਿਲਾਂ ਤਾਂ ਮੈਂ ਸੀ.ਐਮ. ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਪਹਿਲੇ ਸੌ ਦਿਨਾਂ ਵਿੱਚ ਇੱਕ ਬਹੁਤ ਵੱਡਾ ਬੀੜਾ ਚੁੱਕਿਆ ਕਿ ਜਿਹੜੇ ਪੰਜਾਬ ਦੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਸੀ, ਜਿਹੜੇ ਹਿੰਦੁਸਤਾਨ ਦੇ ਅੰਨਦਾਤਾ ਹਨ, ਉਨ੍ਹਾਂ ਦਾ ਲੋਨ ਵੇਵ ਕੀਤਾ ਹੈ। ਇਹ ਬੜੀ ਨਮੋਸ਼ੀ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੇ ਹਿੰਦੁਸਤਾਨ ਦੇ ਐਫ.ਐਮ. ਹਨ, ਉਨ੍ਹਾਂ ਨੇ ਜਿਹੜੀ ਐਗਰੇਰੀਅਨ ਕ੍ਰਾਈਸਿਸ ਪੈਨ ਇੰਡੀਆ ਵਿੱਚ ਹੈ, ਉਨ੍ਹਾਂ ਨੇ ਆਪਣਾ ਪੱਲਾ ਝਾੜਦੇ ਹੋਏ ਇਹ ਕਹਿ ਦਿੱਤਾ ਕਿ ਅਸੀਂ ਕਿਸੇ ਵੀ ਸਟੇਟ ਨੂੰ ਹੈਲਪ ਨਹੀਂ ਕਰਾਂਗੇ ਜਦ ਕਿ ਉਨ੍ਹਾਂ ਦੇ ਮੈਨੀਫੈਸਟੋ ਦੇ ਪੇਜ ਨੰਬਰ 28 ਵਿੱਚ, ਉਨ੍ਹਾਂ ਨੇ very ਕੈਟਾਗੋਰੀਕਲੀ ਇਹ ਲਿਖਿਆ ਸੀ, and I quote–"take steps to enhance the profitability in agriculture by ensuring a minimum of 50% profit over the cost of production, cheaper agricultural inputs and credits." ਪਿਛਲੇ ਤਿੰਨ ਸਾਲ ਐਨ.ਡੀ.ਏ. ਦੀ ਸਰਕਾਰ ਆਏ ਹੋਏ ਨੂੰ ਹੋ ਗਏ ਹਨ ਪਰ ਉਨ੍ਹਾਂ ਨੇ ਕਿਸਾਨਾਂ ਦੇ ਬਾਰੇ ਕੋਈ ਵੀ ਤਵੱਜੋ ਨਹੀਂ ਦਿੱਤੀ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀ ਇਹ ਐਗਰੇਰੀਅਨ ਕ੍ਰਾਈਸਿਸ ਹੈ, ਇਹ ਪਿਛਲੇ ਸਾਲ-ਦੋ ਸਾਲ ਜਾਂ ਦਸਾਂ ਸਾਲਾਂ ਦੀ ਨਹੀਂ ਹੈ ਬਲਕਿ ਇਸ ਦੇ ਬਹੁਤ ਡੀਪ ਰੂਟਿਡ ਕਾਜ਼ਿਜ਼ ਹਨ। ਜਿਹੜਾ ਸਾਡਾ ਫਾਰਮਰ ਹੈ, ਇਹ ਹਰ ਚੀਜ਼ ਰਿਟੇਲ ਵਿੱਚ buy ਕਰਦਾ ਹੈ।

ਭਾਵੇਂ ਉਹ ਬੀਜ ਹੋਵੇ, ਪੈਸਟੀਸਾਈਡਜ਼ ਹੋਵੇ, ਇਨਸੈਕਟੀਸਾਈਡ ਹੋਵੇ, ਜਾਂ ਹੋਰ ਕੁਝ ਹੋਵੇ ਪਰ ਜਦੋਂ ਵੀ ਉਸ ਨੇ ਵੇਚਣ ਜਾਣਾ ਹੈ ਤਾਂ ਉਹ ਹੋਲ ਸੇਲ ਪ੍ਰਾਈਸ ਵਿੱਚ ਵੇਚਦਾ ਹੈ। ਮੈਂ ਐਫ.ਐਮ. ਸਾਹਿਬ ਨੂੰ ਇਹੀ ਗੁਜ਼ਾਰਿਸ਼ ਕਰਾਂਗਾ, ਰੂਰਲ ਡਿਵੈਲਪਮੈਂਟ ਮਨਿਸਟਰ ਸਾਹਿਬ ਨੂੰ ਗੁਜ਼ਾਰਿਸ਼ ਕਰਾਂਗਾ, ਲੋਕਲ ਬਾਡੀਜ਼ ਮਨਿਸਟਰ ਸਾਹਿਬ ਨੂੰ ਗੁਜ਼ਾਰਿਸ਼ ਕਰਾਂਗਾ ਕਿ ਜਦੋਂ ਕਾਂਗਰਸ ਦੀ ਪਿਛਲੀ ਸਰਕਾਰ ਸੀ ਤਾਂ ਉਨ੍ਹਾਂ ਨੇ ਸ਼ਹਿਰਾਂ ਵਿੱਚ ਫਾਰਮਰ ਮਾਰਕਿਟਸ ਸ਼ੁਰੂ ਕੀਤੀਆਂ ਸੀ ਪਰ ਉਸ ਦੀ ਇੰਪਲੀਮੈਂਟੇਸ਼ਨਜ਼ ਵਿੱਚ ਬੜੀ ਕੁਤਾਹੀ ਹੋਈ ਹੈ। ਅਗਰ ਫਾਰਮਰ ਆਪਣਾ ਪ੍ਰੋਡਿਊਸ ਡਾਇਰੈਕਟਲੀ ਵੇਚ ਸਕੇ ਤਾਂ ਇਸ ਕ੍ਰਾਈਸਿਸ ਨੂੰ ਆਪਾਂ ਰੋਕ ਸਕਦੇ ਹਾਂ। ਮੈਂ ਐਫ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਆਊਟ ਲੇਅ ਵਿੱਚ 65 ਪ੍ਰਤੀਸ਼ਤ ਇਨਕਰੀਜ਼ ਦਿੱਤੀ ਹੈ। ਇਹ 6383 ਕਰੋੜ ਰੁਪਏ ਤੋਂ ਵਧਾ ਕੇ 10580 ਕਰੋੜ ਰੁਪਿਆ ਐਗਰੀਕਲਚਰ ਡਿਪਾਰਟਮੈਂਟ ਵਾਸਤੇ ਕੀਤਾ ਹੈ। ਮੈਂ ਜਲੰਧਰ ਵੱਲੋਂ ਸਭ ਤੋਂ ਵੱਧ ਧੰਨਵਾਦੀ ਐਫ.ਐਮ. ਸਾਹਿਬ ਦਾ ਹਾਂ ਕਿ ਜਿਨ੍ਹਾਂ ਨੇ ਤਿੰਨ ਮਿਲਕ ਪਲਾਂਟਾਂ ਵਾਸਤੇ 110 ਕਰੋੜ ਰੁਪਏ ਦਾ ਆਊਟ ਲੇਅ ਇਨਕਰੀਜ਼ ਕੀਤਾ ਹੈ ਲੇਕਿਨ ਮੈਂ ਇੱਕ ਬੇਨਤੀ ਐਫ.ਐਮ.ਸਾਹਿਬ ਨੂੰ ਕਰਾਂਗਾ ਕਿ ਜਿਹੜੀ ਅਸੀਂ ਹੁਣ ਇੱਕ ਮਿਲਕ ਕ੍ਰਾਂਤੀ ਲਿਆਉਣਾ ਚਾਹੁੰਦੇ ਹਾਂ, ਉਸ ਵਾਸਤੇ ਇੱਕ ਬੋਰਡ ਜਾਂ ਕਮਿਸ਼ਨ ਗਠਿਤ ਕੀਤਾ ਜਾਵੇ ਜਿਸ ਤਹਿਤ ਮਿਲਕ ਦੀਆਂ ਪ੍ਰਾਈਸਿਜ਼ ਪੈਨ ਪੰਜਾਬ ਵਿੱਚ ਇਕੋ ਜਿਹੀਆਂ ਮਿਲਣ। ਮੈਂ ਐਫ.ਐਮ. ਸਾਹਿਬ ਦਾ ਫਿਰ ਤੋਂ ਧੰਨਵਾਦ ਕਰਾਂਗਾ ਕਿ ਜਿਹੜੀ ਕੰਪਨਸੇਸ਼ਨ ਅਮਾਊਂਟ ਹੈ, ਇਨ੍ਹਾਂ ਨੇ ਇਹ 8,000/- ਰੁਪਏ ਤੋਂ ਵਧਾ ਕੇ 12,000/-ਰੁਪਏ ਕੀਤੀ ਹੈ। ਲੇਕਿਨ ਅੱਜ ਇੱਕ ਬੜੀ ਨਮੋਸ਼ੀ ਵਾਲੀ ਗੱਲ ਵੀ ਹੈ । ਉਸ ਤੋਂ ਪਹਿਲਾਂ ਮੈਂ ਵਧਾਈ ਦੇਣੀ ਚਾਹੁੰਦਾ ਹਾਂ, ਮਾਨਯੋਗ ਮੈਂਬਰ ਨਾਗਰਾ ਸਾਹਿਬ ਨੇ ਵੀ ਦਿੱਤੀ ਹੈ ਕਿ ਸਰਕਾਰ ਨੇ ਯੂਨੀਵਰਸਿਟੀ ਲਈ ਲਗਭਗ 60 ਕਰੋੜ ਰੁਪਿਆ ਵਧਾ ਦਿੱਤਾ ਹੈ ਪਰ ਜਿਹੜਾ ਐਗਰੇਰੀਅਨ ਕ੍ਰਾਈਸਿਸ ਅੱਜ ਪੰਜਾਬ ਸਹਿ ਰਿਹਾ ਹੈ, ਇਸ ਦਾ ਇੱਕ ਬਹੁਤ ਵੱਡਾ ਕਾਰਨ ਹੈ ਕਿ ਜਿਹੜੀ ਸਾਡੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਹੈ, ਉਸ ਵਿੱਚ ਰਿਸਰਚ ਬਹੁਤ ਘੱਟ ਗਈ ਹੈ। ਮੈਂ ਐਫ.ਐਮ. ਸਾਹਿਬ ਤੇ ਸੀ.ਐਮ.ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦਾ ਜਿਹੜਾ ਬਜਟ ਹੈ ਔਰ ਜਿਹੜਾ ਸਪੈਸ਼ਲੀ ਰਿਸਰਚ ਵਾਸਤੇ ਹੈ, ਉਸ ਵਿੱਚ ਵਾਧਾ ਕੀਤਾ ਜਾਵੇ। ਮੈਂ ਇੱਕ ਐਗਜ਼ਾਂਪਲ ਦੇਣਾ ਚਾਹੁੰਦਾ ਹਾਂ । ਵਰਲਡ ਦੀ ਸਭ ਤੋਂ ਵੱਡੀ ਇੱਕ ਕੰਪਨੀ ਹੈ ਜਿਹੜੀ ਬੀ.ਟੀ.ਕਾਟਨ ਦਾ ਬੀਜ ਤਿਆਰ ਕਰਦੀ ਹੈ, ਉਹ ਹੈ ਮਨਸੌਂਟਾ। ਇਹ ਕੰਪਨੀ ਹਿੰਦੁਸਤਾਨ ਵਿੱਚ ਜਿਹੜਾ ਬੀਜ ਹੈ, ਇਹ ਕੰਪਨੀ 95 ਪ੍ਰਤੀਸ਼ਤ ਪ੍ਰੋਵਾਈਡ ਕਰਦੀ ਹੈ ਪਰ ਮੈਂ ਤਾਂ ਇਹ ਬੜੀ ਨਮੋਸ਼ੀ ਨਾਲ ਕਹਾਂਗਾ ਕਿ ਉਨ੍ਹਾਂ ਨੇ ਹਿੰਦੁਸਤਾਨ ਦੀ ਗੌਰਮਿੰਟ ਨੂੰ ਇੱਕ ਧਮਕੀ ਦਿੱਤੀ ਹੈ ਕਿ ਅਗਰ ਉਨ੍ਹਾਂ ਦੇ ਜਿਹੜੇ ਰਾਈਟਸ ਹਨ, ਟੈਰਿਫ ਫੀਸ ਹਨ ਅਗਰ ਉਹ ਘਟਾਈਆਂ ਜਾਣਗੀਆਂ ਤਾਂ ਹਿੰਦੁਸਤਾਨ ਵਿੱਚ ਉਹ ਬੀ.ਟੀ.ਕਰਾਪ ਦੇਣਾ ਬੰਦ ਕਰ ਦੇਵੇਗੀ। ਮਾਲਵੇ ਤੋਂ ਮੇਰੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਉਂਦੇ ਹਨ । ਜਿਹੜਾ ਮਾਲਵਾ ਬੈਲਟ ਹੈ, ਉਹ ਕਾਟਨ ਦੀ ਹਾਰਟ ਲਾਈਨ ਹੈ ਤੇ ਪਿਛਲੇ ਦੋ ਸਾਲਾਂ ਵਿੱਚ ਜਿਹੜੀ ਵਾਈਟ ਫਲਾਈ ਨੇ ਬਿਲਕੁਲ ਬਰਬਾਦੀ ਕਰ ਦਿੱਤੀ ਸੀ। ਮੈਂ ਬੇਨਤੀ ਕਰਾਂਗਾ ਕਿ ਵੈਸੇ ਤਾਂ ਸੀ.ਐਮ.ਸਾਹਿਬ ਨੂੰ ਕਿ ਉਸ ਦੇ ਮੱਦੇਨਜ਼ਰ ਜਿਹੜੀਆਂ ਕਰਾਸਿਜ਼ ਆਈਆਂ ਹਨ ਔਰ ਸਭ ਤੋਂ ਵੱਧ ਮਾਲਵੇ ਵਿੱਚ ਸੁਸਾਇਡਜ਼ ਹੋਈਆਂ

[ਸ਼੍ਰੀ ਅਵਤਾਰ ਸਿੰਘ ਜੂਨੀਅਰ]
ਹਨ, ਉਸ ਬਾਰੇ ਹਾਲੇ ਤੱਕ ਕੋਈ ਵੀ ਇਨਕੁਆਰੀ ਨਹੀਂ ਹੋਈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਬਾਰੇ ਜ਼ਰੂਰ ਇਨਕੁਆਰੀ ਕੀਤੀ ਜਾਵੇ...

Mr. Speaker : Thank you, Thank you.

ਸ਼੍ਰੀ ਅਵਤਾਰ ਸਿੰਘ ਜੂਨੀਅਰ : ਸਰ, ਹਾਲੇ ਤਾਂ ਸ਼ੁਰੂ ਹੋਇਆ ਹੈ।ਸਰ, ਦੋ ਮਿੰਟ ਤਾਂ ਦਿਉ।

ਮਾਨਯੋਗ ਸਪੀਕਰ : ਕਾਫੀ ਮੈਂਬਰ ਸਾਹਿਬਾਨ ਨੇ ਬੋਲਣਾ ਹੈ । ਚਲੋ ਵਾਈਂਡ ਅੱਪ ਕਰੋ।

ਸ੍ਰੀ ਅਵਤਾਰ ਸਿੰਘ ਜੂਨੀਅਰ : ਸਰ, ਇੱਕ ਜਲੰਧਰ ਅਤੇ ਦੂਜਾ ਐਜੂਕੇਸ਼ਨ ਦੇ ਬੋਲਣ ਲਈ ਦੋ ਮਿੰਟ ਦੇ ਦਿਉ।

ਮਾਨਯੋਗ ਸਪੀਕਰ : ਚਲੋ, ਜਲੰਧਰ ਦੀ ਗੱਲ ਕਰ ਲਵੋ।

ਸ਼੍ਰੀ ਅਵਤਾਰ ਸਿੰਘ ਜੂਨੀਅਰ : ਸਰ, ਸਿਰਫ ਦੋ ਮਿੰਟ। ਮੈਂ ਧੰਨਵਾਦ ਕਰਦਾ ਹਾਂ। ਮੈਂ ਐਜੂਕੇਸ਼ਨ ਦੀ ਗੱਲ ਕਰਦਾ ਹਾਂ । ਐਜੂਕੇਸ਼ਨ ਵਿੱਚ ਗਰੀਨ ਬੋਰਡਜ਼ ਉਤੇ, ਫਰਨੀਚਰ ਉਤੇ ਸਪੈਸ਼ਲੀ ਗਰਲਜ਼ ਦੇ ਮੁਤਲਕ ਜਿਹੜੀ ਐਫ.ਐਮ.ਸਾਹਿਬ ਨੇ ਅਸਿਸਟੈਂਸ ਦਿੱਤੀ ਹੈ, ਉਸ ਵਾਸਤੇ ਮੈਂ ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦੀ ਹਾਂ। ਮੈਂ ਇਹ ਬੇਨਤੀ ਕਰਾਂਗਾ ਕਿ ਸਰ, ਇਹ ਬਹੁਤ ਅਹਿਮ ਮੁੱਦਾ ਹੈ । ਇਸ ਬਾਰੇ ਮੈਂ ਦੋ ਮਿੰਟ ਜ਼ਰੂਰ ਲਵਾਂਗਾ। ਮਾਨਯੋਗ ਮੈਂਬਰ ਸਾਹਿਬਾਨ, ਆਪੋਜ਼ੀਸ਼ਨ ਵਾਲਿਆਂ ਨੇ ਵੀ ਇਹ ਮੁੱਦਾ ਚੁੱਕਿਆ ਸੀ ਕਿ ਅੱਜ ਹਰ ਪਰਿਵਾਰ, ਭਾਵੇਂ ਉਹ ਐਗਰੇਰੀਅਨ ਪਰਿਵਾਰ ਨਾਲ ਬਿਲੌਂਗ ਕਰਦਾ ਹੈ, ਭਾਵੇਂ ਸ਼ਹਿਰੀ ਪਰਿਵਾਰ ਨਾਲ ਬਿਲੌਂਗ ਕਰਦਾ ਹੈ ਪਰ ਜਿਹੜਾ ਪ੍ਰਾਈਵੇਟ ਸਕੂਲਜ਼ ਨੇ ਇੱਕ **** ਰਾਜ ਪੈਦਾ ਕੀਤਾ ਹੋਇਆ ਹੈ, ਮੈਂ ਐਮ.ਐਫ.ਸਾਹਿਬ ਨੂੰ ਬੇਨਤੀ ਕਰਾਂਗਾ ਕਿ ਲੋਕਲ ਬਾਡੀਜ਼ ਦੇ ਤਹਿਤ ਟੈਕਸ, ਪ੍ਰਾਪਰਟੀ ਟੈਕਸ ਪ੍ਰਾਈਵੇਟ ਸਕੂਲਾਂ ਤੇ ਲਗਾ ਸਕਣ ਤਾਂ ਉਨ੍ਹਾਂ ਦਾ ਇੱਕ ਡੈਡੀਕੇਟਿਡ ਫੰਡ ਬਣਾਇਆ ਜਾਵੇ ਜਿਹੜਾ upliftment of Government Schools ਤੇ ਵਰਤਿਆ ਜਾ ਸਕੇ ਪਰ ਉਸ ਵਿਚ ਇਹ ਜ਼ਰੂਰ ਹੋਵੇ ਕਿ ਸੈਲਰੀ ਪੇਮੈਂਟ ਨਾ ਹੋਵੇ just for upliftment and development of Government schools ਹੋਵੇ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜੋ ਵੀ ਉਨ੍ਹਾਂ ਦੀ ਫੀਸ ਹੋਵੇ, ਉਸ ਦੇ ਪੰਜ ਪਰਸੈਂਟ ਟੈਕਸ ਦਾ ਇਹ ਫੰਡ ਬਣੇ ਤੇ ਉਹ ਫੰਡ ਸਰਕਾਰੀ ਸਕੂਲਾਂ ਦੀ ਡਿਵੈਲਪਮੈਂਟ ਤੇ ਲੱਗੇ ਤਾਂ ਕਿ ਸਾਡੇ ਸਰਕਾਰੀ ਸਕੂਲ ਬਿਹਤਰ ਹੋ ਸਕਣ । ਇੱਕ ਮੈਂ ਸਪੈਸ਼ਲੀ ਧੰਨਵਾਦ ਕਰਨਾ ਚਾਹਾਂਗਾ ਜਿਨ੍ਹਾਂ ਨੇ 10 ਕਰੋੜ ਰੁਪਿਆ ਸੈਨਿਕ ਸਕੂਲ, ਕਪੂਰਥਲਾ ਨੂੰ ਦਿੱਤਾ ਹੈ ਤਾਂ ਕਿ ਇੱਥੋਂ ਪੜ੍ਹ ਕੇ ਨੌਜਵਾਨ ਨੈਸ਼ਨਲ ਡਿਫੈਂਸ ਅਕੈਡਮੀ ਜਾਂ ਇੰਡੀਅਨ ਮਿਲਟਰੀ ਵਿੱਚ ਜਾ ਸਕਣ । ਇਸ ਲਈ ਮੈਂ ਇਨ੍ਹਾਂ ਦਾ ਬਹੁਤ ਧੰਨਵਾਦੀ ਹਾਂ..

**** Expunged as ordered by the Chair.

Mr. Speaker : Thank you.

ਸ਼੍ਰੀ ਅਵਤਾਰ ਸਿੰਘ ਜੂਨੀਅਰ : ਸਰ, ਸਰ, ਸ਼ਹਿਰ ਬਾਰੇ ਤਾਂ ਹਾਲੇ ਗੱਲ ਹੀ ਨਹੀਂ ਕੀਤੀ ਹੈ।

ਮਾਨਯੋਗ ਸਪੀਕਰ : ਕਰ ਲੈਣੀ ਸੀ।

ਸ਼੍ਰੀ ਅਵਤਾਰ ਸਿੰਘ ਜੂਨੀਅਰ : ਸਰ, ਦੋ ਮਿੰਟ ਜੀ। ਮੈਂ ਸੀ.ਐਮ.ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ..

ਮਾਨਯੋਗ ਸਪੀਕਰ : ਧੰਨਵਾਦ ਕਰ ਦਿਉ।

ਸ਼੍ਰੀ ਅਵਤਾਰ ਸਿੰਘ ਜੂਨੀਅਰ : ਸਰ, ਦੋ ਮਿੰਟ । ਸਪੀਕਰ ਸਾਹਿਬ, ਮੈਨੂੰ ਅੱਜ ਪਹਿਲੀ ਵਾਰੀ ਬੋਲਣ ਦਾ ਮੌਕਾ ਮਿਲਿਆ ਹੈ। ਪਤਾ ਨਹੀਂ ਫਿਰ ਕਦੋਂ ਮਿਲੇਗਾ। ਸਰ, ਮਾਫੀ। ਸਰ, ਦੋ ਮਿੰਟ ਤੋਂ ਵੱਧ ਨਹੀਂ ਲਵਾਂਗਾ । ਮੈਂ ਸੀ.ਐਮ. ਸਾਹਿਬ ਦਾ ਸਭ ਤੋਂ ਵੱਧ ਸ਼ਹਿਰਾਂ ਵਾਸਤੇ ਧੰਨਵਾਦੀ ਹਾਂ, ਜਿੱਥੇ ਇਨ੍ਹਾਂ ਨੇ ਫੋਕਲ ਪੁਆਇੰਟ ਦਿੱਤਾ ਹੈ। ਸੀ.ਐਮ. ਸਾਹਿਬ ਨੇ ਅਦਾਇਗੀ ਵੀ ਕਰ ਦਿੱਤੀ ਹੈ ਅਤੇ ਕਹਿ ਵੀ ਦਿੱਤਾ ਹੈ ਕਿ ਜਲੰਧਰ ਵਿੱਚ ਫੋਕਲ ਪੁਆਇੰਟ ਕੱਟਿਆ ਜਾਵੇ। ਇਨ੍ਹਾਂ ਨੇ ਸਪੈਸ਼ਲੀ ਇੰਡਸਟਰੀਅਲ ਫੋਕਲ ਪੁਆਇੰਟ ਦਿੱਤਾ ਹੈ ਤੇ ਇਸ ਵਾਸਤੇ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ । ਨਾਗਰਾ ਸਾਹਿਬ ਨੇ ਕਿਹਾ ਹੈ ਕਿ 35,000 ਤੋਂ ਵੱਧ ਯੂਨਿਟਸ ਪਲਾਇਨ ਕਰ ਗਏ ਹਨ ਪਰ ਜਿਹੜਾ 5/- ਰੁਪਏ ਬੈਨੀਫਿਟ ਇੰਡਸਟਰੀਅਲ ਅਤੇ ਡੋਮੈਸਟਿਕ ਯੂਜ਼ਰਜ਼ ਨੂੰ ਬਿਜਲੀ ਵਾਸਤੇ ਦਿੱਤਾ ਗਿਆ ਹੈ, ਮੈਂ ਉਸ ਵਾਸਤੇ ਸੀ.ਐਮ. ਸਾਹਿਬ ਦਾ ਸਭ ਤੋਂ ਵੱਧ ਧੰਨਵਾਦੀ ਹਾਂ। ਮੈਂ ਪਿੰਡ ਬਿਲਗੇ ਨੂੰ ਬਿਲਾਂਗ ਕਰਦਾ ਹਾਂ, ਜਿਥੇ ਪੰਜਾਬ ਵਿੱਚ ਸਭ ਤੋਂ ਵੱਧ ਫਰੀਡਮ ਫਾਈਟਰਜ਼ ਹਨ। ਮੈਂ ਧੰਨਵਾਦੀ ਹਾਂ ਐਫ.ਐਮ. ਸਾਹਿਬ ਦਾ ਕਿ ਜਿਨ੍ਹਾਂ ਨੇ ਫਰੀਡਮ ਫਾਈਟਰਜ਼ ਫੈਮਿਲੀ ਨੂੰ 300 ਯੂਨਿਟ ਫਰੀ ਦਿੱਤੀ ਹੈ। ਮੈਂ ਮੰਤਰੀ ਸਾਹਿਬ ਚੰਨੀ ਜੀ ਨੂੰ ਬੇਨਤੀ ਕਰਾਂਗਾ ਕਿ ਸਾਡੇ ਪਿੰਡ ਨੂੰ ਮਾਣ ਦਿੰਦੇ ਹੋਏ ਅਗਰ ਉਥੇ ਆਈ.ਟੀ.ਆਈ. ਖੋਲ੍ਹੀ ਜਾਵੇ ਤਾਂ ਅਸੀਂ ਬਹੁਤ ਰਿਣੀ ਹੋਵਾਂਗੇ। ਜਿਵੇਂ ਮੇਰੇ ਛੋਟੇ ਮੁਅੱਜ਼ਜ ਮੈਂਬਰ ਨੇ ਦੱਸਿਆ ਹੈ ਕਿ ਜਿਹੜਾ ਦੁਆਬਾ ਰਿਜ਼ਨ ਹੈ, ਉਹ ਐਨ.ਆਰ.ਆਈਜ਼ ਦਾ ਹੱਬ ਹੈ । ਜੇਕਰ ਉਥੇ ਜਲੰਧਰ ਵਿੱਚ ਇਕ ਕਾਲਜ ਦਿੱਤਾ ਜਾਵੇ ਅਤੇ ਉਹ ਐਨ.ਆਰ.ਆਈਜ਼ ਨੂੰ ਹੈਂਡ ਓਵਰ ਕੀਤਾ ਜਾਵੇ ਤਾਂ ਕਿ ਉਹ ਇਸ ਨੂੰ ਚਲਾਉਣ ਤਾਂ ਇਹ ਜਲੰਧਰ ਲਈ ਇੱਕ ਬਹੁਤ ਵਧੀਆ ਤੋਹਫਾ ਹੋਵੇਗਾ ।

ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਫਾਰੈਸਟ ਵਾਸਤੇ ਤਵੱਜੋ ਥੋੜ੍ਹਾ ਘੱਟ ਦਿੱਤਾ ਗਿਆ ਹੈ। ਅੱਜ ਸੜਕਾਂ ਦੀ ਫੋਰ ਲੇਨਿੰਗ ਹੋ ਰਹੀ ਹੈ ਜਿਸ ਨਾਲ trees uproot ਹੋ ਰਹੇ ਹਨ। ਅਗਰ ਉਸ ਵਾਸਤੇ ਬਜਟ ਵਿੱਚ ਇਕ ਡੈਡੀਕੇਟਿਡ ਫੰਡ ਬਣਾਇਆ ਜਾਵੇ ਕਿ before uprooting of trees by any department ਅਗਰ ਇਕ ਸਾਲ ਪਹਿਲਾਂ ਉਥੇ tree plantations ਕੀਤੀ ਜਾਵੇ, ਮੈਂ ਬੇਨਤੀ ਕਰਾਂਗਾ ਕਿ ਇਸ ਵਾਸਤੇ ਡੈਡੀਕੇਟਿਡ ਫੰਡ ਬਣਾਇਆ ਜਾਵੇ। ਮੈਂ ਸਾਰੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ

[ਸ਼੍ਰੀ ਅਵਤਾਰ ਸਿੰਘ ਜੂਨੀਅਰ]
ਅਤੇ ਐਫ.ਐਮ. ਸਾਹਿਬ ਨੂੰ ਇਸ ਬਜਟ ਵਾਸਤੇ ਬਹੁਤ ਵਧਾਈ ਦਿੰਦਾ ਹਾਂ ਕਿ ਇਸ ਮੁਸ਼ਕਲਾਤ ਦੇ ਟਾਈਮ ਵਿੱਚ ਵੀ ਉਨ੍ਹਾਂ ਨੇ ਇੰਨੀ ਪਾਰਦਰਸ਼ਤਾ ਨਾਲ ਅਤੇ ਇੰਨਾ ਵਧੀਆ ਬਜਟ ਦਿੱਤਾ ਹੈ। ਜੈ ਹਿੰਦ। ਜੈ ਭਾਰਤ। (ਥੰਪਿੰਗ)

ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) (ਗਿੱਲ, ਐਸ.ਸੀ.) : ਆਨਰੇਬਲ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਮਾਨਯੋਗ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਅਤੇ ਐਫ.ਐਮ. ਸਰਦਾਰ ਮਨਪ੍ਰੀਤ ਸਿੰਘ ਬਾਦਲ ਦਾ ਬਹੁਤ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਲੁਧਿਆਣਾ ਨੂੰ ਹਾਰਟੀਕਲਚਰ ਯੂਨੀਵਰਸਿਟੀ ਦਿੱਤੀ ਹੈ। ਇਕ ਐਗਜ਼ੀਬੀਸ਼ਨ ਸੈਂਟਰ ਜਿਹੜੀ ਕਿ ਲੁਧਿਆਣਾ ਦੇ ਇੰਡਸਟ੍ਰੀਲਿਸਟਸ ਦੀ ਬਹੁਤ ਲੰਬੇ ਸਮੇਂ ਤੋਂ ਡਿਮਾਂਡ ਸੀ, ਉਹ ਮੰਗ ਵੀ ਪੂਰੀ ਕੀਤੀ ਗਈ ਹੈ। ਇਕ ਟੈਕਨਾਲੋਜੀ ਬਿਜ਼ਨਸ ਇਨਕਿਊਬੇਟਰ ਲੁਧਿਆਣੇ ਨੂੰ ਦਿੱਤਾ ਹੈ। ਸਾਰਾ ਲੁਧਿਆਣਾ ਤੁਹਾਡਾ ਧੰਨਵਾਦੀ ਹੈ। ਇਕ ਹੋਰ ਬੜੀ ਰਿਮਾਰਕੇਬਲ ਗੱਲ ਕੀਤੀ ਗਈ ਹੈ, 5/- ਰੁਪਏ ਬਿਜਲੀ ਕੀਤੀ ਗਈ ਹੈ ਕਿਉਂਕਿ ਲੁਧਿਆਣਾ ਇਕ ਇੰਡਸਟਰੀਅਲ ਹੱਬ ਹੈ। ਇਸ ਦੇ ਨਾਲ ਹੀ ਖੰਨਾ, ਗੋਬਿੰਦਗੜ੍ਹ ਵੀ ਇੰਡਸਟਰੀਅਲ ਹੱਬ ਹਨ, ਉਨ੍ਹਾਂ ਨੂੰ ਵੀ ਇਸ ਨਾਲ ਫਾਇਦਾ ਹੋਇਆ ਹੈ, ਇਹ ਬੜੀ ਮਾਅਰਕੇ ਵਾਲੀ ਗੱਲ ਹੈ। ਮੈਂ ਇਸ ਵਾਸਤੇ ਕੈਪਟਨ ਅਮਰਿੰਦਰ ਸਿੰਘ ਜੀ ਅਤੇ ਐਫ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ। ਇਕ ਹੋਰ ਪੰਜਾਬ ਦੀ ਤਰੱਕੀ ਵੱਲ ਜਿਹੜਾ ਪੁਲਾਂਘਾਂ ਪੁੱਟਦਾ ਹੋਇਆ ਕਦਮ ਚੁੱਕਿਆ ਹੈ, ਉਹ ਹੈ ਰੀਅਲ ਅਸਟੇਟ। ਮੈਂ ਇਸ ਵਾਸਤੇ ਐਫ.ਐਮ. ਸਾਹਿਬ ਦਾ ਧੰਨਵਾਦੀ ਹਾਂ। ਸਪੀਕਰ ਸਾਹਿਬ, ਸਟੈਂਪ ਡਿਊਟੀ 9% ਤੋਂ ਘਟਾ ਕੇ 6% ਕੀਤੀ ਗਈ ਹੈ, ਇਸ ਵਾਸਤੇ ਮੈਂ ਸਾਰੇ ਹਾਊਸ ਨੂੰ ਅਤੇ ਸਾਰੇ ਪੰਜਾਬ ਦੇ ਵਾਸੀਆਂ ਨੂੰ ਮੁਬਾਰਕਬਾਦ ਦਿੰਦਾ ਹਾਂ। ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ 9% ਤੋਂ 6% ਹੋਣ ਨਾਲ ਜਿਹੜਾ ਰੀਅਲ ਅਸਟੇਟ ਦਾ ਬਿਜ਼ਨਸ ਹੈ, ਉਸ ਵਿੱਚ ਕਾਫੀ ਪ੍ਰਫੁੱਲਤਾ ਆਵੇਗੀ। ਪਹਿਲਾਂ ਲੋਕਾਂ ਨੂੰ ਜਿਹੜਾ ਵੱਧ ਪੈਸਾ ਦੇ ਕੇ ਰਜਿਸਟਰੀਆਂ ਕਰਵਾਉਣੀਆਂ ਪੈਂਦੀਆਂ ਸਨ, ਉਸ ਵਿੱਚ ਲੋਕਾਂ ਨੂੰ ਬੜੀ ਰਾਹਤ ਮਿਲੀ ਹੈ।

ਸਪੀਕਰ ਸਾਹਿਬ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ, ਅੱਜ ਬੇਸ਼ੱਕ ਸਾਡੇ ਆਪੋਜ਼ੀਸ਼ਨ ਵਾਲੇ ਆਪਣੇ ਬੈਂਚਾਂ ਤੇ ਨਹੀਂ ਬੈਠੇ ਹਨ। ਇਹ ਕਈ ਵਾਰੀ ਗਵਰਨੈਂਸ ਦੀ ਗੱਲ ਕਰਦੇ ਹਨ। ਮੈਂ ਪਿਛਲੇ ਕਾਫੀ ਲੰਬੇ ਸਮੇਂ ਤੋਂ ਇਨ੍ਹਾਂ ਦੇ ਰੂਲ ਵਿੱਚ ਚਾਹੇ ਬਤੌਰ ਏ.ਡੀ.ਸੀ. ਦੇ ਅਹੁਦੇ ਤੇ ਸੀ ਜਾਂ ਡੀ.ਸੀ. ਦੇ ਅਹੁਦੇ ਤੇ ਸੀ ਪਰ ਮੈਂ ਦੇਖਦਾ ਰਿਹਾ ਹਾਂ ਕਿ ਇਨ੍ਹਾਂ ਨੇ ਡੀ.ਸੀ. ਅਤੇ ਐਸ.ਐਸ.ਪੀ. ਦੇ ਅਹੁਦੇ ਨੂੰ ਬਿਲਕੁਲ ਮਿੱਟੀ ਵਿੱਚ ਮਿਲਾ ਕੇ ਰੱਖ ਦਿੱਤਾ ਸੀ। ਮੈਂ ਇੱਥੇ ਸਦਨ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਮੇਂ ਵਿੱਚ ਡੀ.ਸੀ. ਅਤੇ ਐਸ.ਐਸ.ਪੀ. ਕੋਲ ਕੋਈ ਖਾਸ ਪਾਵਰਾਂ ਨਹੀਂ ਸਨ। ਨਾ ਐਸ.ਐਸ.ਪੀ. ਕੋਈ ਐਸ.ਐਚ.ਓ. ਬਦਲ ਸਕਦਾ ਸੀ, ਨਾ ਡੀ.ਸੀ. ਕੋਈ ਪਟਵਾਰੀ, ਕਾਨੂੰਗੋ ਬਦਲ ਸਕਦਾ ਸੀ। ਇਨ੍ਹਾਂ ਨੇ ਇਲਾਕੇ ਦੇ ਹਾਰੇ ਹੋਏ ਐਮ.ਐਲ.ਏ. ਨੂੰ ਇਲਾਕਾ ਇੰਚਾਰਜ ਬਣਾ ਦਿੱਤਾ, ਹਲਕਾ ਇੰਚਾਰਜਾਂ ਦਾ ਕੰਮ ਇਨ੍ਹਾਂ ਨੇ ਪੂਰੀ ਤਰ੍ਹਾਂ ਲਾਗੂ ਕੀਤਾ ਅਤੇ ਜਿਹੜੀ ਗਵਰਨੈਂਸ ਦੀ ਇਹ ਗੱਲ ਕਰਦੇ ਹਨ, ਉਹ ਬਿਲਕੁਲ ਜ਼ੀਰੋ ਸੀ। ਮੈਨੂੰ ਅਫਸੋਸ ਹੁੰਦਾ ਹੈ, ਇਸ ਹਾਊਸ ਵਿੱਚ ਚਿੱਟੇ ਦੀ ਗੱਲ

ਚੱਲੀ। ਪਿਛਲੇ 10 ਸਾਲਾਂ ਵਿੱਚ ਕਿੰਨਾ ਚਿੱਟਾ ਵਿਕਿਆ। ਟਰਾਂਸਪੋਰਟੇਸ਼ਨ ਦੀ ਗੱਲ ਚੱਲੀ, ਹਰ ਵਰਗ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਫੇਲ੍ਹ ਸੀ। ਪਾਣੀਆਂ ਦੀ ਗੱਲ ਚਲਦੀ ਹੈ, ਇਹ ਆਪਣੇ ਆਪ ਨੂੰ ਕਹਿੰਦੇ ਹਨ ਕਿ ਅਸੀਂ ਪਾਣੀਆਂ ਦੇ ਰਖਵਾਲੇ ਹਾਂ। ਚਾਹੇ ਅੱਜ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਇੱਥੇ ਬੈਠੇ ਨਹੀਂ ਪਰ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਸੀ ਕਿ ਇਨ੍ਹਾਂ ਦਾ ਜਿਹੜਾ ਦਿੱਲੀ ਵਿੱਚ ਲੀਡਰ ਬੈਠਾ ਹੈ, ਉਸ ਨੇ ਅੱਜ ਤੱਕ ਪੰਜਾਬ ਦੇ ਪਾਣੀਆਂ ਬਾਰੇ ਕੋਈ ਹਾਅ ਦਾ ਨਾਅਰਾ ਨਹੀਂ ਮਾਰਿਆ। ਮੈਂ ਹਾਊਸ ਨੂੰ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਸੈਂਟਰਲ ਗਰਾਊਂਡ ਵਾਟਰ ਰਿਸੋਰਸਿਜ਼ ਡਿਪਾਰਟਮੈਂਟ ਹੈ, ਉਸ ਤੇ ਨਾਸਾ ਦੀ ਇੱਕ ਸਟੱਡੀ ਹੈ । ਪੰਜਾਬ ਦੀ ਜ਼ਮੀਨ ਦੇ ਥੱਲੇ ਪਾਣੀਆਂ ਦੇ 195 ਰਿਸੋਰਸਿਜ਼ ਹਨ, ਜਿਨ੍ਹਾਂ ਵਿਚੋਂ 99 ਰਿਸੋਰਸਿਜ਼ ਬਿਲਕੁਲ ਖਤਮ ਹੋ ਚੁੱਕੇ ਹਨ। ਆਨਰੇਬਲ ਸਪੀਕਰ ਸਾਹਿਬ, ਇਹ ਸਟੱਡੀ ਹੈ ਕਿ ਜੇ ਪੰਜਾਬ ਦਾ ਪਾਣੀ ਹਰਿਆਣਾ ਜਾਂ ਰਾਜਸਥਾਨ ਨੂੰ ਦਿੱਤਾ ਜਾਂਦਾ ਹੈ ਤਾਂ 25 ਤੋਂ 30 ਸਾਲ ਤੱਕ ਅਗਰ ਇਹੀ ਸਿਚੂਏਸ਼ਨ ਰਹੀ ਤਾਂ ਪੰਜਾਬ ਫਿਰ ਇਕ ਵਾਰ ਰੇਗਿਸਤਾਨ ਬਣ ਜਾਵੇਗਾ। ਮੈਂ ਆਮ ਆਦਮੀ ਪਾਰਟੀ ਦੇ ਇਨ੍ਹਾਂ ਲੀਡਰਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪ੍ਰੈਸ ਕਾਨਫਰੰਸ ਵਿਚ ਆਮ ਆਦਮੀ ਪਾਰਟੀ ਦੇ ਦਿੱਲੀ ਵਾਲੇ ਵੱਡੇ ਲੀਡਰ ਨੂੰ ਪਾਣੀਆਂ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਤੇ ਦਿੱਲੀ ਦਾ ਵੀ ਹੱਕ ਹੈ ਅਤੇ ਹਰਿਆਣੇ ਦਾ ਵੀ ਹੱਕ ਹੈ। ਮੈਂ ਇਹ ਇਲੈਕਸ਼ਨਾਂ ਵਿੱਚ ਵੀ ਕਹਿੰਦਾ ਰਿਹਾ ਹਾਂ ਕਿ ਕਿਹੜੇ ਮੂੰਹ ਨਾਲ ਇਹ ਲੋਕਾਂ ਕੋਲ ਕਿਸਾਨਾਂ ਦੇ ਹਮਾਇਤੀ ਬਣਦੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਜਦੋਂ ਪਿਛਲੀ ਵਾਰੀ ਇਹ ਪਾਣੀ ਵਾਲਾ ਬਿਲ ਪਾਸ ਕੀਤਾ ਤਾਂ ਤੁਹਾਨੂੰ ਹੈਰਾਨੀ ਹੋਵੇਗੀ ਕਿ ਉਸ ਸਮੇਂ ਪੰਜਾਬ ਦੀ ਕਿਹੋ ਜਿਹੀ ਫਾਈਨਾਂਸ਼ੀਅਲ ਪੁਜੀਸ਼ਨ ਸੀ ਪਰ ਸਾਢੇ ਛੇ ਕਰੋੜ ਰੁਪਿਆ 8 ਦਸੰਬਰ ਨੂੰ ਮੋਗੇ ਵਾਲੀ ਰੈਲੀ ਨੂੰ ਸਰਕਾਰੀ ਬਣਾ ਕੇ ਪੁਲੀਟੀਕਲੀ ਤੌਰ ਤੇ ਖਰਚ ਦਿੱਤਾ। 8 ਕਰੋੜ ਰੁਪਏ ਦੀ ਬੱਸ ਲਿਆਂਦੀ ਅਤੇ ਸਾਢੇ 14 ਕਰੋੜ ਰੁਪਏ ਨਾਲ ਤਾਂ ਇਹ ਆਪਣੇ ਮੈਨੀਫੈਸਟੋ ਵਿੱਚ ਜਿਹੜੀ ਇਨ੍ਹਾਂ ਨੇ ਲੈਪਟਾਪ ਦੇਣ ਅਤੇ ਡਾਟਾ ਕਾਰਡ ਦੇਣ ਦੀ ਗੱਲ ਕੀਤੀ ਸੀ, ਉਹ ਦੇ ਦਿੰਦੇ। 10 ਲੱਖ ਲੋਕਾਂ ਨੂੰ ਜਿਹੜਾ ਨੌਕਰੀ ਦਾ ਵਾਅਦਾ ਕੀਤਾ ਸੀ, ਉਹ ਵੀ ਵਾਸ਼ ਆਊਟ ਹੋ ਗਿਆ। ਸਪੀਕਰ ਸਾਹਿਬ, ਲੈਪਟਾਪ ਤਾਂ ਕੀ ਦੇਣੇ ਸੀ, ਉਹ ਡਾਟਾ ਕਾਰਡ ਵੀ ਇਨ੍ਹਾਂ ਨੇ ਲੋਕਾਂ ਨੂੰ ਨਹੀਂ ਦਿੱਤਾ। ਇਹ ਸਾਡੇ ਮੈਨੀਫੈਸਟੋ ਤੇ ਕਿੰਤੂ ਪ੍ਰੰਤੂ ਕਰਦੇ ਹਨ ਪਰ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਕੀ ਸੋਚਦੇ ਹਨ ਜਦੋਂ ਇਹ ਇਸ ਚੀਜ਼ ਨੂੰ ਅਪਰੋਚ ਕਰਦੇ ਹਨ। ਇਨ੍ਹਾਂ ਨੂੰ ਆਪਣੇ ਗਿਰੇਵਾਨ ਵਿੱਚ ਝਾਕਣਾ ਚਾਹੀਦਾ ਹੈ ਕਿ 10 ਸਾਲ ਦੇ ਰਾਜ ਵਿੱਚ ਇਨ੍ਹਾਂ ਨੇ ਕੀ ਕੀਤਾ ਹੈ। ਸਪੀਕਰ ਸਾਹਿਬ, ਮੈਨੂੰ ਤਾਂ ਇਉਂ ਜਾਪਦਾ ਹੈ ਕਿ ਇਹ ਰੌਲਾ ਇਸ ਕਰਕੇ ਪਾਉਂਦੇ ਹਨ ਕਿ ਜਿਹੜੀਆਂ ਇਨ੍ਹਾਂ ਨੇ ਕਰਤੂਤਾਂ ਕੀਤੀਆਂ ਹਨ ਤੇ ਜੋ ਵੀ ਕੀਤਾ ਹੈ, ਉਨ੍ਹਾਂ ਦਾ ਇਕੱਲਾ ਇਕੱਲਾ ਵਰਕਾ ਅਸੀਂ ਖੋਲ੍ਹਣਾ ਹੈ, ਇਹ ਤਾਂ ਬੱਸ ਰੌਲਾ ਰੱਪਾ ਪਾ ਕੇ ਇਥੋਂ ਚਲੇ ਜਾਂਦੇ ਹਨ। ਇਨ੍ਹਾਂ ਨੇ ਸਦਨ ਦੀ ਮਰਿਆਦਾ ਕਦੇ ਵੀ ਬਰਕਰਾਰ ਨਹੀਂ ਰੱਖੀ।

ਮਾਨਯੋਗ ਸਪੀਕਰ : ਵਾਈਂਡ ਅੱਪ ਕਰੋ ਜੀ।

ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) : ਸਪੀਕਰ ਸਾਹਿਬ, ਮੈਂ ਵਾਈਂਡ ਅੱਪ ਹੀ ਕਰ ਰਿਹਾ ਹਾਂ। ਸਿਰਫ ਇੱਕ ਮਿੰਟ ਲਵਾਂਗਾ ਜੀ। 12000 ਕਰੋੜ ਰੁਪਏ ਦਾ....

ਮਾਨਯੋਗ ਸਪੀਕਰ : ਸਰਦਾਰ ਰਣਦੀਪ ਸਿੰਘ ਜੀ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ। ਸਪੀਕਰ ਸਾਹਿਬ, ਗੁਸਤਾਖੀ ਮੁਆਫ, ਮੇਰੀ ਬੇਨਤੀ ਹੈ ਕਿ ਸਾਰੇ ਮੈਂਬਰਜ਼ ਨੇ ਆਪੋਜ਼ੀਸ਼ਨ ਨੂੰ ਸੁਣਾਉਣ ਲਈ ਅਤੇ ਤੁਹਾਡੀ ਮਾਰਫਤ ਐਫ.ਐਮ. ਸਾਹਿਬ ਦੇ ਧਿਆਨ ਵਿੱਚ ਆਪਣੀ ਗੱਲ ਲਿਆਉਣ ਲਈ ਆਪਣੀ ਤਿਆਰੀ ਕੀਤੀ ਹੋਈ ਹੈ। ਮੇਰੀ ਬੇਨਤੀ ਹੈ ਕਿ ਬਹੁਤ ਸਾਰੇ ਮੈਂਬਰਜ਼ ਇਥੇ ਪਹਿਲੀ ਵਾਰ ਬੋਲ ਰਹੇ ਹਨ । ਇਸ ਲਈ ਜੇਕਰ ਸਾਰਿਆਂ ਨੂੰ ਇਕ-ਇਕ ਜਾਂ ਦੋ-ਦੋ ਮਿੰਟ ਦਾ ਸਮਾਂ ਫਾਲਤੂ ਦੇ ਦਿੱਤਾ ਜਾਵੇ ਤੇ ਇਸ ਵਾਸਤੇ ਹਾਊਸ ਦਾ ਸਮਾਂ ਥੋੜ੍ਹਾ ਐਕਸਟੈਂਡ ਵੀ ਕਰਨਾ ਪਵੇ ਤੇ ਕਰ ਲਿਆ ਜਾਵੇ । ਇਹ ਮੇਰੀ ਹੱਥ ਜੋੜ ਕੇ ਬੇਨਤੀ ਹੈ।

ਮਾਨਯੋਗ ਸਪੀਕਰ : ਹਾਂ ਜੀ, ਸਮਾਂ ਵਧਾਉਣਾ ਪਵੇਗਾ। ਸਮਾਂ ਵਧਾ ਦੇਵਾਂਗੇ। ਬੈਠੋ ਜੀ। Thank you.

ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) : ਸਪੀਕਰ ਸਾਹਿਬ, ਮੈਂ ਕੈਪਟਨ ਅਮਰਿੰਦਰ ਸਿੰਘ ਜੀ ਅਤੇ ਐਫ.ਐਮ. ਸਾਹਿਬ ਜੀ ਦਾ ਧੰਨਵਾਦੀ ਹਾਂ ਕਿ ਜਿਹੜੇ ਇਨ੍ਹਾਂ ਨੇ ਆਪਣੇ ਮੈਨੀਫੈਸਟੋ ਵਿਚ ਵਾਅਦੇ ਕੀਤੇ ਸੀ, ਉਨ੍ਹਾਂ ਨੂੰ ਪੂਰਾ ਕਰਨ ਲਈ ਯਤਨ ਸ਼ੁਰੂ ਕਰ ਦਿੱਤਾ ਹੈ। ਇਸੇ ਕਰਕੇ 10 ਕਰੋੜ ਰੁਪਏ ਦਾ ਨੌਜਵਾਨਾਂ ਵਾਸਤੇ ਮੋਬਾਈਲ ਫੋਨ ਦਾ ਉਪਬੰਧ ਕੀਤਾ ਗਿਆ ਹੈ । ਆਨਰੇਬਲ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਕਲੈਰੀਫਾਈ ਵੀ ਕਰਕੇ ਗਏ ਹਨ ਕਿ ਅਸੀਂ ਕਿਸਾਨਾਂ ਦਾ ਕਰਜ਼ਾ ਕਿਸ ਤਰ੍ਹਾਂ ਮੁਆਫ ਕੀਤਾ ਹੈ। ਮੈਂ ਐਫ.ਐਮ. ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਲੁਧਿਆਣੇ ਨੂੰ ਇੰਨੀ ਵੱਡੀ ਹਾਰਟੀਕਲਚਰ ਯੂਨੀਵਰਸਿਟੀ ਦਿੱਤੀ ਹੈ। ਲੁਧਿਆਣੇ ਵਾਸਤੇ ਐਗਜ਼ੀਬਿਸ਼ਨ ਸੈਂਟਰ ਬਣਾਇਆ ਹੈ। ਇਕ ਬਹੁਤ ਅਹਿਮ ਮੁੱਦਾ ਲੁਧਿਆਣੇ ਦਾ ਹੈ, ਉਹ ਸਾਡੇ ਬੁੱਢੇ ਨਾਲੇ ਦਾ ਹੈ। ਉਸ ਦਾ ਬਜਟ ਵਿਚ ਉਪਬੰਧ ਨਹੀਂ ਕੀਤਾ ਗਿਆ। ਇਹ ਇਕੱਲੇ ਲੁਧਿਆਣੇ ਦਾ ਮਸਲਾ ਨਹੀਂ ਹੈ। ਸਤਲੁਜ ਦਰਿਆ ਤੇ ਬਿਆਸ ਆਪਸ ਵਿਚ ਮਿਲਦੇ ਹਨ। ਬੁੱਢਾ ਨਾਲਾ ਸਤਲੁਜ ਦਰਿਆ ਵਿੱਚ ਮਿਲਦਾ ਹੈ। ਹਰੀਕੇ ਪੱਤਣ ਇਨ੍ਹਾਂ ਦਾ ਕੰਨਫਲੂਐਂਸ ਹੁੰਦਾ ਹੈ। ਉਥੋਂ ਰਾਜਸਥਾਨ ਫੀਡਰ ਤੇ ਬਠਿੰਡਾ ਫੀਡਰ ਨਹਿਰਾਂ ਨਿਕਲਦੀਆਂ ਹਨ। ਬਠਿੰਡੇ ਅਤੇ ਰਾਜਸਥਾਨ ਦੇ ਖੇਤਾਂ ਨੂੰ ਪਾਣੀ ਲੱਗਦਾ ਹੈ। ਇਹ ਬੜਾ ਅਹਿਮ ਇਸ਼ੂ ਹੈ ਕਿ ਇਹੀ ਪਾਣੀ ਬੁੱਢੇ ਨਾਲੇ ਵਾਲਾ ਲੋਕ ਪੀਂਦੇ ਵੀ ਹਨ ਜਿਸ ਕਾਰਨ ਕੈਂਸਰ ਦੇ ਪੇਸ਼ੈਂਟਸ ਮੈਕਸੀਮਮ ਇਸ ਏਰੀਏ ਦੇ ਹਨ। ਮੈਂ ਐਫ.ਐਮ. ਸਾਹਿਬ ਨੂੰ ਤੁਹਾਡੀ ਮਾਰਫਤ ਬੇਨਤੀ ਕਰਦਾ ਹਾਂ ਕਿ ਬੁੱਢੇ ਨਾਲੇ ਵਾਸਤੇ ਵੀ ਕੋਈ ਇਹੋ ਜਿਹੀ ਪ੍ਰੋਵੀਜ਼ਨ ਕੀਤੀ ਜਾਵੇ, ਇਸ ਦੀ ਸਫਾਈ ਦਾ ਪ੍ਰਬੰਧ ਕੀਤਾ ਜਾਵੇ। ਇਸ ਪਾਣੀ ਦੀ ਟਰੀਟਮੈਂਟ ਵਾਸਤੇ ਕੋਈ ਨਵੀਂ ਟੈਕਨਾਲੋਜੀ ਲਿਆਂਦੀ ਜਾਵੇ ਤੇ ਅਜਿਹਾ ਕਰਨਾ ਬਹੁਤ ਜ਼ਰੂਰੀ ਹੈ। ਮੈਂ ਇਕ ਵਾਰ ਫੇਰ ਕੈਪਟਨ ਅਮਰਿੰਦਰ ਸਿੰਘ ਜੀ ਦਾ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਬਹੁਤ ਹੀ ਵਧੀਆ ਬਜਟ ਪੇਸ਼ ਕੀਤਾ ਹੈ।

ਮਾਨਯੋਗ ਸਪੀਕਰ : ਤੁਸੀਂ ਬੈਠੋ ਜੀ। ਹਾਂ ਜੀ, ਅਜਨਾਲਾ ਸਾਹਿਬ।

ਸਰਦਾਰ ਹਰਪ੍ਰਤਾਪ ਸਿੰਘ (ਅਜਨਾਲਾ) : ਸਪੀਕਰ ਸਾਹਿਬ, ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਸਾਡੇ ਬਹੁਤ ਹੀ ਸੂਝਵਾਨ ਵਿੱਤ ਮੰਤਰੀ ਜੀ ਨੇ ਬਹੁਤ ਵਧੀਆ ਬਜਟ ਪੇਸ਼ ਕੀਤਾ ਹੈ। ਹਰ ਵਰਗ ਨੂੰ ਸਾਹਮਣੇ ਰੱਖ ਕੇ ਕੋਈ ਨਾ ਕੋਈ ਸਕੀਮਾਂ ਤਹਿਤ ਫੰਡਜ਼ ਦਿੱਤੇ ਹਨ ਪਰ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਾਰਡਰ ਏਰੀਏ ਲਈ 330 ਕਰੋੜ ਰੁਪਿਆ ਦਿੱਤਾ ਹੈ। ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਪਰ ਮੈਂ ਇੰਟਰਨੈਸ਼ਨਲ ਬਾਰਡਰ ਦੀ ਗੱਲ ਕਰਨ ਲੱਗਿਆ ਹਾਂ। ਜਿੰਨਾ ਵੀ ਸਾਡਾ ਟੋਟਲ ਏਰੀਆ ਚਲਦਾ ਹੈ, ਗੁਰਦਾਸਪੁਰ, ਅੰਮ੍ਰਿਤਸਰ, ਇਹ ਸਾਰਾ ਏਰੀਆ ਰਾਵੀ ਦਰਿਆ ਦੇ ਨਾਲ ਚਲਦਾ ਹੋਇਆ ਇੰਟਰਨੈਸ਼ਨਲ ਬਾਰਡਰ ਵੱਲ ਵੱਧਦਾ ਹੈ। ਮੇਰੇ ਪਿਤਾ ਜੀ ਐਮ.ਐਲ.ਏ. ਸਨ। ਉਸ ਵੇਲੇ ਸਰਦਾਰ ਸੰਤੋਖ ਸਿੰਘ ਰੰਧਾਵਾ ਮੰਤਰੀ ਬਣੇ, ਉਨ੍ਹਾਂ ਨੇ ਗਿਆਨੀ ਜ਼ੈਲ ਸਿੰਘ ਨੂੰ ਬੇਨਤੀ ਕਰਕੇ ਬਾਰਡਰ ਦੇ ਨਾਲ ਨਾਲ ਇਕ 16 ਕਿਲੋਮੀਟਰ ਦੀ ਪੱਟੀ ਬਣਾਈ। ਫਿਰ ਅਕਾਲੀ ਸਰਕਾਰ ਆ ਗਈ, ਉਨ੍ਹਾਂ ਨੇ ਇਸ ਪੱਟੀ ਨੂੰ ਅਬਾਲਿਸ਼ ਕਰ ਦਿੱਤਾ। ਫਿਰ ਦੁਬਾਰਾ ਕਾਂਗਰਸ ਦੀ ਸਰਕਾਰ ਵਿੱਚ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਬਣੇ। ਮੇਰਾ ਪਿਤਾ ਜੀ ਸਰਦਾਰ ਹਰਚਰਨ ਸਿੰਘ ਅਜਨਾਲਾ, ਸਿੱਖਿਆ ਮੰਤਰੀ ਬਣੇ ਅਤੇ ਸਰਦਾਰ ਸੰਤੋਖ ਸਿੰਘ ਰੰਧਾਵਾ ਜੀ ਵੀ ਮੰਤਰੀ ਬਣੇ। ਉਨ੍ਹਾਂ ਨੇ ਆਪਣੀ ਦੂਰਅੰਦੇਸ਼ੀ ਨਾਲ 10 ਕਿਲੋਮੀਟਰ ਦੀ ਪੱਟੀ ਬਣਵਾਈ। ਮੈਂ ਅੱਜ ਬੇਨਤੀ ਕਰਦਾ ਹਾਂ ਕਿ ਉਸ ਸਮੇਂ ਸਾਨੂੰ ਬਹੁਤ ਸਹੂਲਤਾਂ ਬਾਰਡਰ ਏਰੀਏ ਵਿੱਚ ਮਿਲੀਆਂ ਸਨ। ਹਸਪਤਾਲ ਬਣੇ, ਸਕੂਲਾਂ ਵਿਚ ਟੀਚਰਾਂ ਨੂੰ ਐਕਸਟਰਾ ਅਲਾਉਂਸ ਦਿੱਤਾ, ਜਿਸ ਨਾਲ ਸ਼ਹਿਰਾਂ ਦੇ ਟੀਚਰ ਪਿੰਡਾਂ ਦੇ ਸਕੂਲਾਂ ਵਿਚ ਪੜ੍ਹਾਉਣ ਲੱਗ ਪਏ ਤੇ ਸਾਡੇ ਵਿਦਿਆਰਥੀ ਲਾਇਕ ਬਣ ਗਏ। ਇਸ ਨਾਲ ਹਸਪਤਾਲਾਂ ਵਿਚ ਚੰਗੇ ਡਾਕਟਰ ਆ ਗਏ ਪਰ ਹੁਣ ਸਾਡੇ ਹਾਲਾਤ ਵੇਖੋ। ਸਾਡੇ ਬੱਚਿਆਂ ਨੂੰ ਸਭ ਤੋਂ ਜ਼ਿਆਦਾ ਸਿੱਖਿਆ ਦੀ ਲੋੜ ਹੈ। ਸਾਡੇ ਸਕੂਲਾਂ ਵਿੱਚ 300 ਬੱਚੇ ਪਿੱਛੇ ਇੱਕ ਟੀਚਰ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਕਿਹੜੇ ਹਿਸਾਬ ਨਾਲ ਸਾਡੇ ਬੱਚੇ ਪੜ੍ਹਨਗੇ। ਇਸ ਵੇਲੇ ਸਾਡੇ ਬਾਰਡਰ ਏਰੀਏ ਤੇ ਸਭ ਤੋਂ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਸਾਡੇ ਬੱਚਿਆਂ ਨੂੰ ਵੱਡੇ ਹੋ ਕੇ ਆਪਣਾ ਭਵਿੱਖ ਨਜ਼ਰ ਨਹੀਂ ਆਉਂਦਾ, ਜਿਸ ਨਾਲ ਉਹ ਕੁਰਾਹੇ ਪੈਂਦੇ ਹਨ। ਜਿਸ ਕਾਰਨ ਸਭ ਤੋਂ ਜ਼ਿਆਦਾ ਸਮੈਕ, ਹੈਰੋਇਨ ਸਾਡੇ ਬਾਰਡਰ ਇਲਾਕਿਆਂ ਵਿਚ ਚੱਲ ਰਹੀ ਹੈ। ਸਾਡੇ ਇਲਾਕੇ ਵਿੱਚ ਆਪਣੇ ਬੱਚਿਆਂ ਨੂੰ ਮਾਂ ਬਾਪ ਤਰਸਦੇ ਹਨ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਤੁਸੀਂ ਇੰਟਰਨੈਸ਼ਨਲ ਬਾਰਡਰ ਤੇ 10 ਕਿਲੋਮੀਟਰ ਦੀ ਪੱਟੀ ਹੀ ਬਣਾ ਦਿਓ ਅਤੇ ਉਨ੍ਹਾਂ ਪਿੰਡਾਂ ਵੱਲ ਤੁਸੀਂ ਧਿਆਨ ਦਿਓ ਤਾਂ ਜੋ ਸਾਡੇ ਬੱਚੇ ਫਿਰ ਚੰਗੇ ਸਕੂਲਾਂ ਵਿਚ ਪੜ੍ਹਨ, ਨੌਕਰੀਆਂ ਮਿਲ ਜਾਣ, ਚੰਗੇ ਹਸਪਤਾਲ ਬਣ ਜਾਣ, ਚੰਗੀਆਂ ਸੜਕਾਂ ਬਣ ਜਾਣ। ਅਸੀਂ ਵੀ ਪੰਜਾਬ ਵਿੱਚ ਹੀ ਵਸਦੇ ਹਾਂ। ਸਾਡੀ ਬਾਰਡਰ ਦੀਆਂ ਤਾਰਾਂ ਤੋਂ ਪਰਲੇ ਬੰਨੇ ਵਾਲੀ ਜ਼ਮੀਨ ਦਾ ਕੋਈ ਮੁੱਲ ਨਹੀਂ ਹੈ। ਜ਼ਿਮੀਂਦਾਰ ਕੁਝ ਨਹੀਂ ਕਰ ਸਕਦਾ, ਜਦੋਂ ਪਰਲੇ ਪਾਸੇ ਜੰਗਲੀ ਜਾਨਵਰ ਉਸ ਦੀ ਖੇਤੀ ਨੂੰ ਤਬਾਹ ਕਰ ਜਾਂਦੇ ਹਨ । ਸਾਡੇ ਇਲਾਕੇ ਦੀ ਪੁਜ਼ੀਸ਼ਨ ਬਹੁਤ ਮਾੜੀ ਹੈ । ਮੈਂ ਵਿੱਤ ਮੰਤਰੀ ਜੀ ਨੂੰ, ਸਪੀਕਰ ਸਾਹਿਬ ਤੁਹਾਡੇ ਰਾਹੀਂ ਗੁਜ਼ਾਰਿਸ਼ ਕਰਦਾ ਹਾਂ ਕਿ ਸਾਡੇ ਇਲਾਕੇ ਵਿੱਚ ਉਨ੍ਹਾਂ ਨਸ਼ਿਆਂ ਵਿੱਚ ਗ੍ਰਸਤ ਬੱਚਿਆਂ ਦੀਆਂ ਮਾਵਾਂ ਤਰਸਦੀਆਂ ਹਨ ਕਿ ਸਾਡੇ ਬੱਚੇ ਨਸ਼ੇ ਨਾ ਕਰਨ ਅਤੇ ਕਿਤੇ ਚੰਗੀ ਨੌਕਰੀ ਲੱਗ ਜਾਣ। ਉਨ੍ਹਾਂ ਮਾਵਾਂ ਦੀ ਹਾਅ ਮੈਂ ਸੁਣੀ ਹੈ। ਸਾਡੇ ਏਰੀਏ ਵਿਚ ਬਾਬਾ ਬੁੱਢਾ ਜੀ ਦਾ ਬਹੁਤ ਵੱਡਾ

[ਸਰਦਾਰ ਹਰਪ੍ਰਤਾਪ ਸਿੰਘ]
ਗੁਰਦੁਆਰਾ ਹੈ ਜਿਥੇ ਲੋਕ ਪੁੱਤਰ ਦੀ ਦਾਤ ਮੰਗਦੇ ਹਨ। ਉਥੇ ਇਕ ਮਾਂ ਨੇ ਅਰਦਾਸ ਕਰਵਾਈ ਕਿ ਹੇ ਬਾਬਾ ਬੁੱਢਾ ਜੀ, ਤੁਹਾਡੇ ਕੋਲ ਅਰਦਾਸ ਕਰਕੇ ਮੈਂ ਪੁੱਤਰ ਮੰਗਿਆ ਸੀ, ਜੋ ਇਸ ਵੇਲੇ ਨਸ਼ਿਆਂ ਵਿੱਚ ਪੈ ਗਿਆ ਹੈ । ਹੁਣ ਜਾਂ ਤਾਂ ਤੁਸੀਂ ਉਸ ਨੂੰ ਸੁਧਾਰ ਦਿਓ ਜਾਂ ਉਸ ਨੂੰ ਆਪਣੇ ਕੋਲ ਵਾਪਸ ਬੁਲਾ ਲਓ। ਵਿੱਤ ਮੰਤਰੀ ਜੀ ਮੈਂ ਨਹੀਂ ਚਾਹੁੰਦਾ ਹਾਂ ਕਿ ਉਸ ਇਲਾਕੇ ਦੀਆਂ ਮਾਵਾਂ ਬਾਬਾ ਬੁੱਢਾ ਜੀ ਅੱਗੇ ਇਹੋ ਜਿਹੀਆਂ ਅਰਦਾਸਾਂ ਕਰਨ। ਪੁੱਤਰ ਦੀ ਦਾਤ ਬੜੀ ਮੁਸ਼ਕਲ ਨਾਲ ਮਿਲਦੀ ਹੈ। ਅਸੀਂ ਪੁੱਤਰਾਂ ਨੂੰ ਲਾਇਕ ਬਣਾ ਕੇ ਅਫਸਰ ਬਣਾਉਣਾ ਚਾਹੁੰਦੇ ਹਾਂ। ਸੋ, ਮੇਰੀਆਂ ਇਹ ਬੇਨਤੀਆਂ ਵਿੱਤ ਮੰਤਰੀ ਜੀ ਤੁਸੀਂ ਜ਼ਰੂਰ ਧਿਆਨ ਵਿੱਚ ਰੱਖਣਾ, ਮਾਈਂਡ ਵਿੱਚ ਰੱਖਣਾ । ਸਾਡੇ ਉਸ ਸਾਰੇ ਇਲਾਕੇ ਦੀ ਡਿਮਾਂਡ ਹੈ ਜੀ। ਜਿੰਨੀ ਦੇਰ ਤੱਕ ਤੁਸੀਂ ਸਾਨੂੰ ਉਸ ਇਲਾਕੇ ਦੀ ਵੱਖਰੀ ਸਹੂਲਤ ਨਹੀਂ ਦਿੰਦੇ, ਉਥੇ ਕੋਈ ਡਿਵੈਲਪਮੈਂਟ ਨਹੀਂ ਹੋਣੀ। ਮੈਨੂੰ ਯਾਦ ਹੈ ਕਿ 24 ਘੰਟੇ ਉਸ ਇਲਾਕੇ ਵਿੱਚ ਬੱਤੀ ਮਿਲਦੀ ਹੁੰਦੀ ਸੀ। ਜ਼ਿਮੀਂਦਾਰ ਭੱਜ ਭੱਜ ਕੇ ਉਸ ਇਲਾਕੇ ਵਿੱਚ ਜ਼ਮੀਨਾਂ ਖਰੀਦਦੇ ਹੁੰਦੇ ਸਨ। ਸਾਡੀ ਖੁਸ਼ਹਾਲੀ ਹੋਈ ਸੀ। ਬਹੁਤ ਕੁਝ ਹੋਇਆ ਸੀ ਲੇਕਿਨ ਜਦੋਂ ਦੇ ਅਕਾਲੀ ਦਲ ਵਾਲੇ ਆਏ, ਪੱਟੀਆਂ ਖਤਮ ਹੋ ਗਈਆਂ, ਸਹੂਲਤਾਂ ਖਤਮ ਹੋ ਗਈਆਂ, ਟੀਚਰ ਤੇ ਡਾਕਟਰ ਸਾਰੇ ਸ਼ਹਿਰਾਂ ਨੂੰ ਨੱਠ ਗਏ। ਇਸ ਵੇਲੇ ਬਾਰਡਰ ਦਾ ਇਲਾਕਾ ਖਾਲੀ ਪਿਆ ਹੈ। ਮੈਂ ਤੁਹਾਨੂੰ ਉਸ ਇਲਾਕੇ ਦੀ ਦੁਹਾਈ ਦਿੱਤੀ ਹੈ। ਜਿਥੇ ਮੈਂ ਬਜਟ ਦੀ ਬਹੁਤ ਬਹੁਤ ਵਧਾਈ ਦਿੰਦਾ ਹਾਂ ਉਥੇ ਮੈਂ ਇਹ ਵੀ ਕਹਾਂਗਾ ਕਿ ਸਾਡੇ ਇਲਾਕੇ ਵਿੱਚ 10 ਕਿਲੋਮੀਟਰ ਦੀ ਪੱਟੀ ਜ਼ਰੂਰ ਕੰਸਿਡਰ ਕੀਤੀ ਜਾਏ।

ਸਰਦਾਰ ਸੰਗਤ ਸਿੰਘ ਗਿਲਜੀਆਂ (ਉੜਮੁੜ) : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਅੱਜ ਦੇ ਇਸ ਬਜਟ ਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ, ਜੋ ਸਾਡੇ ਵਿੱਤ ਮੰਤਰੀ ਜੀ ਹਨ ਅਤੇ ਕੈਪਟਨ ਅਮਰਿੰਦਰ ਸਿੰਘ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ, ਜਿਹੜੇ ਇਹ ਬਹੁਤ ਅੱਛਾ ਬਜਟ ਲੈ ਕੇ ਆਏ ਹਨ। ਇਸ ਬਜਟ ਵਿੱਚ ਪੰਜਾਬ ਦੀ ਜਨਤਾ ਨਾਲ ਜੋ ਵਾਅਦਾ ਕੀਤਾ ਸੀ, ਉਸ ਨੂੰ ਕੈਪਟਨ ਸਾਹਿਬ ਪੂਰਾ ਕਰਨ ਜਾ ਰਹੇ ਹਨ। ਸਪੀਕਰ ਸਾਹਿਬ, ਮੈਨੂੰ ਇਸ ਸਦਨ ਵਿੱਚ ਬਹੁਤ ਲੰਮੇ ਸਮੇਂ ਤੋਂ ਆਉਣ ਦਾ ਮੌਕਾ ਮਿਲਿਆ ਹੈ। ਪਹਿਲਾਂ ਮੈਂ 2007, 2012 ਤੇ ਹੁਣ 2017 ਵਿੱਚ ਆਇਆ ਹਾਂ। ਮੈਂ ਪਹਿਲੀ ਵਾਰ ਦੇਖਿਆ ਹੈ ਕਿ ਸਦਨ ਵਿੱਚ ਕੁਐਸਚਨ ਆਵਰ ਵਿੱਚ ਵਿਰੋਧੀ ਧਿਰ ਬੇਵਜ੍ਹਾ ਰੌਲਾ ਪਾ ਰਹੀ ਹੈ। ਇਨ੍ਹਾਂ ਵਿੱਚ ਸੁਣਨ ਦਾ ਮਾਦਾ ਨਹੀਂ ਹੈ। ਵਾਹਿਗੁਰੂ ਦੀ ਬੜੀ ਵੱਡੀ ਅਪਾਰ ਕਿਰਪਾ ਹੈ, ਇਸ ਸਦਨ ਵਿੱਚ ਬੜੀਆਂ ਕੋਸ਼ਿਸ਼ਾਂ ਨਾਲ ਸਾਡੇ ਸਾਰੇ ਮੈਂਬਰਜ਼ ਜਿੱਤ ਕੇ ਆਏ ਹਨ ਅਤੇ ਕੈਪਟਨ ਸਾਹਿਬ ਦੀ ਅਗਵਾਈ ਵਿੱਚ ਪਹਿਲੀ ਵਾਰੀ ਇਹ ਵਧੀਆ ਫੈਸਲਾ ਪੰਜਾਬ ਦੀ ਜਨਤਾ ਨੇ ਲਿਆ ਹੈ। ਕੈਪਟਨ ਸਾਹਿਬ ਦੀ ਅਗਵਾਈ ਥੱਲੇ 70 ਤੋਂ ਵੱਧ ਐਮ.ਐਲ.ਏਜ਼ ਸਾਡੇ ਜਿੱਤ ਕੇ ਆਏ ਹਨ। ਸੱਚੇ ਪਾਤਸ਼ਾਹ ਦੀ ਬਹੁਤ ਵੱਡੀ ਕਿਰਪਾ ਹੋਈ ਹੈ। ਸਪੀਕਰ ਸਾਹਿਬ, ਮੈਂ ਆਪਣੇ ਸਾਹਮਣੇ ਵਾਲੇ ਵੀਰਾਂ ਨੂੰ ਜੋ ਕਿ ਇਥੇ ਬੈਠੇ ਨਹੀਂ ਹਨ, ਉਨ੍ਹਾਂ ਦੀ ਗੱਲ ਕਰਨੀ ਚਾਹੁੰਦਾ ਹਾਂ। 10 ਸਾਲ ਦੀ ਸਰਕਾਰ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਉੱਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਦੀ ਰਹੀ ਹੈ। ਇਹ ਆਪਣੇ ਆਪ ਨੂੰ ਕਿਸਾਨਾਂ ਦੀ ਮਸੀਹਾ ਕਹਿਣ ਵਾਲੀ ਸਰਕਾਰ

ਸੀ। ਮੈਨੂੰ ਗੱਲ ਯਾਦ ਆ ਰਹੀ ਹੈ ਕਿ ਸਾਡੀ ਸਰਕਾਰ ਬਣੀ ਨੂੰ ਸਿਰਫ 13 ਹਫਤੇ ਹੀ ਹੋਏ ਹਨ ਅਤੇ 13 ਹਫਤਿਆਂ ਵਿੱਚ ਸਾਡੀ ਕਾਰਗੁਜ਼ਾਰੀ ਮੈਂ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਸਪੀਕਰ ਸਾਹਿਬ , 16 ਮਾਰਚ ਨੂੰ ਕੈਪਟਨ ਸਾਹਿਬ ਦੀ ਸਰਕਾਰ ਹੋਂਦ ਵਿੱਚ ਆਈ। ਪਹਿਲੀ ਅਪ੍ਰੈਲ ਨੂੰ ਸਾਡੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਸ਼ੁਰੂ ਹੋਈ। ਇੰਨੀ ਵਧੀਆ ਖਰੀਦ ਹੋਈ ਕਿ ਪਿਛਲੇ 10 ਸਾਲ ਦੇ ਮੁਕਾਬਲੇ ਤੇ ਮੈਂ ਕਹਾਂਗਾ ਕਿ ਕੈਪਟਨ ਸਾਹਿਬ ਨੇ ਜੋ ਲੋਕਾਂ ਨਾਲ ਵਾਅਦਾ ਕੀਤਾ ਸੀ, ਉਸ ਨੂੰ ਪਹਿਲੀ ਫਸਲ ਤੇ ਪੂਰਾ ਕੀਤਾ। ਮੰਡੀਆਂ ਵਿੱਚ ਕਣਕ ਦੀ ਪੇਮੈਂਟ ਹੋਈ, ਉਸ ਦੀ ਲਿਫਟਿੰਗ ਅਤੇ ਉਸ ਦੇ ਪੈਸੇ ਟਾਈਮ ਨਾਲ ਦਿੱਤੇ ਗਏ। ਸਪੀਕਰ ਸਾਹਿਬ, ਪਿਛਲੇ 10 ਸਾਲ ਤੋਂ ਕਿਸਾਨਾਂ ਨਾਲ ਧੋਖਾ ਕੀਤਾ ਜਾ ਰਿਹਾ ਸੀ । ਪਿਛਲੀ ਸਰਕਾਰ ਆਪਣੇ ਆਪ ਨੂੰ ਕਿਸਾਨਾਂ ਦੀ ਮਸੀਹਾ ਸਰਕਾਰ ਕਹਿੰਦੀ ਸੀ, ਉਸ ਦੀ ਮੈਨੂੰ ਯਾਦ ਆ ਰਹੀ ਹੈ। ਸਪੀਕਰ ਸਾਹਿਬ, ਮੈਂ ਕਿਸਾਨੀ ਦਾ ਕੰਮ ਵੀ ਕਰਦਾ ਹਾਂ ਤੇ ਨਾਲ ਨਾਲ ਮੈਂ ਵਪਾਰ ਵੀ ਕਰਦਾ ਹਾਂ। ਪਿਛਲੇ 10 ਸਾਲ ਵਿੱਚ ਕਿਸਾਨ ਜਦੋਂ ਮੰਡੀਆਂ ਵਿੱਚ ਝੋਨਾ ਲੈ ਕੇ ਜਾਂਦਾ ਸੀ ਜੋ ਉਸ ਦੀ ਮਿਨੀਮਮ ਪ੍ਰਾਈਜ਼ ਹੁੰਦੀ ਸੀ, ਉਸ ਕੀਮਤ ਤੋਂ 400-400/- ਰੁਪਏ ਘੱਟ ਤੇ ਝੋਨਾ ਮੰਡੀਆਂ ਵਿੱਚ ਵਿਕਦਾ ਰਿਹਾ। ਬੜੇ ਅਫਸੋਸ ਨਾਲ ਗੱਲ ਕਹਿਣੀ ਪੈ ਰਹੀ ਹੈ ਕਿ ਕਿਸਾਨਾਂ ਦੀ ਪਿਛਲੇ 10 ਸਾਲ ਤੋਂ ਲਗਾਤਾਰ ਲੁੱਟ ਹੁੰਦੀ ਰਹੀ ਪਰ ਬਾਦਲ ਸਰਕਾਰ ਨੇ ਕਿਸਾਨਾਂ ਵੱਲ ਕੋਈ ਖਿਆਲ ਨਹੀਂ ਕੀਤਾ। ਇਥੇ ਹੀ ਬੱਸ ਨਹੀਂ ਹੈ, ਜਿਥੇ ਝੋਨੇ ਦੀ ਗੱਲ ਹੋ ਰਹੀ ਹੈ, ਸ਼ੂਗਰ ਦੀ ਗੱਲ ਹੋ ਰਹੀ ਹੈ, ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਕਿਨੂੰਆਂ ਬਾਰੇ ਵੀ ਕੁਝ ਕਹਿਣਾ ਚਾਹੁੰਦਾ ਹਾਂ । ਕੈਪਟਨ ਸਾਹਿਬ ਦੀ ਸਰਕਾਰ ਸਮੇਂ ਸਾਲ 2006 ਵਿੱਚ ਹੁਸ਼ਿਆਰਪੁਰ ਤੇ ਅਬੋਹਰ ਵਿੱਚ ਕਿਨੂੰਆਂ ਵਾਸਤੇ ਦੋ ਫੈਕਟਰੀਆਂ ਲੱਗੀਆਂ ਸਨ। ਜਦੋਂ ਸਰਕਾਰ ਸਾਡੀ ਗਈ ਤੇ ਬਾਦਲ ਸਾਹਿਬ ਦੀ ਸਰਕਾਰ ਆਈ ਤਾਂ ਮੇਰਾ ਖਿਆਲ ਹੈ, ਉਹ ਜਿਹੜੀਆਂ ਕਿਨੂੰਆਂ ਦੀਆਂ ਇੰਡਸਟਰੀਆਂ ਸਨ, ਉਸ ਵਿੱਚ ਰੋਜ਼ਾਨਾ ਦੀ ਕਪੈਸਿਟੀ 400 ਮੀਟ੍ਰਿਕ ਟਨ ਦੀ ਸੀ ਪਰ ਇਨ੍ਹਾਂ ਨੇ ਉਸ ਇੰਡਸਟਰੀ ਦਾ ਕੀ ਕੀਤਾ, ਇਨ੍ਹਾਂ ਇੰਡਸਟਰੀਆਂ ਵਿੱਚ ਭਾਵੇਂ ਹੁਸ਼ਿਆਰਪੁਰ ਦੀ ਹੋਵੇ ਤੇ ਭਾਵੇਂ ਅਬੋਹਰ ਦੀ ਹੋਵੇ, ਉਨ੍ਹਾਂ ਵਿੱਚ 552 ਮੀਟਰਕ ਟਨ ਇਨ੍ਹਾਂ ਨੇ ਪੂਰੇ ਸਾਲ ਵਿੱਚ ਪੀੜਿਆ ਹੈ, ਨਾਲ-ਨਾਲ ਇਹ ਜਿਹੜੀਆਂ ਕਿੰਨੂ ਦੀਆਂ ਫੈਕਟਰੀਆਂ ਸਨ, ਇਹ ਬਹੁਤ ਚਿਰ ਚੱਲੀਆਂ ਨਹੀਂ, ਇਹ ਬੰਦ ਕਰ ਦਿੱਤੀਆਂ ਗਈਆਂ। ਜਿਹੜੇ ਕਿਸਾਨਾਂ ਨੇ ਕਿਨੂੰ ਲਗਾਇਆ ਸੀ, ਉਹ ਕਿਸਾਨਾਂ ਦੇ ਖੇਤਾਂ ਵਿੱਚ ਰੁਲ ਰਿਹਾ ਹੈ। ਕਿਸਾਨ ਜਿਹੜਾ ਕਿਨੂੰ ਦੀ ਕਟਾਈ ਕਰ ਰਿਹਾ ਹੈ, ਉਸ ਦਾ ਇਹ ਬਹੁਤ ਵੱਡਾ ਨੁਕਸਾਨ ਹੋਇਆ ਹੈ।

ਇੱਥੇ ਹੀ ਬੱਸ ਨਹੀਂ, ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਖੇਤੀਬਾੜੀ ਅਫ਼ਸਰ ਰੱਖਣੇ ਸਨ ਅਤੇ ਉਨ੍ਹਾਂ ਦੀਆਂ 120 ਆਸਾਮੀਆਂ ਖਾਲੀ ਸਨ, 70 ਬਲਾਕਾਂ ਵਿੱਚ 120 ਆਸਾਮੀਆਂ ਖਾਲੀ ਸਨ। ਪੰਜਾਬ ਵਿੱਚ ਵਿਕਾਸ ਅਫ਼ਸਰਾਂ ਦੀਆਂ 350 ਆਸਾਮੀਆਂ ਖਾਲੀ ਸਨ। ਖੇਤੀਬਾੜੀ ਅਫ਼ਸਰ ਦੀਆਂ ਜਿਹੜੀਆਂ ਕੇਡਰ ਆਸਾਮੀਆਂ ਸਨ, 58 ਪੋਸਟਾਂ ਉਹ ਖਾਲੀ ਸਨ। 8 ਜ਼ਿਲ੍ਹਿਆਂ ਵਿੱਚ ਮਾਰਕੀਟ ਕਮੇਟੀ ਦੇ ਸਹਾਇਕ ਅਫ਼ਸਰ ਹੀ ਨਹੀਂ ਸਨ। ਇਹੀ ਕਾਰਨ ਸੀ ਕਿ ਇਨ੍ਹਾਂ ਦੇ ਸਮੇਂ ਵਿੱਚ ਨਕਲੀ ਦਵਾਈਆਂ ਅਤੇ ਨਕਲੀ ਬੀਜ ਆਏ ਅਤੇ ਅਫ਼ਸਰ ਨਾ ਹੋਣ ਕਾਰਨ ਕਿਸਾਨਾਂ ਨਾਲ

[ਸਰਦਾਰ ਸੰਗਤ ਸਿੰਘ ਗਿਲਜੀਆਂ]
ਬਹੁਤ ਵੱਡਾ ਧੋਖਾ ਹੋਇਆ, ਕਿਸਾਨ ਪੱਟੜੀ ਤੋਂ ਲਹਿ ਗਿਆ ਅਤੇ ਕਿਸਾਨ ਤਦੇ ਤੋਂ ਹੀ ਕਰਜ਼ਾਈ ਹੁੰਦਾ ਜਾ ਰਿਹਾ ਹੈ।

ਸਪੀਕਰ ਸਾਹਿਬ, ਇੱਥੇ ਹੀ ਬੱਸ ਨਹੀਂ ਹੈ । ਇਨ੍ਹਾਂ ਨੇ ਇੰਡਸਟਰੀ ਦੀ ਗੱਲ ਕੀਤੀ ਸੀ ਕਿ ਅਸੀਂ ਇੰਡਸਟਰੀ ਲੈ ਕੇ ਆਵਾਂਗੇ। ਮੈਂ ਆਪਣੀ ਸਰਕਾਰ ਦੇ ਵਿੱਤ ਮੰਤਰੀ ਸਾਹਿਬ ਦਾ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਵਾਅਦਾ ਕੀਤਾ ਹੈ ਕਿ 16 ਇੰਡਸਟਰੀ ਪਾਰਕ ਅਤੇ 400 ਕਰੋੜ ਦੀ ਲਾਗਤ ਨਾਲ ਲੱਗਣ ਵਾਲੀ ਸਾਈਕਲ ਵੈਲੀ ਬਣਾਉਣੀ ਹੈ । ਇਹ ਸਾਡੀ ਸਰਕਾਰ ਨੇ ਜੋ ਫੈਸਲਾ ਕੀਤਾ ਹੈ, ਇਹ ਬਹੁਤ ਅੱਛਾ ਹੋਇਆ ਹੈ। ਇਨ੍ਹਾਂ ਨੇ ਸਾਲ 2015 ਵਿੱਚ 392 ਐਮ.ਓ.ਯੂ. ਸਾਈਨ ਕੀਤੇ ਸਨ, ਜਿਨ੍ਹਾਂ ਵਿੱਚੋਂ ਸਿਰਫ 17 ਕੰਪਨੀਆਂ ਨੇ ਨਿਵੇਸ਼ ਕੀਤਾ ਹੈ। 1 ਲੱਖ 18 ਹਜ਼ਾਰ ਕਰੋੜ ਦੇ ਐਮ.ਓ.ਯੂ. ਵਿੱਚੋਂ ਸਿਰਫ ਛੇ ਹਜ਼ਾਰ ਕਰੋੜ ਦਾ ਨਿਵੇਸ਼ ਹੋਇਆ ਹੈ। ਇਨ੍ਹਾਂ ਨੇ 1 ਲੱਖ 18 ਹਜ਼ਾਰ ਕਰੋੜ ਦਾ ਵਾਅਦਾ ਕੀਤਾ ਸੀ ਅਤੇ ਸਿਰਫ ਛੇ ਹਜ਼ਾਰ ਕਰੋੜ ਦਾ ਨਿਵੇਸ਼ ਹੋਇਆ ਹੈ। 1 ਲੱਖ 12 ਹਜ਼ਾਰ ਕਰੋੜ ਦਾ ਨਿਵੇਸ਼ ਨਹੀਂ ਹੋਇਆ। ਇਨ੍ਹਾਂ ਨੇ ਜਿਹੜੀ ਕਾਗਜ਼-ਪੱਤਰੀ, ਮਸ਼ਹੂਰੀ ਐਡ ਦਿੱਤੀ ਸੀ, ਉਸ ਵਿੱਚ ਖਜ਼ਾਨੇ ਦੀ ਬਹੁਤ ਵੱਡੀ ਲੁੱਟ ਹੋਈ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 2013 ਵਿੱਚ 20 ਕਰੋੜ ਰੁਪਏ ਦੇ ਇਸ਼ਤਿਹਾਰ, 2014-15 ਵਿੱਚ 40 ਕਰੋੜ ਰੁਪਏ ਦੇ ਇਸ਼ਤਿਹਾਰ ਅਤੇ 2016-17 ਵਿੱਚ 1 ਅਰਬ 50 ਕਰੋੜ ਦੇ ਇਸ਼ਤਿਹਾਰ ਦਿੱਤੇ ਗਏ। ਇਨ੍ਹਾਂ ਨੇ ਸਰਕਾਰੀ ਖਜ਼ਾਨੇ ਨਾਲ ਲੁੱਟ ਕੀਤੀ ਹੈ। ਇਸ ਵਿੱਚ ਅਖਬਾਰਾਂ ਦੇ ਬਿੱਲ, ਟੀ.ਵੀ. ਚੈਨਲਾਂ ਦੇ ਬਿੱਲ, ਰੇਡੀਉ ਦੇ ਬਿੱਲ ਅਤੇ ਸਿਨੇਮਾ ਘਰਾਂ ਦੇ ਬਿੱਲ ਸ਼ਾਮਲ ਹਨ ਅਤੇ ਐਡ ਦੇ ਥਰੂ ਇਨ੍ਹਾਂ ਨੇ ਪੰਜਾਬ ਦੇ ਖਜ਼ਾਨੇ ਨੂੰ ਦੱਬ ਕੇ ਲੁੱਟਿਆ।

ਸਪੀਕਰ ਸਾਹਿਬ, ਇੱਥੇ ਹੀ ਬੱਸ ਨਹੀਂ, ਮੈਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਸੀ.ਐਮ. ਸਾਹਿਬ ਦੇ ਘੁੰਮਣ ਵਾਸਤੇ ਸਰਕਾਰੀ ਹੈਲੀਕਾਪਟਰ ਸੀ ਪਰ ਇਨ੍ਹਾਂ ਨੇ ਸਰਕਾਰੀ ਹੈਲੀਕਾਪਟਰ ਵੀ ਵਰਤਿਆ ਅਤੇ ਨਾਲ ਨਾਲ ਕਿਰਾਏ ਤੇ ਹੈਲੀਕਾਪਟਰ ਲੈ ਕੇ 10 ਸਾਲ ਸੀ.ਐਮ. ਸਾਹਿਬ, ਉਨ੍ਹਾਂ ਦਾ ਪੁੱਤਰ ਅਤੇ ਮਜੀਠੀਏ ਦਾ ਸਾਰਾ ਪਰਿਵਾਰ ਵਰਤਦੇ ਰਹੇ ਜਿਸ ਤੇ 1 ਅਰਬ 12 ਕਰੋੜ 14 ਲੱਖ ਰੁਪਿਆ ਖਰਚਾ ਆਇਆ। ਇਹ ਕਿਰਾਇਆ ਸਰਕਾਰੀ ਖਜ਼ਾਨੇ ਵਿੱਚੋਂ ਦਿੱਤਾ ਗਿਆ ਹੈ, ਜਿਸ ਨਾਲ ਸਰਕਾਰ ਚਾਰ ਹੈਲੀਕਾਪਟਰ ਖਰੀਦ ਸਕਦੀ ਸੀ। ਇਹ ਵੀ ਪੰਜਾਬ ਦੇ ਖਜ਼ਾਨੇ ਨਾਲ ਬਹੁਤ ਵੱਡੀ ਲੁੱਟ ਹੋਈ ਹੈ।

ਇੱਥੇ ਹੀ ਬੱਸ ਨਹੀਂ ਹੈ, ਇਨ੍ਹਾਂ ਨੇ ਜੋ ਕਿਸਾਨਾਂ ਦੀ ਗੱਲ ਕੀਤੀ ਜਾਂ ਇੰਡਸਟਰੀ ਦੀ ਗੱਲ ਕੀਤੀ....

ਮਾਨਯੋਗ ਸਪੀਕਰ : ਬੈਠੋ ਜੀ ।

ਸਰਦਾਰ ਸੰਗਤ ਸਿੰਘ ਗਿਲਜੀਆਂ : ਸਪੀਕਰ ਸਾਹਿਬ, ਮੈਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਸਤਿਕਾਰਯੋਗ ਕੈਪਟਨ ਸਾਹਿਬ, ਵਿੱਤ ਮੰਤਰੀ, ਮਨਪ੍ਰੀਤ ਸਿੰਘ ਬਾਦਲ

ਜੀ ਨੇ ਜਿਹੜਾ ਸਾਡਾ ਚੋਣ ਮੈਨੀਫੈਸਟੋ ਸੀ, ਜੋ ਇਨ੍ਹਾਂ ਨੇ ਪੰਜਾਬ ਦੀ ਜਨਤਾ ਨਾਲ ਵਾਅਦੇ ਕੀਤੇ ਸਨ ਅਤੇ ਜਿਹੜਾ ਬਜਟ ਇਹ ਲੈ ਕੇ ਆਏ ਹਨ, ਉਹ ਇਸ ਨਾਲ ਬਿਲਕੁਲ ਢੁੱਕਦਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਵਿੱਚ ਸੁਣਨ ਦਾ ਮਾਦਾ ਨਹੀਂ। ਕੁਝ ਵੀਰ ਨਵੇਂ ਆਏ ਹਨ (ਆਮ ਆਦਮੀ ਪਾਰਟੀ ਵੱਲ ਇਸ਼ਾਰਾ) ਜਿਹੜੇ ਕਹਿੰਦੇ ਸੀ ਕਿ ਅਸੀਂ 100 ਸੀਟ ਜਿੱਤ ਕੇ ਆ ਰਹੇ ਹਾਂ। ਆਪਣਾ ਆਪਣਾ ਮੰਤਰੀ ਪਦ ਵੀ ਵੰਡ ਲਿਆ ਸੀ ਪਰ ਅੱਜ ਇਨ੍ਹਾਂ ਵਿੱਚ ਸੁਣਨ ਵਾਲੀ ਗੱਲ ਨਹੀਂ ਹੈ। ਜਿਹੜੇ ਇਨ੍ਹਾਂ ਦੇ ਨਾਲ ਬੈਠੇ ਹਨ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ), ਜਿਨ੍ਹਾਂ ਦਾ ਆਪਣਾ ਆਪੋਜ਼ੀਸ਼ਨ ਲੀਡਰ ਵੀ ਨਹੀਂ ਬਣਿਆ, ਜਿਨ੍ਹਾਂ ਨੇ ਕਾਫੀ ਸਮਾਂ ਪੰਜਾਬ ਵਿੱਚ ਰਾਜ ਕੀਤਾ ਹੈ, ਪੰਜਾਬ ਦੇ ਖਜ਼ਾਨੇ ਨੂੰ ਲੁੱਟਿਆ ਹੈ, ਪੰਜਾਬ ਦੀ ਕਿਸਾਨੀ ਨੂੰ ਵੀ ਲੁੱਟਿਆ ਹੈ, ਪੰਜਾਬ ਦੇ ਬੇਰੁਜ਼ਗਾਰ ਬੱਚਿਆਂ ਨੂੰ ਵੀ ਲੁੱਟਿਆ ਹੈ, ਜੋ ਭੱਤਾ ਕਿਹਾ ਸੀ ਜਾਂ ਲੈਪਟਾਪ ਕਹੇ ਸਨ, ਉਹ ਵੀ ਨਹੀਂ ਦਿੱਤੇ ਪਰ ਅੱਜ ਇਹ ਸੁਣਨ ਨੂੰ ਤਿਆਰ ਨਹੀਂ। ਜਿੱਥੇ ਤੁਸੀਂ ਮੈਨੂੰ ਇਸ ਬਜਟ ਸੈਸ਼ਨ ਤੇ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਮੈਂ ਕੈਪਟਨ ਅਮਰਿੰਦਰ ਸਿੰਘ, ਮਨਪ੍ਰੀਤ ਸਿੰਘ ਬਾਦਲ ਜੀ ਜੋ ਸਾਡੇ ਵਿੱਤ ਮੰਤਰੀ ਜੀ ਹਨ, ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਅਤੇ ਬਜਟ ਦੀ ਸ਼ਲਾਘਾ ਕਰਦਾ ਹਾਂ।

ਮਾਨਯੋਗ ਸਪੀਕਰ : ਧੰਨਵਾਦ। ਬੈਠੋ ਜੀ। ਰਾਣਾ ਸੋਢੀ ਜੀ।

ਰਾਣਾ ਗੁਰਮੀਤ ਸਿੰਘ ਸੋਢੀ (ਗੁਰੂ ਹਰ ਸਹਾਏ) : ਸਪੀਕਰ ਸਾਹਿਬ, I am indeed really grateful to you ਕਿ ਤੁਸੀਂ ਮੈਨੂੰ ਇਸ ਸਦਨ ਵਿੱਚ ਬਜਟ ਦੇ ਐਸਟੀਮੇਟਸ ਤੇ ਗੱਲਬਾਤ ਕਰਨ ਵਾਸਤੇ ਮੌਕਾ ਦਿੱਤਾ ਹੈ। ਇਹ ਕਾਂਗਰਸ ਪਾਰਟੀ ਦਾ ਸਰਕਾਰ ਬਣਨ ਉਪਰੰਤ ਪਹਿਲਾ ਬਜਟ ਹੈ ਤੇ ਇਸ ਬਜਟ ਵਿੱਚ ਪੰਜਾਬ ਵਾਸਤੇ ਜਿਹੜੇ ਫੈਸਲੇ ਹੋਏ ਹਨ, ਉਹ ਬੜੇ ਇਤਿਹਾਸਕ ਫੈਸਲੇ ਹੋਏ ਹਨ। ਮੈਂ ਜਦੋਂ ਬਜਟ ਪੜ੍ਹਿਆ ਤਾਂ ਮੈਨੂੰ ਪਤਾ ਲੱਗਾ ਕਿ ਪਿਛਲੀ ਸਰਕਾਰ ਮੌਜੂਦਾ ਸਰਕਾਰ ਵਾਸਤੇ ਬਹੁਤ ਸਾਰੀਆਂ liabilities ਛੱਡ ਕੇ ਚਲੀ ਗਈ। 13039 ਕਰੋੜ ਰੁਪਏ ਤਾਂ ਆਟਾ ਦਾਲ ਸਕੀਮ ਦੇ ਪੈਂਡਿੰਗ ਹਨ । ਇਸੇ ਤਰ੍ਹਾਂ ਮੁਲਾਜ਼ਮਾਂ ਦਾ ਡੀ.ਏ., ਪਾਵਰ ਸਬਸਿਡੀ ਔਰ ਟਰੇਜ਼ਰੀ ਦੇ 13009 ਕਰੋੜ ਰੁਪਏ ਦੇ ਬਿਲ ਪੈਂਡਿੰਗ ਛੱਡ ਕੇ ਚਲੇ ਗਏ ਹਨ। ਪਿਛਲੀ ਸਰਕਾਰ ਦੇ ਸਮੇਂ ਕਿਹਾ ਜਾਂਦਾ ਸੀ ਕਿ ਸਾਲ 2006-07 ਵਿੱਚ ਸਾਡੀ ਜੀ.ਐਸ.ਡੀ.ਪੀ. 40.24% ਸੀ ਤੇ ਉਨ੍ਹਾਂ ਨੇ ਕਲੇਮ ਕੀਤਾ ਕਿ ਸਾਲ 2016-17 ਵਿੱਚ ਇਹ 41% ਹੋ ਗਿਆ। ਜਿਹੜੀ ਆਊਟ ਗੋਇੰਗ ਸਰਕਾਰ ਸੀ, ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਧੋਖੇ ਵਿੱਚ ਰੱਖਿਆ ਔਰ ਜਦੋਂ ਸਾਰੇ ਰਿਵਾਈਜ਼ਡ ਐਸਟੀਮੇਟਸ ਲਗਾਏ ਗਏ ਤਾਂ ਉਹ ਵੱਧ ਕੇ 42.58% ਆ ਗਈ ਜਿਹੜੀ ਕਿ 2% ਵਧੀ। ਜਦੋਂ ਤੋਂ ਸਾਲ 2006-07 ਤੋਂ ਅਸੀਂ ਸਰਕਾਰ ਛੱਡੀ ਉਸ ਤੋਂ ਇਹ 58% ਵੱਧ ਗਈ ਸੀ। ਮੈਂ ਸਮਝਦਾ ਹਾਂ ਕਿ 10 ਸਾਲ ਦੇ ਲਗਾਤਾਰ ਰਾਜ ਨੇ ਇਨ੍ਹਾਂ ਨੂੰ ਇਤਨਾ ਬੇਸਮਝ ਕਰ ਦਿੱਤਾ ਕਿ ਇਹ ਪੰਜਾਬ ਅਤੇ ਪੰਜਾਬੀਆਂ ਬਾਰੇ ਭੁੱਲ ਗਏ ਤੇ ਜਿਹੜੇ ਰਿਸੈਂਟ ਜਨਰਲ ਇਲੈਕਸ਼ਨ ਹੋਏ ਉਸ ਦੌਰਾਨ ਲੋਕਾਂ ਵਿੱਚ ਇੱਕ ਆਵਾਜ਼ ਗਈ ਤੇ ਪੰਜਾਬ ਦੇ ਲੋਕਾਂ ਨੇ ਇਹ ਮਹਿਸੂਸ ਕੀਤਾ ਕਿ ਅਸੀਂ ਪੰਜਾਬ ਨੂੰ ਬਚਾਉਣਾ ਹੈ। ਉਨ੍ਹਾਂ ਦੀ ਸੋਚ ਸੀ ਕਿ

" ਨਾ ਸਮਝੋਗੇ ਤੋ ਮਿਟ ਜਾਓਗੇ ਪੰਜਾਬ ਵਾਲੋ,
ਤੁਮਾਰੀ ਦਾਸਤਾਨ ਤੱਕ ਭੀ ਨਾ ਹੋਗੀ ਦਾਸਤਾਨੋਂ ਮੇਂ "।

[ਰਾਣਾ ਗੁਰਮੀਤ ਸਿੰਘ ਸੋਢੀ]

ਪੰਜਾਬ ਵਿੱਚ ਐਸੇ ਹਾਲਾਤ ਪੈਦਾ ਹੋ ਗਏ ਕਿ ਪੰਜਾਬੀਆਂ ਨੇ ਇਹ ਸੋਚਿਆ ਕਿ ਜੇ ਅਸੀਂ ਹੁਣ ਸਹੀ ਫੈਸਲਾ ਨਾ ਲਿਆ ਤਾਂ ਸ਼ਾਇਦ ਪੰਜਾਬ ਦੁਬਾਰਾ ਆਪਣੇ ਪੈਰਾਂ ਤੇ ਖੜ੍ਹਾ ਨਾ ਹੋ ਸਕੇ ਤੇ ਇਸੇ ਸੂਝ-ਬੂਝ ਦੇ ਹਿਸਾਬ ਕਿਤਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਹੁਮਤ ਲੈ ਕੇ ਟਰੇਜ਼ਰੀ ਬੈਂਚਿਜ਼ ਵਿੱਚ ਆਈ ਤੇ ਪਹਿਲਾ ਬਜਟ ਸਰਦਾਰ ਮਨਪ੍ਰੀਤ ਸਿੰਘ ਜੀ ਨੇ ਇਹੋ ਜਿਹੇ ਹਾਲਾਤਾਂ ਵਿੱਚ ਵੀ ਬੜੀ ਫਰਾਖਦਿਲੀ ਨਾਲ ਪੰਜਾਬੀਆਂ ਵਾਸਤੇ ਇਸ ਸਦਨ ਵਿੱਚ ਪੇਸ਼ ਕੀਤਾ ਹੈ। ਮੈਂ ਇਨ੍ਹਾਂ ਦਾ ਤੇ ਕੈਪਟਨ ਸਾਹਿਬ ਦਾ ਬਹੁਤ ਧੰਨਵਾਦੀ ਹਾਂ। ਸਪੀਕਰ ਸਾਹਿਬ, ਅੱਜ ਤੋਂ 40 ਸਾਲ ਪਹਿਲਾਂ ਸਾਡੇ ਮਰਹੂਮ ਨੇਤਾ ਸ਼੍ਰੀਮਤੀ ਇੰਦਰਾ ਗਾਂਧੀ ਜੀ ਦਾ ਰੋਟੀ, ਕੱਪੜਾ ਔਰ ਮਕਾਨ ਦਾ ਸਲੋਗਨ ਮੈਨੂੰ ਯਾਦ ਹੈ। ਫਿਰ ਲਾਲ ਬਹਾਦੁਰ ਸ਼ਾਸਤਰੀ ਜੀ ਦਾ ਵੀ ਇੱਕ ਸਲੋਗਨ ਸੀ ਜੈ ਜਵਾਨ, ਜੈ ਕਿਸਾਨ, ਜਿਹੜੀ ਮੇਰੇ ਸਾਥੀ ਨੇ ਵੀ ਗੱਲ ਕੀਤੀ ਹੈ। ਅੱਜ 40 ਸਾਲ ਤੋਂ ਬਾਅਦ ਵੀ ਉਸ ਸਲੋਗਨ ਦੀ ਪੰਜਾਬ ਵਿੱਚ ਜ਼ਰੂਰਤ ਹੈ ਕਿ ਅਸੀਂ 100 ਫੀਸਦੀ ਵੀਕਰ ਸੈਕਸ਼ਨ ਨੂੰ, ਪੰਜਾਬੀਆਂ ਨੂੰ ਨੌਕਰੀਆਂ ਨਹੀਂ ਦੇ ਸਕੇ ਅਤੇ ਨਾ ਹੀ ਉਨ੍ਹਾਂ ਨੂੰ ਰੁਜ਼ਗਾਰ ਤੇ ਮਕਾਨ ਦੇ ਸਕੇ। ਲੇਕਿਨ ਅੱਜ ਜੋ ਫੈਸਲਾ ਇਸ ਸਦਨ ਵਿੱਚ ਬਜਟ ਪੇਸ਼ ਕਰਦੇ ਹੋਏ ਕੀਤਾ ਹੈ ਔਰ ਮੇਰੇ ਸਾਹਮਣੇ ਵਾਲੇ ਨਹੀਂ ਬੈਠੇ, ਮੈਂ ਉਨ੍ਹਾਂ ਲਈ ਕਾਫੀ ਸਮਾਨ ਇਕੱਠਾ ਕਰਕੇ ਲਿਆਇਆ ਸੀ ਲੇਕਿਨ ਉਨ੍ਹਾਂ ਨੇ ਨੀਅਤ ਇਹ ਬਣਾਈ ਸੀ ਕਿ ਅਸੀਂ ਕੋਈ ਗੱਲ ਨਹੀਂ ਸੁਣਨੀ । ਮੈਂ ਜ਼ਿਆਦਾ ਪੁਰਾਣੀ ਗੱਲ ਨਹੀਂ ਕਰਦਾ । ਰਾਜ ਤਾਂ ਉਨ੍ਹਾਂ ਨੇ ਦਸ ਸਾਲ ਕੀਤਾ ਹੈ ਲੇਕਿਨ ਪਿਛਲੇ ਸਾਲ ਦਾ ਬਜਟ ਹੀ ਮੇਰੇ ਹੱਥ ਵਿੱਚ ਹੈ । ਹੋਰ ਮੈਂਬਰ ਸਾਹਿਬਾਨ ਜਿਹੜੇ ਪਿਛਲੀ ਟਰਮ ਵਿੱਚ ਮੇਰੇ ਨਾਲ ਇਸ ਹਾਊਸ ਵਿੱਚ ਮੌਜੂਦ ਸੀ, ਉਨ੍ਹਾਂ ਨੇ ਵੀ ਪੜ੍ਹਿਆ ਹੋਣਾ ਹੈ । ਇਸ ਵਿੱਚ ਜੇ ਗੱਲ ਕਰੀਏ, ਫਾਰਮਰ ਸੁਸਾਈਡ ਦੀ ਤਾਂ ਉਸ ਵਾਸਤੇ ਜੋ ਉਨ੍ਹਾਂ ਨੇ ਗੱਲਾਂ ਕੀਤੀਆਂ, ਮੈਂ ਮਹਿਜ਼ ਇੱਕ ਲਾਈਨ ਪੜ੍ਹਨੀ ਚਾਹੁੰਦਾ ਹਾਂ ਕਿ ਸਰਦਾਰ ਪਰਮਿੰਦਰ ਸਿੰਘ ਜੀ ਢੀਂਡਸਾ ਕੀ ਲਿਖਦੇ ਹਨ ਜਾਂ ਉਨ੍ਹਾਂ ਦੀ ਸੋਚ ਕਿਸਾਨਾਂ ਬਾਰੇ ਕੀ ਸੀ, ਉਹ ਕਹਿੰਦੇ ਹਨ :

The SAD-BJP Government is sensitive to the agrarian crisis facing the State and my heart bleeds when I read about the suicides of farmers due to high indebtedness. Though the government has come out with various schemes to support our farmers, the need for such schemes remains ever present.

ਮੈਨੂੰ ਸਮਝ ਨਹੀਂ ਆਈ, ਕਿਹੜੀ ਸਕੀਮ ਕਿਹੜੇ ਫਾਰਮਰ ਨੂੰ ਮਿਲੀ । ਦਿਨ-ਬ-ਦਿਨ ਸੁਸਾਈਡ ਵੱਧਦੀਆਂ ਹੀ ਗਈਆਂ । ਉਹ ਕਿਸਾਨ ਜਿਹੜਾ ਹਿੰਦੁਸਤਾਨ ਵਿੱਚ ਅੰਨਦਾਤਾ ਦੇ ਨਾਂ ਤੇ ਗਿਣਿਆ ਜਾਂਦਾ ਸੀ, 65% ਗਰੇਨਜ਼ ਜਿਹੜਾ ਹੈ, ਉਹ ਹਿੰਦੁਸਤਾਨ ਨੂੰ ਪੰਜਾਬ ਵਿੱਚੋਂ ਸਪਲਾਈ ਹੋ ਰਿਹਾ ਹੈ । ਸਾਡੀ ਨੌਬਤ ਆ ਗਈ ਕਿ ਸਾਡੇ ਜਿਹੜੇ ਕਿਸਾਨ ਹਨ, ਉਹ ਕਰਜ਼ਾਈ ਵੀ ਹੋ ਗਏ ਔਰ ਸੁਸਾਈਡਜ਼ ਵੀ ਸ਼ੁਰੂ ਹੋ ਗਈਆਂ। ਤੁਹਾਡੀ ਮਾਰਫਤ, ਸਪੀਕਰ ਸਾਹਿਬ, ਮੈਂ ਪਰੀਵੀਅਸ ਗੌਰਮਿੰਟ ਤੋਂ ਪੁੱਛਣਾ ਚਾਹੁੰਦਾ ਹਾਂ, ਕਿ ਉਹ ਅੱਜ ਇੱਥੇ ਕਿਉਂ ਨਹੀਂ ਬੈਠੇ ? ਉਨ੍ਹਾਂ ਨੂੰ ਪਤਾ ਹੋਵੇਗਾ । ਉਹ ਅੱਜ ਸ਼ਰਮਸ਼ਾਰ ਹੋ ਕੇ ਇੱਥੋਂ ਚਲੇ ਗਏ

ਕਿ ਉਨ੍ਹਾਂ ਕੋਲ ਇਸ ਚੀਜ਼ ਦਾ ਜਵਾਬ ਨਹੀਂ ਸੀ । ਕੀ ਅੱਜ ਇਹ ਪੰਜਾਬ ਨੂੰ ਜਵਾਬ ਦੇ ਰਹੇ ਹਨ, ਕਿ ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਨੇ ਸੁਸਾਈਡ ਕਰਨੀ ਕਿਉਂ ਸ਼ੁਰੂ ਕਰ ਦਿੱਤੀ । ਕੋਈ ਉਨ੍ਹਾਂ ਕੋਲ ਜਵਾਬ ਹੈ। ਇਸ ਦੀ ਇਨਕੁਆਰੀ ਕਰਵਾਉਣੀ ਚਾਹੀਦੀ ਹੈ । ਇਸ ਦੀ ਜਿੰਨੀ ਦੇਰ ਤੱਕ ਇਨਕੁਆਰੀ ਨਹੀਂ ਹੋਵੇਗੀ, ਗੱਲ ਨਹੀਂ ਬਣਨੀ । ਲੋਕਾਂ ਸਾਹਮਣੇ ਅੱਜ ਵਾਈਟ ਪੇਪਰ ਰੱਖਿਆ ਹੈ। ਅਸੀਂ ਇਕਾਨਮੀ ਤੇ ਲਿਖਿਆ ਹੈ । ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਦਾ ਵੀ ਵਾਈਟ ਪੇਪਰ ਲਿਆਉਣਾ ਪਵੇਗਾ ਕਿ ਇੰਨੇ ਲੋਕਾਂ ਕਰਕੇ ਕਿੰਨੇ ਲੋਕਾਂ ਦੀ ਗਰੀਬੀ ਵਿੱਚ ਮੌਤ ਹੋ ਗਈ । ਇਨ੍ਹਾਂ ਦੀਆਂ ਰੌਂਗ ਪਾਲਿਸੀਆਂ, ਇਨ੍ਹਾਂ ਦੀ ਕੁਨੀਤੀਆਂ ਕਰਕੇ ਕਿਸਾਨ, ਗਰੀਬ ਭਰਾ, ਅੱਜ ਸਾਨੂੰ ਵਿਛੋੜਾ ਦੇ ਕੇ ਚਲੇ ਗਏ ਹਨ । ਜੇ ਰੂਰਲ ਡਿਵੈਲਪਮੈਂਟ ਦੀ ਗੱਲ ਕਰ ਲਈਏ ਤਾਂ ਉਸ ਵਿੱਚ ਵੀ ਕੱਖ ਨਹੀਂ ਲੱਭਦਾ । ਕੁਝ ਵੀ ਨਹੀਂ ਇਸ ਪੇਪਰ ਵਿੱਚ ਹੈ । ਮੈਂ ਦਸ ਸਾਲ ਇਨ੍ਹਾਂ ਦੀਆਂ ਕਿਤਾਬਾਂ ਇਕੱਠੀਆਂ ਕਰਦਾ ਰਿਹਾ ਹਾਂ । ਮੈਂ ਸੋਚਿਆ ਕਿ ਮੈਨੂੰ ਮੌਕਾ ਮਿਲੇਗਾ । ਅੱਜ ਮੌਕਾ ਮਿਲਿਆ ਪਰ ਇਹ ਮੈਦਾਨ ਛੱਡ ਗਏ । ਜੇ ਪਾਵਰ ਦੀ ਗੱਲ ਕਰ ਲਈਏ ਤਾਂ ਤੁਸੀਂ ਪਾਵਰ ਦੇਖ ਲਓ, ਪੰਜਾਬ ਵਿੱਚ ਇੰਡਸਟਰੀ ਕਿੱਥੇ ਹੈ । ਅੱਜ ਪੰਜਾਬ ਵਿੱਚ ਗੋਬਿੰਦਗੜ੍ਹ ਜਿਹੜੀ ਲੋਹੇ ਦੀ ਬਹੁਤ ਵੱਡੀ ਮੰਡੀ ਸੀ, ਉਹ ਅੱਜ ਬੰਦ ਪਈ ਹੈ । ਉਨ੍ਹਾਂ ਦੀਆਂ ਚਿਮਨੀਆਂ ਨੂੰ ਜੰਗ ਲੱਗ ਗਈ ਹੈ। ਮੈਂ ਇਸ ਗੱਲ ਤੇ ਆਪਣੀ ਗੌਰਮਿੰਟ ਨੂੰ, ਕੈਪਟਨ ਅਮਰਿੰਦਰ ਸਿੰਘ ਜੀ ਨੂੰ ਔਰ ਸਾਡੇ ਐਫ.ਐਮ. ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਬਿਜਲੀ ਦਾ ਯੂਨਿਟ ਸਾਢੇ ਸੱਤ ਰੁਪਏ ਤੋਂ ਘਟਾ ਕੇ ਪੰਜ ਰੁਪਏ ਲਿਆਂਦਾ ਹੈ। ਇਸ ਨਾਲ ਸਿੱਧਾ 1500 ਕਰੋੜ ਰੁਪਿਆ ਇੰਡਸਟਰੀ ਨੂੰ ਫਾਇਦਾ ਹੋਵੇਗਾ । (ਥੰਪਿੰਗ) ਦੂਜੀ ਗੱਲ ਕਰ ਲਈਏ । ਜਿੱਥੇ ਪੰਜਾਬ ਦੇ ਕਿਸਾਨਾਂ ਦੇ ਕਰਜ਼ੇ ਮਾਫ ਦੀ ਗੱਲ ਹੈ, ਮਾਫ ਕਰਨਾ, ਪਹਿਲਾਂ ਤਾਂ ਮੈਨੂੰ ਇਨ੍ਹਾਂ ਦੀ ਸੋਚ ਸਮਝ ਵਿੱਚ ਨਹੀਂ ਆਈ। ਮੈਂ ਆਮ ਆਦਮੀ ਪਾਰਟੀ ਵਾਲਿਆਂ ਨੂੰ ਅਣਜਾਣ ਸਮਝਦਾ ਹਾਂ ਲੇਕਿਨ ਪਿਛਲੇ ਦਸ ਸਾਲ ਤੋਂ ਅਕਾਲੀ ਦਲ ਵਾਲੇ ਪੰਜਾਬ ਦੀ ਇਕਾਨਮੀ ਦੀ ਗੱਡੀ ਦੇ ਡਰਾਈਵਰ ਰਹੇ ਸਨ । ਲੇਕਿਨ ਇਸ ਇਲੈਕਸ਼ਨ ਵਿੱਚ, ਰੀਸੈਂਟ ਜਿਹੜੇ ਰਿਜ਼ਲਟ ਆਏ ਹਨ, ਉਸ ਵਿੱਚ, ਲੋਕਾਂ ਦੀ ਅਦਾਲਤ ਵਿੱਚ ਲੋਕਾਂ ਨੇ ਅਕਾਲੀ ਦਲ ਦਾ ਡਰਾਈਵਿੰਗ ਲਾਇਸੰਸ ਰੈਸ਼ ਡਰਾਈਵਿੰਗ, ਰੌਂਗ ਪਾਰਕਿੰਗ ਆਫ ਫੰਡਜ਼ ਕਰਕੇ ਕੈਂਸਲ ਕਰ ਦਿੱਤਾ ਭਾਵ ਕਿ ਇਨ੍ਹਾਂ ਨੂੰ ਨਾਕਾਮ ਕਰਦੇ ਹੋਏ ਇਨ੍ਹਾਂ ਦਾ ਡਰਾਈਵਿੰਗ ਲਾਇਸੰਸ ਕੈਂਸਲ ਕਰ ਦਿੱਤਾ। ਹਾਂ, ਆਮ ਆਦਮੀ ਪਾਰਟੀ ਇੱਕ ਨਵੀਂ ਪਾਰਟੀ ਸੀ। ਇਨ੍ਹਾਂ ਨੇ ਲਾਇਸੰਸ ਵਾਸਤੇ ਅਪਲਾਈ ਜ਼ਰੂਰ ਕੀਤਾ ਸੀ ਲੇਕਿਨ ਅਜੇ ਇਨ੍ਹਾਂ ਨੂੰ ਲਰਨਰ ਲਾਇਸੰਸ ਹੀ ਮਿਲਿਆ ਹੈ, ਇਨ੍ਹਾਂ ਨੂੰ ਪੂਰਾ ਨਹੀਂ ਮਿਲਿਆ। ਰੇਸਿੰਗ ਡਰਾਈਵਿੰਗ ਦਾ ਅਤੇ ਹਾਈਵੇਅ ਤੇ ਚੱਲਣ ਦਾ ਲਾਇਸੰਸ ਤਾਂ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਪਾਰਟੀ ਨੂੰ ਹੀ ਦਿੱਤਾ ਹੈ, ਜਿਨ੍ਹਾਂ ਨੇ ਕਿਸਾਨੀ ਵੀ ਬਚਾਉਣ ਦਾ ਵਾਅਦਾ ਕੀਤਾ ਹੈ ਅਤੇ ਜਵਾਨੀ ਵੀ ਬਚਾਉਣ ਦਾ ਵਾਅਦਾ ਕੀਤਾ ਹੈ। ਤੁਹਾਡੇ ਸਾਹਮਣੇ ਅੱਜ ਸੈਂਕੜੇ ਬੰਦੇ ਡਰੱਗਜ਼ ਕਰਕੇ ਪਕੜੇ ਗਏ ਹਨ ਜਿਹੜੇ ਕਿ ਇਸ ਧੰਦੇ ਦੇ ਵਿੱਚ ਸ਼ਾਮਲ ਸੀ ਔਰ ਕਿਸਾਨੀ ਵਾਸਤੇ ਮੈਂ ਫਿਰ ਇੱਕ ਵਾਰ ਕੈਪਟਨ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਬੜੀ ਫਰਾਖਦਿਲੀ ਨਾਲ ਦਸ ਲੱਖ ਪੱਚੀ ਹਜ਼ਾਰ ਪਰਿਵਾਰਾਂ ਨੂੰ ਕਰਜ਼ੇ ਤੋਂ ਮੁਆਫੀ ਦਿੱਤੀ । ਮੇਰੇ ਸਾਹਮਣੇ ਬੈਠੇ ਦੋਸਤ ਬੜੇ ਇੰਟੈਲੀਜੈਂਟ ਹਨ ਲੇਕਿਨ ਇਹ ਕਾਹਲੇ ਬੜੇ ਪੈਂਦੇ ਹਨ । ਸਪੀਕਰ ਸਾਹਿਬ, ਮੈਨੂੰ ਤਾਂ ਇਹ ਸਮਝ ਨਹੀਂ ਆਈ ਕਿ ਪਰਸੋਂ ਦੀ ਇਹੀ ਡਿਬੇਟ ਚੱਲੀ ਜਾ ਰਹੀ

[ਰਾਣਾ ਗੁਰਮੀਤ ਸਿੰਘ ਸੋਢੀ]
ਹੈ ਕਿ ਦੱਸੋ ਜੀ, 21,000 ਕਰੋੜ ਰੁਪਿਆ, ਲਿਆਓ ਫਟਾਫਟ 21,000 ਕਰੋੜ ਰੁਪਿਆ। ਦੱਸੋ ਤੁਸੀਂ ਛੱਡ ਕੇ ਕੀ ਗਏ ਜਿਹੜਾ 21,000 ਕਰੋੜ ਰੁਪਿਆ ਕਹਿੰਦੇ ਹੋ, ਤੁਸੀਂ ਤਾਂ 21,000 ਰੁਪਿਆ ਵੀ ਨਹੀਂ ਛੱਡ ਕੇ ਗਏ। ਮੇਰੇ ਇੰਟੈਲੀਜੈਂਟ ਦੋਸਤ ਜਿਹੜੇ ਹਨ, ਉਹ ਇਹ ਭੁੱਲ ਗਏ, ਦੋਨੋਂ ਬੈਂਚਾਂ ਵਾਲੇ, ਆਮ ਆਦਮੀ ਪਾਰਟੀ ਵਾਲੇ ਵੀ ਅਤੇ ਸਾਡੇ ਅਕਾਲੀ ਦਲ ਵਾਲੇ ਵੀ ਕਿ ਜਿਹੜਾ .... (ਮਾਨਯੋਗ ਸਪੀਕਰ ਸਾਹਿਬ ਵੱਲੋਂ ਬੈਠਣ ਦਾ ਇਸ਼ਾਰਾ) .... ਸਪੀਕਰ ਸਾਹਿਬ, ਤੁਸੀਂ ਮੈਨੂੰ ਅਖੀਰ ਤੇ ਟਾਈਮ ਦਿੱਤਾ ਹੈ ਤੇ ਤੁਸੀਂ ਹੁਣ ਹੱਥ ਨਾ ਮਾਰੋ ...

ਮਾਨਯੋਗ ਸਪੀਕਰ : ਅਜੇ ਹੋਰ ਵੀ ਮੈਂਬਰਾਂ ਨੇ ਬੋਲਣਾ ਹੈ ।

ਰਾਣਾ ਗੁਰਮੀਤ ਸਿੰਘ ਸੋਢੀ : ਉਹ ਜਿੰਨਾ ਮਰਜ਼ੀ ਬੋਲਣ ਲੇਕਿਨ ਮੇਰੀ ਗੱਲ ਪੂਰੀ ਹੋ ਲੈਣ ਦਿਓ।

ਮਾਨਯੋਗ ਸਪੀਕਰ : ਫਾਈਨਾਂਸ ਮਨਿਸਟਰ ਸਾਹਿਬ ਨੇ ਵੀ ਬੋਲਣਾ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ਜੇ ਮੈਂ ਗੱਲ ਪੂਰੀ ਨਾ ਕੀਤੀ ਤਾਂ ਫਿਰ ਗੱਲ ਦਾ ਫਾਇਦਾ ਕੋਈ ਨਹੀਂ।

ਮਾਨਯੋਗ ਸਪੀਕਰ : ਕਰ ਲਵੋ, ਕਰ ਲਵੋ।

ਰਾਣਾ ਗੁਰਮੀਤ ਸਿੰਘ ਸੋਢੀ : ਮੈਂ ਮਨਿਸਟਰ ਸਾਹਿਬ ਦੇ ਹੱਕ ਦੀ ਗੱਲ ਹੀ ਕਰਨੀ ਹੈ, ਇਨ੍ਹਾਂ ਤੇ ਪੁਆਇੰਟ ਹੀ ਲਿਆਉਣਾ ਹੈ।

(**ਕੁਝ ਆਵਾਜ਼ਾਂ** : ਕਹਿ ਲੈਣ ਦਿਓ ਜੀ। ਤੁਸੀਂ ਗਾਗਰ ਵਿੱਚ ਸਾਗਰ ਭਰ ਦਿਓ।)

ਰਾਣਾ ਗੁਰਮੀਤ ਸਿੰਘ ਸੋਢੀ : ਵੇਖੋ, ਗਾਗਰ ਵਿੱਚ ਸਾਗਰ ਤਾਂ ਹੋ ਗਈ ਪਰ ਅੱਗੇ ਦੋ ਗੱਲਾਂ ਸੁਣ ਲਵੋ। ਇਨ੍ਹਾਂ ਦੀ ਸਿਚੂਏਸ਼ਨ ਇਹ ਹੈ ....

ਮਾਨਯੋਗ ਸਪੀਕਰ : ਸਾਰੇ ਕਹਿੰਦੇ ਹਨ ਕਿ ਗਾਗਰ ਵਿੱਚ ਸਾਗਰ ਭਰੋ।

ਰਾਣਾ ਗੁਰਮੀਤ ਸਿੰਘ ਸੋਢੀ : ਜਿਹੜੇ ਆਮ ਆਦਮੀ ਪਾਰਟੀ ਵਾਲੇ ਹਨ, ਇਹ ਤਾਂ traders of dreams ਨੇ, ਸਪਨੋਂ ਕੇ ਸੌਦਾਗਰ। ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਕਾਂਗਰਸ ਪਾਰਟੀ ਜਿਹੜੀ ਹੈ, they are merchants of realities. ਅਸੀਂ ਰਿਐਲਟੀਜ਼ ਲਿਆਂਦੀਆਂ ਹਨ। ਅਸੀਂ ਗਰਾਊਂਡ ਨਾਲ, ਧਰਤੀ ਨਾਲ ਜੁੜ ਕੇ ਸਟਰਕਚਰਡ ਇੰਪਲੀਮੈਂਟੇਸ਼ਨਜ਼ ਵਿੱਚ believe ਕੀਤਾ ਹੈ ਔਰ ਉਹ ਸਟਰਕਚਰਡ ਇੰਪਲੀਮੈਂਟੇਸ਼ਨ ਜਿਹੜੀ ਹੈ, ਉਹ ਇਥੋਂ ਦਰਸਾਉਂਦੀ ਹੈ ਕਿ ਜਿਹੜਾ ਅਸੀਂ ਦੋ ਲੱਖ ਰੁਪਿਆ ਕਰਜ਼ਾ ਮੁਆਫ ਕੀਤਾ ਹੈ, ਇਨ੍ਹਾਂ ਨੂੰ ਇੰਨੀ ਸਮਝ ਹੋਣੀ ਚਾਹੀਦੀ ਹੈ ਕਿ ਹਰ ਪਰਿਵਾਰ ਦੋ ਲੱਖ ਰੁਪਏ ਦੇ ਕਰਜ਼ੇ ਥੱਲੇ ਨਹੀਂ ਆਇਆ। ਸੀ.ਐਮ. ਸਾਹਿਬ ਨੇ ਬੜੇ ਚੰਗੇ ਢੰਗ ਨਾਲ ਐਕਸਪਲੇਨ ਕੀਤਾ ਹੈ ਕਿ ਸਾਡੀ ਬੈਂਕਾਂ ਨਾਲ ਗੱਲ ਚਲੀ ਜਾ ਰਹੀ ਹੈ। ਉਸ ਦਾ ਇੰਨਾ ਪੈਸਾ ਬਣਦਾ ਹੈ ਔਰ

ਉਸ ਦੀ ਪਹਿਲੀ ਕਿਸ਼ਤ ਇਸ ਬਜਟ ਵਿੱਚ ਅਦਾਇਗੀ ਦੇ ਤੌਰ ਤੇ ਪਾ ਦਿੱਤੀ ਗਈ ਹੈ। ਅੱਜ ਤੋਂ ਬਾਅਦ ਕਿਸੇ ਵੀ ਕਿਸਾਨ ਤੇ, ਜਿਹੜਾ ਇਸ ਕੈਟੇਗਰੀ ਵਿੱਚ ਆਉਂਦਾ ਹੈ, ਜਿਹੜਾ ਮਾਰਜਨਲ ਫਾਰਮਰ ਹੈ ਜਾਂ ਪੰਜ ਏਕੜ ਤੱਕ ਦਾ ਫਾਰਮਰ ਹੈ, ਉਸ ਦੇ ਸਿਰ ਤੇ ਕੋਈ ਕਰਜ਼ਾ ਨਹੀਂ ਹੈ। That has been taken over by the Government of Punjab and the party led by Captain Amrinder Singh. ਸੋ, ਇਸ ਕਰਕੇ ਮੇਰੇ ਵੀਰਾਂ ਨੂੰ ਸਮਝ ਆਉਣੀ ਚਾਹੀਦੀ ਹੈ ਕਿ ਇਹ ਜਿਹੜਾ ਕੰਮ ਕਰਦੇ ਹਾਂ ਕਿ ਹੁਣੇ ਜੀ 21,000 ਕਰੋੜ ਰੁਪਿਆ ਸਾਡੇ ਕੋਲ ਰੱਖੋ, ਨਹੀਂ ਤਾਂ ਅਸੀਂ ਚੱਲੇ। ਜਾਣਾ ਕਿੱਥੇ ਹੈ ਇਨ੍ਹਾਂ ਨੇ ? ਦੂਜੀ ਗੱਲ, ਇਹ ਹਰ ਗੱਲ ਵਿੱਚ ਕਹਿਣਗੇ ਕਿ ਸਾਡੇ ਨਾਲ ਧੱਕਾ ਹੋ ਰਿਹਾ ਹੈ ਜੀ। ਵੈਨਡੈਟਾ ਹੋ ਰਿਹਾ ਹੈ ਜੀ। ਜੇ ਉੱਪਰ ਸਾਡੀ ਸਰਕਾਰ ਸੀ, ਕਾਂਗਰਸ ਪਾਰਟੀ ਦੀ ਸੈਂਟਰ ਵਿੱਚ ਤਾਂ ਕਹਿੰਦੇ ਸੀ ਸਾਡੇ ਨਾਲ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ। ਸਾਡੇ ਨਾਲ ਵੈਨਡੈਟਾ ਹੋ ਰਿਹਾ ਹੈ। ਮੈਂ ਇੱਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਹਨੇਰਾ ਹਨੇਰੇ ਨੂੰ ਨਹੀਂ ਖਤਮ ਕਰ ਸਕਦਾ। ਉਸ ਨੂੰ ਤਾਂ ਲਾਈਟ ਹੀ ਖਤਮ ਕਰਦੀ ਹੈ। ਇਸ ਦਾ ਅੰਗਰੇਜ਼ੀ ਵਿੱਚ ਤਰਜਮਾ ਵੀ ਹੈ ਅਤੇ it was said by a very famous person, King Luther the Junior, who was civil activist in Africa. ਉਸ ਨੇ ਕਿਹਾ ਹੈ ਕਿ Darkness cannot drive out darkness, only light can; hate cannot drive out hate, only the love can. So we, the Congress Party is here to love Punjab, to love all (thumping). Not to have vendetta with these few people (Pointing towards Opposition Benches). ਸਾਡਾ ਢਿੱਡ ਇੰਨੇ ਕੁ ਨਾਲ ਪੂਰਾ ਨਹੀਂ ਹੋਣਾ, ਸਾਡੇ ਕੋਲ ਹੋਰ ਬੜੇ ਵੱਡੇ ਕੰਮ ਹਨ, ਕਾਂਗਰਸ ਪਾਰਟੀ ਦੇ ਕੋਲ ਔਰ ਇਸ ਗੌਰਮਿੰਟ ਕੋਲ ਜਿਸ ਨੇ ਪੰਜਾਬ ਅਤੇ ਪੰਜਾਬੀਅਤ ਨੂੰ ਦੁਬਾਰਾ ਉਭਾਰ ਕੇ ਪਹਿਲੇ ਨੰਬਰ ਤੇ ਲੈ ਕੇ ਆਉਣਾ ਹੈ। ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਨਾਲ ਹੀ ਇਹ ਵੀ ਦੱਸਣਾ ਚਾਹਾਂਗਾ ਕਿ ਪ੍ਰੀਵੀਅਸ ਗੌਰਮਿੰਟ 13039 ਕਰੋੜ ਰੁਪਏ ਦਾ ਡੈਫੀਸਿਟ ਛੱਡ ਕੇ ਗਈ ਹੈ ਜਿਸ ਨੂੰ ਫਿਰ ਅਸੀਂ ਕਰਜ਼ੇ ਵਿੱਚ ਪਾ ਲਿਆ ਹੈ । ਇਸ ਦੇ ਨਾਲ ਨਾਲ ਹੀ ਜਿਹੜੀਆਂ ਸਾਡੀਆਂ ਪੀ.ਐਸ.ਯੂਜ਼ ਸਨ ਉਨ੍ਹਾਂ ਤੇ ਵੀ ਕਰਜ਼ੇ ਲੈ ਲਏ, ਉਹ ਛੱਡੋ, ਜਿਹੜੇ ਬੋਰਡ ਤੇ ਕਾਰਪੋਰੇਸ਼ਨਾਂ ਸਨ ਉਨ੍ਹਾਂ ਤੇ ਤਾਂ 4435 ਕਰੋੜ ਰੁਪਏ ਦਾ ਕਰਜ਼ਾ ਲੈ ਹੀ ਲਿਆ ਲੇਕਿਨ ਮੈਂ ਦੱਸਣਾ ਚਾਹਾਂਗਾ ਤੇ ਸ਼ਰਮ ਆਉਂਦੀ ਹੈ ਕਿ ਇੱਕ ਬਿਰਧ ਆਸ਼ਰਮ destitute ladies ਲਈ ਅੰਮ੍ਰਿਤਸਰ ਵਿਖੇ ਹੈ, ਉਸ ਤੇ ਵੀ ਕਰਜ਼ਾ ਲੈ ਲਿਆ ਹੈ, ਇਹ ਹਾਲ ਵੀ ਹੋਇਆ ਹੈ। ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ ? ਮੈਂ ਇੱਕ ਹੋਰ ਗੱਲ ਕਹਾਂਗਾ ਕਿ ਜਿਹੜੀ ਪ੍ਰੀਵੀਅਸ ਗੌਰਮਿੰਟ ਸੀ..... । ਸਪੀਕਰ ਸਾਹਿਬ, ਤੁਸੀਂ ਇਸ਼ਾਰਾ ਕਰੀ ਜਾਂਦੇ ਹੋ। ਦੱਸੋ।

ਮਾਨਯੋਗ ਸਪੀਕਰ: ਬੋਲਣ ਵਾਲੇ ਕਾਫੀ ਬੁਲਾਰੇ ਹਨ।

ਰਾਣਾ ਗੁਰਮੀਤ ਸਿੰਘ ਸੋਢੀ: ਦੋ-ਚਾਰ ਮਿੰਟ ਤਾਂ ਲੱਗਣਗੇ ਹੀ।

ਮਾਨਯੋਗ ਸਪੀਕਰ: ਦੋ ਮਿੰਟ ਲਗਾ ਲਵੋ।

ਰਾਣਾ ਗੁਰਮੀਤ ਸਿੰਘ ਸੋਢੀ: ਸਪੀਕਰ ਸਾਹਿਬ, ਪ੍ਰੀਵੀਅਸ ਗੌਰਮਿੰਟ ਹੈ they were suffering from four syndromes. First is delusion ਉਹ ਕੀ ਸੀ ? ਇੱਕ ਤਾਂ ਉਨ੍ਹਾਂ ਨੂੰ ਹਰ ਗੱਲ ਕਹਿ ਕੇ ਭੁੱਲਦੇ ਬੜੇ ਸੀ, amnesia, arrogance and inertia. ਇਹ ਚਾਰ ਚੀਜ਼ਾਂ ਉਹ ਹਨ ਜਿਨ੍ਹਾਂ ਦੀ ਵਜ੍ਹਾ ਕਰਕੇ ਅੱਜ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਨਕਾਰਿਆ ਔਰ ਉਹ ਅੱਜ ਸਾਡੇ ਸਾਹਮਣੇ ਹੁੰਦੇ ਹੋਏ ਵੀ ਸਾਡੇ ਸਾਹਮਣੇ ਨਹੀਂ ਹਨ। ਇਹ ਚੀਜ਼ ਜਿਹੜੀ ਹੈ ਇਹ ਉਨ੍ਹਾਂ ਨੂੰ ਨੋਟਿਸ ਕਰਨੀ ਪਵੇਗੀ ਕਿ ਐਰੋਗੈਂਸ ਦੇ ਨਾਲ ਡੈਮੋਕਰੇਸੀ ਨਹੀਂ ਚੱਲਦੀ, ਧੱਕੇਸ਼ਾਹੀ ਨਾਲ ਡੈਮੋਕਰੇਸੀ ਨਹੀਂ ਚੱਲਦੀ । ਜਿਥੋਂ ਤੱਕ ਆਮ ਆਦਮੀ ਪਾਰਟੀ ਦਾ ਸਵਾਲ ਹੈ, ਉਨ੍ਹਾਂ ਦਾ ਇਹ ਹੈ ਕਿ ਜਿਸ ਨੇ ਲਾਈ ਗੱਲੀਂ ਉਸ ਦੇ ਨਾਲ ਤੁਰ ਚੱਲੀ। ਉਨ੍ਹਾਂ ਦਾ ਤਾਂ ਕੋਈ ਹਿਸਾਬ ਕਿਤਾਬ ਹੀ ਹੈ ਨਹੀਂ ਹੈ । ਦੂਜਾ ਐਗਰੀਕਲਰ ਦੇ ਬਾਰੇ ਮੈਂ ਤੁਹਾਨੂੰ ਦੱਸ ਦਿੱਤਾ ਹੈ ਕਿ ਕਿਸ ਤਰ੍ਹਾਂ ਫਰਾਖਦਿਲੀ ਦੇ ਨਾਲ ਸਰਦਾਰ ਮਨਪ੍ਰੀਤ ਸਿੰਘ ਜੀ ਨੇ ਇਹ ਸਾਰੇ ਕੰਮ ਕੀਤੇ ਹਨ, ਚਾਹੇ ਉਹ ਸ਼ੂਗਰ ਕੋਆਪਰੇਟਿਵ ਦਾ ਮਹਿਕਮਾ ਹੈ, ਚਾਹੇ ਉਹ ਮਿਲਕ ਪਲਾਂਟਸ ਦੀ ਗੱਲ ਹੈ, ਚਾਹੇ ਉਹ ਨਵੇਂ ਬੀਜ ਤੇ ਹੋਰਾਂ ਦੀ ਗੱਲ ਹੈ । ਇਸੇ ਤਰ੍ਹਾਂ ਉਨ੍ਹਾਂ ਨੇ ਸਕੂਲਾਂ ਤੇ ਕਾਲਜਾਂ ਵਿੱਚ ਵੀ ਕਰੋੜਾਂ ਰੁਪਏ ਮੁਹੱਈਆ ਕਰਵਾਏ ਹਨ । ਚਾਹੇ ਛੋਟੇ ਬੱਚਿਆਂ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਲਈ ਉਨ੍ਹਾਂ ਦੇ ਬਲੈਕ ਬੋਰਡਜ਼ ਦੀ ਗੱਲ ਹੈ, ਚਾਹੇ ਫਰਨੀਚਰ ਦੀ ਗੱਲ ਹੈ, ਚਾਹੇ ਡਿਗਰੀ ਕਾਲਜਿਜ਼ ਹਨ, ਉਨ੍ਹਾਂ ਵਾਸਤੇ ਵੀ ਪੈਸਾ ਮੁਹੱਈਆ ਕੀਤਾ ਹੈ। ਇਹ ਪਹਿਲੀ ਦਫਾ ਹੋਇਆ ਹੈ ਕਿ ਜਿਹੜੀਆਂ ਕਿਤਾਬਾਂ ਹਨ ਉਹ ਅੱਠਵੀਂ ਕਲਾਸ ਤੱਕ ਫਰੀ ਸੀ, ਲੇਕਿਨ ਇਸ ਬਜਟ ਵਿਚ ਪੈਸੇ ਘੱਟ ਹੁੰਦਿਆਂ / ਨਾ ਹੁੰਦਿਆਂ ਵੀ ਏਨੀ ਫਰਾਖਦਿਲੀ ਦੇ ਨਾਲ ਇਨ੍ਹਾਂ ਨੇ ਜਿਹੜੀਆਂ ਬਾਕੀ ਦੀਆਂ ਕਲਾਸਾਂ ਨੌਵੀਂ, ਦਸਵੀਂ, ਗਿਆਰਵੀਂ ਹਨ, ਉਨ੍ਹਾਂ ਲਈ ਬੁੱਕਸ ਜਿਹੜੀਆਂ ਹਨ ਉਹ ਫਰੀ ਕਰਕੇ 30 ਕਰੋੜ ਰੁਪਏ ਦਾ ਐਲਾਨ ਕੀਤਾ ਹੈ। (ਥੰਪਿੰਗ) ਲੜਕੀਆਂ ਦੀ ਐਜੂਕੇਸ਼ਨ ਬਾਰੇ ਪਹਿਲੀ ਤੋਂ ਲੈ ਕੇ ਪੀ.ਐਚ.ਡੀ. ਤੱਕ ਸੀ.ਐਮ.ਸਾਹਿਬ ਨੇ ਖੁਦ ਹਾਊਸ ਵਿਚ ਐਲਾਨ ਕੀਤਾ ਹੈ ਕਿ ਅਸੀਂ ਉਨ੍ਹਾਂ ਨੂੰ ਐਜੂਕੇਸ਼ਨ ਫਰੀ ਦਿਆਂਗੇ। ਇਸੇ ਤਰ੍ਹਾਂ ਹਿਸਟਾਰੀਕਲ ਕਾਲਜਿਜ ਹਨ, ਕੋਈ 1875 ਦਾ ਬਣਿਆ ਹੈ, ਕੋਈ 1856 ਦਾ ਬਣਿਆ ਹੈ, ਮਲੇਰਕੋਟਲਾ ਦਾ 1926 ਵਿੱਚ, ਹੁਸ਼ਿਆਰਪੁਰ 1927 ਵਿੱਚ ਤੇ 1932 ਵਿੱਚ ਅੰਮ੍ਰਿਤਸਰ ਬਣਿਆ ਹੈ। ਇਹ ਜਿਹੜੀਆਂ ਹਿਸਟੋਰੀਕਲ ਬਿਲਡਿੰਗਜ਼ ਸਨ, ਇਨ੍ਹਾਂ ਵਾਸਤੇ ਸਾਡੀ ਸਰਕਾਰ ਨੇ ਪੈਸਾ ਮੁਹੱਈਆ ਕੀਤਾ ਹੈ, ਇਹ ਕੋਈ ਛੋਟੀ ਗੱਲ ਨਹੀਂ ਹੈ ।ਸਰਦਾਰ ਮਨਪ੍ਰੀਤ ਸਿੰਘ ਜੀ ਮੈਂ ਸੀਰੀਅਸਲੀ ਕਹਿ ਰਿਹਾ ਹਾਂ ਔਰ ਮੈਂ ਦਾਦ ਦਿੰਦਾ ਹਾਂ ਤੁਹਾਡੀ ਤੇ ਤੁਹਾਡੀ ਟੀਮ ਦੀ, ਸਾਰੇ ਬਿਊਰੋਕਰੇਟਸ ਦੀ ਜਿਹੜੇ ਇਸ ਬਜਟ ਨੂੰ present ਕਰਨ ਵਿਚ ਸ਼ਾਮਲ ਹੋਏ ਕਿ ਤੁਸੀਂ ਇੰਨਾ ਬਰੀਕੀ ਔਰ ਸੰਜੀਦਗੀ ਨਾਲ ਸਾਰਾ ਕੰਮ ਕੀਤਾ ਹੈ ਔਰ ਇਹ ਬਜਟ ਲਿਆਂਦਾ ਹੈ।

Mr. Speaker : Thank you, Thank you.

ਰਾਣਾ ਗੁਰਮੀਤ ਸਿੰਘ ਸੋਢੀ : ਸਰ, ਇੱਕ ਮਿੰਟ ਠਹਿਰ ਜਾਉ । ਹੁਣ ਮੈਂ ਤੁਹਾਨੂੰ ਜਿਹੜੇ ਮੇਰੇ ਕਾਬਲ ਦੋਸਤ ਹਨ ਉਨ੍ਹਾਂ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕੈਪਟਨ ਸਾਹਿਬ ਨੇ ਇਹ ਸਕੀਮ ਦਿੱਤੀ, ਕਾਂਗਰਸ ਪਾਰਟੀ ਦੀ ਇਹ ਸੋਚ ਸੀ ਕਿ ਅਸੀਂ ਹਰ ਘਰ ਵਿਚ ਨੌਕਰੀ ਦਿਆਂਗੇ, ਅਸੀਂ ਉਨ੍ਹਾਂ ਨੂੰ ਗੱਡੀਆਂ ਲੈ ਕੇ ਦਿਆਂਗੇ, ਟੈਕਸੀਆਂ ਲੈ ਕੇ

ਦਿਆਂਗੇ। ਹੁਣ ਇਨ੍ਹਾਂ ਦਾ ਮਤਲਬ ਪਤਾ ਕੀ ਹੈ ਕਿ ਸਵੇਰੇ ਜਿੰਨੀਆਂ ਵੀ ਏਜੰਸੀਆਂ ਹਨ, ਸਾਰੇ ਹੀ ਗੱਡੀਆਂ ਖੜ੍ਹੀਆਂ ਕਰਕੇ ਇਨ੍ਹਾਂ ਦੇ ਅੱਗੇ ਲਿਆ ਕੇ ਖੜ੍ਹੇ ਕਰ ਦੇਣ ਭਾਵ ਕਿ 35-40 ਹਜ਼ਾਰ ਗੱਡੀਆਂ ਲਿਆ ਕੇ ਇਨ੍ਹਾਂ ਦੇ ਅੱਗੇ ਖੜ੍ਹੀਆਂ ਕਰ ਦਿਉ ਕਿ ਇਥੇ ਲੁੱਟ ਪਾ ਦਿਉ ਕਿ ਚੁੱਕ ਲਵੋ ਜਿਸ ਨੇ ਚੁੱਕਣੀ ਹੈ। ਇਸ ਤਰ੍ਹਾਂ ਨਹੀਂ ਹੁੰਦਾ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਰ ਚੀਜ਼ ਸਿਸਟਮ ਵਿੱਚ ਹੁੰਦੀ ਹੈ। ਜਦ ਤੱਕ ਕੋਈ ਸਿਸਟਮ ਨਾ ਬਣੇ, ਉਦੋਂ ਤੱਕ ਕੋਈ ਗੱਲ ਨਹੀਂ ਬਣਦੀ, that system is very important, ਜਿਹੜੇ ਨੌਜਵਾਨ ਅਨਇੰਪਲਾਇਡ ਹਨ, ਗੱਡੀਆਂ ਵਾਸਤੇ they will apply through a proper channel. They would be examined, ਜੇ ਉਨ੍ਹਾਂ ਨੂੰ ਨੌਕਰੀ ਚਾਹੀਦੀ ਹੈ ਤਾਂ ਉਨ੍ਹਾਂ ਦੀ ability ਅਤੇ capability ਕੀ ਹੈ। ਜੇ ਉਹ ਗੱਡੀ ਚਲਾ ਰਿਹਾ ਹੈ ਤਾਂ ਕੀ ਉਹ ਉਸ ਨੂੰ ਖਰੀਦ ਸਕਦਾ ਹੈ? ਕੀ ਉਸ ਨੂੰ ਕੰਪਨਸੇਸ਼ਨ ਦਿੱਤੀ ਜਾ ਸਕਦੀ ਹੈ? ਸਬਸਿਡੀ ਦਿੱਤੀ ਜਾ ਸਕਦੀ ਹੈ ਜਾਂ ਕਿਰਾਏ ਤੇ ਗੱਡੀ ਲੈ ਕੇ ਆਪਣਾ ਰੁਜ਼ਗਾਰ ਕਰ ਸਕਦਾ ਹੈ? Idea is to provide the employment, idea is to give them ਰੋਟੀ, ਕੱਪੜਾ ਅਤੇ ਮਕਾਨ। ਇਹ ਨਹੀਂ ਕਿ ਗੱਡੀਆਂ ਲੈ ਕੇ ਦੇ ਦੇਈਏ। ਜਿਵੇਂ ਆਪੋਜ਼ੀਸ਼ਨ ਵਾਲੇ ਤੁਹਾਡੇ ਕੋਲੋਂ 21,000 ਕਰੋੜ ਰੁਪਿਆ ਸਵੇਰੇ ਮੰਗਦੇ ਸਨ ਕਿ ਹੁਣੇ ਦੇ ਦਿਓ।

ਮਾਨਯੋਗ ਸਪੀਕਰ : ਸੋਢੀ ਸਾਹਿਬ, ਧੰਨਵਾਦ। ਹੁਣ ਸਰਦਾਰ ਫਤਹਿਜੰਗ ਸਿੰਘ ਬਾਜਵਾ ਬੋਲਣਗੇ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਇਕ ਮਿੰਟ ਜੀ, ਮੇਰੀ ਗੱਲ ਸੁਣ ਲਓ।

ਮਾਨਯੋਗ ਸਪੀਕਰ : ਤੁਹਾਡੀ ਗੱਲ ਆ ਗਈ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਤੁਸੀਂ ਇੰਨੀ ਜਲਦਬਾਜ਼ੀ ਕਿਉਂ ਕਰਦੇ ਹੋ, ਤੁਸੀਂ ਕਿਤੇ ਜਾਣਾ ਹੈ, ਸਪੀਕਰ ਸਾਹਿਬ।(ਹਾਸਾ) ਮੇਰੀ ਗੁਸਤਾਖੀ ਮਾਫ, ਬਸ ਥੋੜ੍ਹਾ ਟਾਈਮ ਦੇ ਦਿਓ।

ਮਾਨਯੋਗ ਸਪੀਕਰ : ਮੈਂ ਤੁਹਾਡਾ ਖਿਆਲ ਰੱਖਣਾ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ਬਸ ਦੋ ਮਿੰਟ ਦੀ ਗੱਲ ਹੈ। So the motive of this government is, ਜਿਹੜੀ ਇਸ ਗੌਰਮਿੰਟ ਦੀ ਗਹਿਰਾਈ ਦੀ ਸੋਚ ਹੈ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ we believe to let all be happy, Let all be healthy, Let all see good and let no one ever suffer from sorrow. ਸਾਡੀ ਸੋਚ ਇਹ ਹੈ। ਇਹ ਆਪੋਜ਼ੀਸ਼ਨ ਵਾਲਿਆਂ ਨੂੰ ਵੀ ਦੱਸਣਾ ਬੜਾ ਜ਼ਰੂਰੀ ਹੈ, ਲੋਕਾਂ ਤੱਕ ਤਾਂ ਗੱਲ ਪਹੁੰਚ ਹੀ ਜਾਵੇਗੀ। ਮੀਡੀਆ ਵਾਲੇ ਵੀ ਮੇਰੇ ਸੱਜਣ ਉਥੇ ਬਾਹਰ ਸਨ, ਜਦੋਂ ਨਗਾਰਾ ਜਿਹਾ ਵੱਜਦਾ ਹੈ ਅਤੇ ਰੌਲਾ ਪੈਂਦਾ ਹੈ, ਉੱਧਰ ਨੂੰ ਜ਼ਿਆਦਾ ਚਲੇ ਜਾਂਦੇ ਹਨ ਲੇਕਿਨ ਮੈਂ ਐਫ.ਐਮ. ਸਾਹਿਬ ਨੂੰ ਰਿਕੁਐਸਟ ਕਰਾਂਗਾ, kindly give one second, I shall be very very grateful. ਮੈਂ ਤੁਹਾਨੂੰ ਰਿਕੁਐਸਟ ਕੀਤੀ ਸੀ ਕਿ one stadium at my place, which

[ਰਾਣਾ ਗੁਰਮੀਤ ਸਿੰਘ ਸੋਢੀ]

you have promised earlier and ਮੇਰੇ ਮਮਦੋਟ ਏਰੀਏ ਵਿੱਚ ਜਿਹੜੀ forestations ਹੈ, ਤੁਹਾਡੇ ਨਾਲ ਜੰਗਲਾਤ ਮੰਤਰੀ ਵੀ ਬੈਠੇ ਹਨ, ਉਥੇ ਸਾਡੇ ਕੋਲ ਹਜ਼ਾਰ ਏਕੜ ਹੈ, ਜੇ ਤੁਸੀਂ ਇਸ ਵਿੱਚ ਜੰਗਲਾਤ ਦਾ ਕੰਮ ਸ਼ੁਰੂ ਕਰਵਾ ਦਿਓ ਤਾਂ ਬੜੀ ਮਿਹਰਬਾਨੀ ਹੋਵੇਗੀ। ਦੂਜਾ, ਮਮਦੋਟ ਵਿੱਚ ਲੋਕਲ ਸਬ ਡਵੀਜ਼ਨ ਦੀ ਮਿੰਨੀ ਸੈਕਟ੍ਰੀਏਟ ਦੀ ਬਿਲਡਿੰਗ ਹੈ, ਉਹ ਰਹਿਣ ਦੇ ਲਾਇਕ ਨਹੀਂ ਹੈ। ਉਸ ਵਾਸਤੇ ਜਗ੍ਹਾ ਹੈ ਜੇਕਰ ਤੁਸੀਂ ਪੈਸਾ ਮੁਹੱਈਆ ਕਰਵਾ ਦਿਓ ਤਾਂ ਬੜਾ ਅੱਛਾ ਹੋਵੇਗਾ ਅਤੇ ਉਥੋਂ ਦੇ ਲੋਕਾਂ ਨੂੰ ਸਹੂਲਤ ਮਿਲ ਜਾਵੇਗੀ। ਸਪੀਕਰ ਸਾਹਿਬ, once again I admire and endors this Budget fully and thanks a lot for giving me the opportunity to speak. Thank you very much. (Thumping)

ਸਰਦਾਰ ਫਤਿਹਜੰਗ ਸਿੰਘ ਬਾਜਵਾ (ਕਾਦੀਆਂ) : ਆਨਰੇਬਲ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਦਾਸ ਨੂੰ ਪੰਜਾਬ ਦੇ ਬਜਟ ਤੇ ਬੋਲਣ ਲਈ ਮੌਕਾ ਦਿੱਤਾ ਹੈ। ਸਾਰਿਆਂ ਤੋਂ ਪਹਿਲਾਂ ਮੈਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਦਿਲੀ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਜਿਹੜੀ ਉਨ੍ਹਾਂ ਨੇ ਕਿਸਾਨ ਦੇ ਕਰਜ਼ੇ ਦੀ ਗੱਲ ਕੀਤੀ ਸੀ । ਕੱਲ੍ਹ ਸਾਡੇ ਆਪੋਜ਼ੀਸ਼ਨ ਦੇ ਮੈਂਬਰਾਂ ਨੇ ਬੜਾ ਰੌਲਾ ਪਾਇਆ ਕਿ ਪੰਜਾਬ ਦੀ ਕਿਸਾਨੀ ਨਾਲ ਕੈਪਟਨ ਅਮਰਿੰਦਰ ਸਿੰਘ ਨੇ ਕੋਝਾ ਮਜ਼ਾਕ ਕਰ ਦਿੱਤਾ, ਸਿਰਫ 15,00 ਕਰੋੜ ਰੁਪਏ ਦਾ ਕਰਜ਼ਾ ਮਾਫ ਕੀਤਾ ਹੈ। ਕੈਪਟਨ ਸਾਹਿਬ ਨੇ ਅੱਜ ਹਾਊਸ ਵਿੱਚ ਦੱਸਿਆ ਹੈ ਕਿ ਪੰਜਾਬ ਦੀ ਕਿਸਾਨੀ ਦਾ ਕਰਜ਼ਾ ਮਾਫ ਕੀਤਾ ਹੈ, ਮੈਂ ਉਨ੍ਹਾਂ ਨੂੰ ਇਸ ਬਾਰੇ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ। ਖਾਸ ਕਰਕੇ ਐਫ.ਐਮ. ਸਾਹਿਬ ਨੂੰ ਵੀ ਮੈਂ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਇਹੋ ਜਿਹੇ ਵਾਤਾਵਰਨ ਵਿੱਚ ਇਹ ਸਟੈੱਪ ਲਿਆ ਜਦੋਂ ਸ਼੍ਰੋਮਣੀ ਅਕਾਲੀ ਅਤੇ ਭਾਜਪਾ ਦੀ ਸਰਕਾਰ ਨੇ ਪਿਛਲੇ 10 ਸਾਲਾਂ ਵਿੱਚ ਪੰਜਾਬ ਨੂੰ ਲੁੱਟਿਆ ਹੈ, ਪਿਛਲੇ 10 ਸਾਲਾਂ ਵਿੱਚ ਪੰਜਾਬ ਦੇ ਲੋਕਾਂ ਦਾ ਖੂਨ ਚੂਸਿਆ ਹੈ ਪਰ ਇਸ ਵਾਰੀ ਜਿਹੜਾ ਬਜਟ ਐਫ.ਐਮ. ਸਾਹਿਬ ਨੇ ਦਿੱਤਾ ਹੈ, ਇਨ੍ਹਾਂ ਨੇ ਹਰ ਚੀਜ਼ ਨੂੰ ਮੱਦੇਨਜ਼ਰ ਰੱਖ ਕੇ ਪੰਜਾਬ ਦਾ ਬਹੁਤ ਵਧੀਆ ਬਜਟ ਪੇਸ਼ ਕੀਤਾ ਹੈ। ਇਕ ਗੱਲ ਤੇ ਮੇਰੇ ਸਾਥੀ ਨੇ ਬੋਲਦਿਆਂ ਜ਼ਿਕਰ ਕੀਤਾ ਸੀ ਕਿ ਜਿਹੜੀ ਪੰਜਾਬ ਦੀ ਲੁੱਟ ਹੋਈ ਹੈ, ਅਸੀਂ ਪੰਜਾਬ ਦੇ ਲੋਕਾਂ ਨੂੰ ਗਲੀ ਗਲੀ ਵਿੱਚ ਅਤੇ ਸੜਕਾਂ ਤੇ ਜਾ ਕੇ ਇਹ ਗੱਲ ਕਹਿੰਦੇ ਰਹੇ ਹਾਂ ਕਿ ਜਦੋਂ ਕਾਂਗਰਸ ਦੀ ਸਰਕਾਰ ਆਈ ਤਾਂ ਜਿਹੜੇ ਲੋਕਾਂ ਨੇ ਪੰਜਾਬ ਨਾਲ ਧੋਖਾ ਕੀਤਾ ਹੈ, ਜਿਨ੍ਹਾਂ ਨੇ ਵੀ ਪੰਜਾਬ ਦਾ ਪੈਸਾ ਖਾਧਾ ਹੈ, ਅਸੀਂ ਉਨ੍ਹਾਂ ਲੋਕਾਂ ਨੂੰ ਕਟਹਿਰੇ ਵਿਚ ਜ਼ਰੂਰ ਖੜ੍ਹੇ ਕਰਾਂਗੇ। (ਥੰਪਿੰਗ) ਮੇਰੇ ਸਾਥੀ ਨੇ ਅੱਜ ਦਾਲ ਆਟਾ ਸਕੀਮ ਦਾ ਜ਼ਿਕਰ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਨੇ 'ਰਾਜ ਨਹੀਂ ਸੇਵਾ' ਦਾ ਇਕ ਸਲੋਗਨ ਦਿੱਤਾ ਸੀ। ਉਸ ਆਟੇ ਦਾਲ ਸਕੀਮ ਵਿੱਚ ਜਿਸ ਕਦਰ ਸ਼੍ਰੋਮਣੀ ਅਕਾਲੀ ਦਲ ਨੇ ਲਾਭ ਪਾਤਰ ਬਣਾਏ, ਘੱਟੋ ਘੱਟ 70 ਫੀਸਦੀ ਉਹ ਲੋਕ ਲਾਭਪਾਤਰ ਬਣਾਏ ਜਿਨ੍ਹਾਂ ਕੋਲ ਆਪਣੀ 10-10 ਕਿੱਲੇ ਜ਼ਮੀਨ ਸੀ। ਅਸਲੀ ਗਰੀਬਾਂ ਨੂੰ ਦਾਲ ਆਟੇ ਦੀ ਸਕੀਮ ਤੋਂ ਵਾਂਝੇ ਰੱਖਿਆ ਗਿਆ । (ਸ਼ੇਮ ਸ਼ੇਮ ਦੀਆਂ ਅਵਾਜ਼ਾਂ)

ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਹਾਊਸ ਵਿੱਚ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ 10 ਕਰੋੜ ਰੁਪਏ ਦਾ ਘਪਲਾ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਬਲਾਕ ਵਿੱਚ ਸਾਬਤ

ਹੋਇਆ ਹੈ ਜਿਸ ਵਿੱਚ 14 ਖੁਰਾਕ ਇੰਸਪੈਕਟਰ ਤੇ ਸਬ ਇੰਸਪੈਕਟਰ ਮੁਅੱਤਲ ਕੀਤੇ ਗਏ ਹਨ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਕ ਜ਼ਿਲ੍ਹੇ ਦੇ ਇਕ ਬਲਾਕ ਵਿਚ 10 ਕਰੋੜ ਰੁਪਏ ਦਾ ਘਪਲਾ ਸਾਹਮਣੇ ਆਇਆ ਹੈ ਤਾਂ ਸਾਰੇ ਪੰਜਾਬ ਵਿੱਚ ਸਾਡੇ ਇਨ੍ਹਾਂ ਭਰਾਵਾਂ ਨੇ ਕਿੰਨਾ ਕੁ ਘਪਲਾ ਕੀਤਾ ਹੋਵੇਗਾ? ਮੈਂ ਛੋਟੀ ਜਿਹੀ ਗੱਲ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਮਹਿਕਮੇ ਵਲੋਂ ਟਰਾਂਸਪੋਰਟੇਸ਼ਨ ਦਾ ਇਕ ਠੇਕਾ ਹੁੰਦਾ ਹੈ । ਫੂਡ ਐਂਡ ਸਪਲਾਈਜ਼ ਵਾਲਾ ਮਹਿਕਮਾ ਜਦੋਂ ਇਸ ਸਕੀਮ ਲਈ ਟੈਂਡਰ ਦਿੰਦਾ ਸੀ ਤਾਂ ਸਾਰੇ ਪੰਜਾਬ ਵਿੱਚ ਹਰ ਇਕ ਜ਼ਿਲ੍ਹੇ ਵਿੱਚ ਇਕ ਟੈਂਡਰ ਫਾਰਮ ਦਿੱਤਾ ਜਾਂਦਾ ਸੀ। ਉਹ ਟੈਂਡਰ ਫਾਰਮ ਪੱਟੀ ਦਾ ਇਕ ਬੰਦਾ ਜੋ ਕਿ ਫੂਡ ਐਂਡ ਸਪਲਾਈਜ਼ ਮੰਤਰੀ ਦਾ ਇਕ ਚਹੇਤਾ ਹੁੰਦਾ ਸੀ, ਉਹ ਬੰਦਾ ਟੈਂਡਰ ਫਾਰਮ ਲੈ ਕੇ ਅਗਾਂਹ ਵੱਡੇ ਪੈਸਿਆਂ ਵਿੱਚ ਵੇਚਦਾ ਸੀ ਕਿ ਜੇ ਮੈਨੂੰ ਇਹ ਲੱਖ ਰੁਪਿਆ ਮਿਲਿਆ ਹੈ ਤੇ ਦੱਸੋ ਕਿ ਮੈਨੂੰ ਇਸ ਵਿੱਚ ਕੀ ਦਿੰਦੇ ਹੋ। ਸਪੀਕਰ ਸਾਹਿਬ, ਇਸ ਵਿੱਚ ਪੰਜਾਬ ਦੇ ਖਜ਼ਾਨੇ ਨੂੰ ਘੱਟ ਤੋਂ ਘੱਟ ਹਰ ਸਾਲ 2000 ਕਰੋੜ ਰੁਪਏ ਦਾ ਚੂਨਾ ਲੱਗਿਆ ਹੈ। ਜਿਹੜੇ ਬੰਦਿਆਂ ਨੇ ਅਜਿਹਾ ਕੰਮ ਕੀਤਾ ਹੈ, ਉਨ੍ਹਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨਾ ਸਾਡਾ ਇਖਲਾਕੀ ਫਰਜ਼ ਬਣਦਾ ਹੈ। ਕਿਉਂਕਿ ਸਰਕਾਰ ਸਾਡੀ ਹੈ, ਅਸੀਂ ਉਨ੍ਹਾਂ ਨੂੰ ਜਿਨ੍ਹਾਂ ਨੇ ਪੰਜਾਬ ਦਾ ਪੈਸਾ ਖਾਧਾ ਹੈ, ਅਸੀਂ ਸੀ.ਐਮ. ਸਾਹਿਬ ਕੋਲੋਂ ਇਹ ਮੰਗ ਜ਼ਰੂਰ ਰੱਖਾਂਗੇ ਕਿ ਇਸ ਉੱਤੇ ਜ਼ਰੂਰੀ ਕਾਰਵਾਈ ਕੀਤੀ ਜਾਵੇ । ਇਸੇ ਤਰ੍ਹਾਂ 31,000 ਕਰੋੜ ਰੁਪਏ ਦੀ ਸੀ.ਸੀ.ਐਲ. ਲਿਮਟ ਸੀ, ਜਿਹੜੀ ਫੂਡ ਗਰੇਨਜ਼ ਬਾਰੇ ਆਮ ਕਰਕੇ ਅਖਬਾਰਾਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਸੀ ਕਿ ਉਹ 31,000 ਕਰੋੜ ਰੁਪਿਆ ਕਿੱਥੇ ਗਿਆ? ਜਿਹੜੀ ਸਾਡੀ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ, ਇਨ੍ਹਾਂ ਨੇ ਬੜੇ ਵਧੀਆ ਢੰਗ ਨਾਲ ਇਹ ਪੇਸ਼ ਕੀਤਾ ਕਿ ਜਿਹੜੀ ਫੂਡ ਗਰੇਨਜ਼ ਹੈ, ਚਾਹੇ ਉਹ ਕਣਕ ਹੈ, ਚਾਹੇ ਝੋਨਾ ਹੈ, ਉਹੀ ਖਰਾਬ ਹੋ ਗਿਆ ਸੀ, ਉਹ ਜਿਹੜੀ ਸੀ.ਸੀ.ਐਲ. ਲਿਮਟ ਹੈ, ਉਹ ਉਸ ਵਿੱਚ ਲੱਗ ਗਈ। ਸਪੀਕਰ ਸਾਹਿਬ, ਮੈਂ ਇਸ ਚੀਜ਼ ਤੇ ਮੰਗ ਕਰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਇਸ ਤੇ ਸੀ.ਬੀ.ਆਈ. ਦੀ ਇਨਕੁਆਰੀ ਕਰਵਾਉਣ (ਥੰਪਿੰਗ) ਤਾਂ ਕਿ ਜਿਹੜੇ ਲੋਕਾਂ ਨੇ ਇਹ ਪੈਸੇ ਖਾਧੇ ਹਨ, ਉਹ ਕਟਹਿਰੇ ਵਿੱਚ ਖੜ੍ਹੇ ਹੋਣ। ਮੇਰੀ ਸੀ.ਐਮ. ਸਾਹਿਬ ਕੋਲ ਇਹ ਪੁਰਜ਼ੋਰ ਮੰਗ ਹੈ। ਸਾਰੇ ਪੰਜਾਬ ਵਿਚ ਉਨ੍ਹਾਂ ਭਰਾਵਾਂ ਦੀ, ਉਨ੍ਹਾਂ ਸਾਲੇ ਜੀਜੇ ਦੀ ਚਰਚਾ ਚੱਲੀ, ਉਹ ਸਾਰੇ ਪੰਜਾਬ ਨੂੰ ਲੁੱਟ ਕੇ ਖਾ ਗਏ। ਚਾਹੇ ਉਹ ਮਾਈਨਿੰਗ ਸੀ, ਚਾਹੇ ਲਿਕੁਰ ਸੀ, ਚਾਹੇ ਕੇਬਲ ਨੈਟਵਰਕ ਸੀ, ਚਾਹੇ ਡਰੱਗ ਸੀ, ਪੰਜਾਬ ਦੀ ਕੋਈ ਵੀ ਚੀਜ਼ , ਚਾਹੇ ਉਹ ਢਾਬੇ ਸੀ ਜਾਂ ਹੋਟਲ ਸੀ, ਇਨ੍ਹਾਂ ਪਿਉ ਦੇ ਪੁੱਤਰਾਂ ਨੇ ਕੋਈ ਵੀ ਚੀਜ਼ ਸੁੱਕੀ ਨਹੀਂ ਜਾਣ ਦਿੱਤੀ । ਮੇਰੀ ਇਕ ਮੰਗ ਹੈ ਕਿ ਅਸੀਂ ਪੰਜਾਬ ਦੀ ਗਲ਼ੀ ਗਲ਼ੀ ਤੇ ਕੋਨੇ ਕੋਨੇ ਵਿਚ ਜਾ ਕੇ ਇਸ ਚੀਜ਼ ਬਾਰੇ ਲੋਕਾਂ ਵਿਚ ਅਵਾਜ਼ ਉਠਾਉਂਦੇ ਰਹੇ ਹਾਂ ਔਰ ਅਸੀਂ ਮੰਗ ਕਰਦੇ ਹਾਂ ਕਿ ਜਿਹੜਾ ਪੰਜਾਬ ਵਿਚ 31,000 ਕਰੋੜ ਰੁਪਏ ਦਾ ਆਟੇ ਦਾਲ ਸਕੀਮ ਦਾ ਸਕੈਮ ਹੋਇਆ ਹੈ, ਉਸ ਦੀ ਸੀ.ਬੀ.ਆਈ. ਇਨਕੁਆਰੀ ਕਰਵਾਈ ਜਾਵੇ। ਮੇਰੀ ਪੁਰਜ਼ੋਰ ਮੰਗ ਹੈ ਕਿ ਜਿਹੜੇ ਲੋਕਾਂ ਨੇ ਪੰਜਾਬ ਦੇ ਲੋਕਾਂ ਦਾ ਖੂਨ ਚੂਸਿਆ ਹੈ, ਉਨ੍ਹਾਂ ਨੂੰ ਸਲਾਖਾਂ ਦੇ ਪਿੱਛੇ ਕਰਨਾ ਚਾਹੀਦਾ ਹੈ। ਇਹ ਸਾਡੀ ਮੰਗ ਹੈ। ਅਸੀਂ ਉਨ੍ਹਾਂ ਨੂੰ ਸੁੱਕੇ ਨਹੀਂ ਜਾਣ ਦੇਣਾ। ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਕਾਂਗਰਸ ਪਾਰਟੀ ਨੇ ਆਪਣੇ ਮੈਨੀਫੈਸਟੋ ਵਿਚ ਗਰੀਬਾਂ ਨਾਲ ਵਾਅਦਾ ਕੀਤਾ ਸੀ ਕਿ ਅਸੀਂ ਤੁਹਾਡੀ ਪੈਨਸ਼ਨ 500 ਤੋਂ ਵਧਾ ਕੇ 1500 ਰੁਪਿਆ

[ਸਰਦਾਰ ਫਤਿਹਜੰਗ ਸਿੰਘ ਬਾਜਵਾ]

ਕਰਾਂਗੇ। ਵਿੱਤ ਮੰਤਰੀ ਜੀ ਦੀ ਪਹਿਲੀ ਪਹਿਲਕਦਮੀ ਹੈ ਕਿ ਉਨ੍ਹਾਂ ਨੇ 500 ਤੋਂ ਵਧਾ ਕੇ 750 ਰੁਪਿਆ ਪੈਨਸ਼ਨ ਕਰ ਦਿੱਤੀ ਹੈ। ਇਸ ਤੋਂ ਇਲਾਵਾ ਸਾਡੀ ਸਰਕਾਰ ਹਰ ਸਾਲ ਇਸ ਪੈਨਸ਼ਨ ਵਿੱਚ ਬਜਟ ਰਾਹੀਂ ਜਦੋਂ ਜਦੋਂ ਪੈਸਾ ਆਈ ਜਾਵੇਗਾ, ਉਸ ਹਿਸਾਬ ਨਾਲ ਪੈਨਸ਼ਨ ਵਿਚ ਵਾਧਾ ਕਰੇਗੀ। ਸਪੀਕਰ ਸਾਹਿਬ, ਮੈਂ ਇਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਸਾਹਮਣੇ ਵਾਲੇ ਭਰਾ ਇਕ ਬੈਚ, ਬਿੱਲਾ ਲਗਾਉਂਦੇ ਸੀ ਜਿਸ ਤੇ ਲਿਖਿਆ ਹੁੰਦਾ ਸੀ Proud to be Akali. ਮੈਂ ਸਮਝਦਾ ਹਾਂ ਕਿ ਜਿਸ ਤਰੀਕੇ ਨਾਲ ਅਕਾਲੀ ਦਲ ਨੇ ਪਿਛਲੇ 10 ਸਾਲਾਂ ਵਿਚ ਪੰਜਾਬ ਨੂੰ ਖੋਰਾ ਲਗਾਇਆ ਹੈ, ਉਸ ਹਿਸਾਬ ਨਾਲ ਇਸ ਬਿੱਲੇ ਤੇ ਲਿਖਿਆ ਜਾਣਾ ਚਾਹੀਦਾ ਸੀ ਕਿ Proud to put Punjab Khali. ਇਹ ਪੰਜਾਬ ਨੂੰ ਖਾਲੀ ਕਰ ਗਏ। ਇਸੇ ਲਈ ਇਹ ਇਥੋਂ ਜਾਂਦੇ ਰਹੇ। ਸਪੀਕਰ ਸਾਹਿਬ, ਇਨ੍ਹਾਂ ਨੇ ਸਾਡੇ ਕੁਐਸਚਨ ਆਵਰ, ਜ਼ੀਰੋ ਆਵਰ ਨੂੰ ਖਰਾਬ ਕੀਤਾ ਹੈ। ਪੰਜਾਬ ਦੇ ਲੋਕ ਸੁਣਨਾ ਚਾਹੁੰਦੇ ਸੀ, ਪੰਜਾਬ ਦੇ ਲੋਕਾਂ ਨੇ ਮੈਂਬਰਾਂ ਨੂੰ ਇਥੇ ਜਿਤਾ ਕੇ ਭੇਜਿਆ ਹੈ। ਚਾਹੇ ਆਪੋਜ਼ੀਸ਼ਨ ਵਿੱਚ ਅਕਾਲੀ ਦਲ ਤੇ ਬੀ.ਜੇ.ਪੀ. ਸੀ ਜਾਂ ਆਮ ਆਦਮੀ ਪਾਰਟੀ ਸੀ, ਲੋਕ ਉਨ੍ਹਾਂ ਨੂੰ ਸੁਣਨਾ ਚਾਹੁੰਦੇ ਸੀ। ਸਾਨੂੰ ਵੀ ਮੌਕਾ ਸੀ ਕਿ ਅਸੀਂ ਇਨ੍ਹਾਂ ਤੋਂ ਪੁੱਛੀਏ ਕਿ ਪਿਛਲੇ 10 ਸਾਲਾਂ ਵਿੱਚ ਕੀ ਕਰ ਕੇ ਗਏ ਹਨ। ਇਹ ਸਾਰਾ ਕੁਝ ਇਨ੍ਹਾਂ ਦੀ ਮਿਲੀਭੁਗਤ ਨਾਲ ਕੀਤਾ ਗਿਆ ਹੈ ਕਿਉਂਕਿ ਇਹ ਸੱਚ ਨਹੀਂ ਸੁਣ ਸਕਦੇ ਸਨ। ਇਹ ਬਹਾਨੇ ਲੱਭਦੇ ਹਨ ਕਿ ਅਸੀਂ ਹਾਊਸ ਵਿੱਚ ਕਿਸ ਤਰੀਕੇ ਨਾਲ ਐਬਸਟੇਨ ਕਰ ਸਕੀਏ। ਸਾਡੇ ਵਿੱਤ ਮੰਤਰੀ ਜੀ ਨੇ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਧਿਆਨ ਵਿਚ ਰੱਖਦੇ ਹੋਏ ਜਿਸ ਤਰੀਕੇ ਨਾਲ ਬਿਊਰੋਕਰੇਟ ਅਤੇ ਆਪਣੇ ਸਾਥੀਆਂ ਨਾਲ ਮਿਲ ਕੇ ਬਜਟ ਬਣਾਇਆ ਹੈ, ਅਸੀਂ ਸਾਰੇ ਉਸ ਦੀ ਪ੍ਰੋੜ੍ਹਤਾ ਕਰਦੇ ਹਾਂ ਅਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦੇ ਹਾਂ ਕਿ ਬਹੁਤ ਵਧੀਆ ਬਜਟ ਪੇਸ਼ ਕੀਤਾ ਹੈ। ਇਸ ਦੇ ਨਾਲ ਕੈਪਟਨ ਸਾਹਿਬ ਨੂੰ ਵੀ ਮੁਬਾਰਕਬਾਦ ਦਿੰਦੇ ਹਾਂ ਜਿਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਨਾਲ ਜੋ ਵਾਅਦਾ ਕੀਤਾ ਸੀ ਅਤੇ ਹੋਰ ਆਮ ਲੋਕਾਂ ਨਾਲ ਵੀ ਜੋ ਆਪਣੇ ਚੋਣ ਮੈਨੀਫੈਸਟੋ ਵਿਚ ਵਾਅਦੇ ਕੀਤੇ ਸੀ, ਉਹ ਵੀ ਬਜਟ ਵਿਚ ਪੂਰੇ ਕੀਤੇ ਹਨ।

ਮਾਨਯੋਗ ਸਪੀਕਰ : ਧੰਨਵਾਦ, ਬਾਜਵਾ ਸਾਹਿਬ।

ਸਰਦਾਰ ਫਤਿਹਜੰਗ ਸਿੰਘ ਬਾਜਵਾ : ਇਕ ਮਿੰਟ ਸਪੀਕਰ ਸਾਹਿਬ, ਮੇਰੀ ਇਕ ਗੁਜ਼ਾਰਿਸ਼ ਹੈ ਕਿ ਅੱਜ ਕਿਸਾਨੀ ਦਾ ਹਾਲ ਕੇਵਲ ਪੰਜਾਬ ਦਾ ਨਹੀਂ ਸਗੋਂ ਪੈਨ ਇੰਡੀਆ ਵਿੱਚ ਵੀ ਅਜਿਹਾ ਹੈ। ਦੂਜੇ ਸੂਬਿਆਂ ਵਿੱਚ ਵੀ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਪ੍ਰੋਟੈਸਟ ਕਰ ਰਹੇ ਹਨ। ਅਸੀਂ ਪੰਜਾਬ ਵਿੱਚ ਤੁਹਾਡੇ ਨਾਲ ਇਕ ਵਾਅਦਾ ਕਰਦੇ ਹਾਂ ਕਿ ਕੈਪਟਨ ਸਾਹਿਬ ਦੀ ਲੀਡਰਸ਼ਿਪ ਥੱਲੇ ਅਸੀਂ ਪੰਜਾਬ ਵਿੱਚ ਦੂਜਾ ਗਰੀਨ ਰੈਵੋਲਿਊਸ਼ਨ ਮਿਲਕ ਦਾ ਲਿਆਵਾਂਗੇ। ਇਸ ਲਈ ਸਭ ਤੋਂ ਪਹਿਲਾ ਨਾਅਰਾ ਅਸੀਂ ਗੁਰਦਾਸਪੁਰ ਜ਼ਿਲ੍ਹੇ ਵਿਚ ਲਗਾਵਾਂਗੇ ਅਤੇ ਉਥੇ ਅਸੀਂ ਛੋਟੀਆਂ ਕੋਆਪ੍ਰੇਟਿਵ ਸੁਸਾਇਟੀਆਂ ਕ੍ਰੀਈਏਟ ਕਰਾਂਗੇ। ਜਿਸ ਤਰ੍ਹਾਂ ਲੋਕਾਂ ਨੇ ਗੁਜਰਾਤ ਵਿੱਚ ਮਿਲਕ ਦਾ ਉਤਪਾਦਨ ਕੀਤਾ ਹੈ, ਉਸੇ ਤਰੀਕੇ ਨਾਲ ਪੰਜਾਬ ਦੀ ਕਿਸਾਨੀ ਦੇ ਜੇਕਰ ਸਹੀ ਮਾਅਨਿਆਂ ਵਿੱਚ ਅਸੀਂ ਮਦਦਗਾਰ ਹੋਣਾ ਹੈ ਤਾਂ ਸਾਨੂੰ ਆਪਣੇ

ਤੌਰ ਤੇ ਵੀ ਇਹੋ ਜਿਹੀਆਂ ਚੀਜ਼ਾਂ ਕਿਸਾਨੀ ਦੀ ਮਦਦ ਲਈ ਕਰਨੀਆਂ ਪੈਣਗੀਆਂ। ਧੰਨਵਾਦ ਜੀ।ਜੈ ਹਿੰਦ, ਜੈ ਭਾਰਤ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

ਸ਼੍ਰੀ ਸੁੰਦਰ ਸ਼ਾਮ ਅਰੋੜਾ (ਹੁਸ਼ਿਆਰਪੁਰ): ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਅਜ਼ੀਮ ਸਦਨ ਵਿੱਚ ਸਾਡੇ ਕਾਬਲ ਵਿੱਤ ਮੰਤਰੀ ਜੀ ਵਲੋਂ ਪੇਸ਼ ਕੀਤੇ ਗਏ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜਦ ਅਸੀਂ ਰਾਜ ਸੰਭਾਲਿਆ, ਬੜਾ ਹੀ ਖਰਾਬ ਮਾਹੌਲ ਸੀ। ਇਕ ਪਾਸੇ ਖਜ਼ਾਨਾ ਖਾਲੀ ਸੀ ਤੇ ਇਥੇ ਇਹ ਗੱਲ ਵਾਰ ਵਾਰ ਕਹੀ ਜਾ ਰਹੀ ਹੈ । ਦੂਜੇ ਪਾਸੇ ਉਹ ਸਾਰੇ ਬਿਜ਼ਨੈਸ ਜਿਨ੍ਹਾਂ ਨਾਲ ਖਜ਼ਾਨਾ ਭਰਿਆ ਜਾ ਸਕਦਾ ਸੀ, ਇਹ ਸਾਡੇ ਆਪੋਜ਼ੀਸ਼ਨ ਵਿੱਚ ਜਿਹੜੇ ਬੈਠੇ ਹਨ, ਇਨ੍ਹਾਂ ਨੇ ਹੀ ਸਾਰੇ ਬਿਜ਼ਨੈਸ ਸੰਭਾਲ ਲਏ ਅਤੇ ਇਸ ਨਾਲ ਕੋਈ ਵੀ ਐਸਾ ਰਸਤਾ ਨਹੀਂ ਬਚਿਆ ਜਿਸ ਨਾਲ ਸਰਕਾਰੀ ਖਜ਼ਾਨੇ ਵਿੱਚ ਮਾਇਆ ਪਹੁੰਚ ਸਕੇ। ਦੋ ਦਿਨ ਤੋਂ ਇਹ ਗੱਲਾਂ ਹੋ ਰਹੀਆਂ ਹਨ ਕਿ 40 ਬੱਸਾਂ ਤੋਂ ਕਿਸ ਤਰ੍ਹਾਂ 400 ਬੱਸਾਂ ਹੋ ਗਈਆਂ ਸਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਮਾਰਚ ਮਹੀਨੇ ਵਿੱਚ ਸਰਕਾਰ ਬਣਨ ਤੋਂ ਬਾਅਦ ਅਪ੍ਰੈਲ ਮਹੀਨੇ ਵਿੱਚ ਮੈਂ ਹੁਸ਼ਿਆਰਪੁਰ ਦਾ ਜਾ ਕੇ ਡਿਪੂ ਚੈੱਕ ਕੀਤਾ। ਜਦੋਂ ਇਨ੍ਹਾਂ ਦੀਆਂ ਬੱਸਾਂ ਬੰਦ ਹੋਈਆਂ ਤਾਂ ਇੱਕ ਮਹੀਨੇ ਦਾ 16 ਲੱਖ ਰੁਪਿਆ ਪ੍ਰਾਫਿਟ ਪੰਜਾਬ ਰੋਡਵੇਜ਼, ਹੁਸ਼ਿਆਰਪੁਰ ਨੇ ਕੀਤਾ ਜਦ ਕਿ ਕੋਈ ਵੀ ਨਵੀਂ ਬੱਸ ਨਹੀਂ ਚਲਾਈ ਗਈ, ਪੁਰਾਣੀਆਂ ਹੀ ਬੱਸਾਂ ਸਨ। ਜਦੋਂ ਇਨ੍ਹਾਂ ਦੀਆਂ ਨਜਾਇਜ਼ ਬੱਸਾਂ ਚੱਲਣੀਆਂ ਬੰਦ ਹੋਈਆਂ ਤਾਂ 16 ਲੱਖ ਰੁਪਏ ਪ੍ਰਾਫਿਟ ਪੰਜਾਬ ਸਰਕਾਰ ਦੇ ਹੁਸ਼ਿਆਰਪੁਰ ਦੇ ਰੋਡਵੇਜ਼ ਦੇ ਡਿਪੂ ਨੇ ਕੀਤਾ। ਮੈਂ ਗੱਲ ਕਰ ਰਿਹਾ ਸੀ ਕਿ ਕਿਸ ਤਰ੍ਹਾਂ ਪੰਜਾਬ ਦਾ ਖਜ਼ਾਨਾ ਲੁੱਟਿਆ ਗਿਆ? ਕੀ ਕੁਝ ਪੰਜਾਬ ਨਾਲ ਕੀਤਾ ਗਿਆ, ਜਦੋਂ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੀ ਗੱਲ ਆਈ । ਸਭ ਤੋਂ ਵੱਡੀ ਗੱਲ ਹੁੰਦੀ ਹੈ ਇਨਸਾਨ ਦੀ ਲੀਡਰਸ਼ਿਪ, ਨੇਤਾ, ਨੀਯਤ ਤੇ ਨੀਤੀ ਅਤੇ ਸਾਡੇ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਸਾਡੇ ਮੁੱਖ ਮੰਤਰੀ ਜੀ ਨੇ ਸਾਬਤ ਕੀਤਾ ਹੈ ਕਿ ਜੋ ਚੋਣ ਮੈਨੀਫੈਸਟੋ ਵਿੱਚ ਲੈ ਕੇ ਆਏ ਸੀ, ਉਸ ਨੂੰ ਲਾਗੂ ਕੀਤਾ। ਅੱਜ ਸਾਰੇ ਪੰਜਾਬ ਵਿੱਚ ਜਿਹੜਾ ਬਜਟ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ, ਉਸ ਦੀ ਤਾਰੀਫ ਹੋ ਰਹੀ ਹੈ। ਸਾਡੇ ਆਪੋਜ਼ੀਸ਼ਨ ਵਾਲੇ ਆਂਕੜਿਆਂ ਨੂੰ ਤਰੋੜ-ਮਰੋੜ ਕੇ ਟੀ.ਵੀ.ਚੈਨਲਾਂ ਤੇ ਜਾਂ ਅਖਬਾਰਾਂ ਵਿੱਚ ਬਿਆਨ ਦੇ ਰਹੇ ਹਨ ਲੇਕਿਨ ਲੋਕ ਸਮਝ ਚੁੱਕੇ ਹਨ। ਲੋਕ ਜਾਣ ਗਏ ਹਨ ਕਿ ਜੋ ਸਾਡੇ ਕੈਪਟਨ ਅਮਰਿੰਦਰ ਸਿੰਘ ਨੇ ਵਾਅਦੇ ਕੀਤੇ ਸਨ, ਉਹ ਸਾਡੇ ਮਾਨਯੋਗ ਵਿੱਤ ਮੰਤਰੀ ਜੀ ਨੇ ਬਜਟ ਪੇਸ਼ ਕਰਕੇ ਉਸ ਨੂੰ ਸਹੀ ਰੂਪ ਸਾਬਤ ਕੀਤਾ ਹੈ। ਜਿਥੇ ਕਿਸਾਨਾਂ ਦੇ ਕਰਜ਼ੇ ਦੀ ਮੁਆਫੀ ਦੀ ਗੱਲ ਸੀ, ਉਸ ਦੇ ਨਾਲ ਨਾਲ ਪਹਿਲੀ ਵਾਰ ਹੋਇਆ ਹੈ ਕਿ ਸ਼ਹਿਰਾਂ ਨੂੰ ਵੀ ਰਿਆਇਤਾਂ ਦਿੱਤੀਆਂ ਗਈਆਂ। ਇਹ ਪਹਿਲੀ ਵਾਰ ਹੋਇਆ ਹੈ ਕਿ ਜਦੋਂ ਸਾਡੀ ਇੰਡਸਟਰੀ ਖਤਮ ਹੋ ਰਹੀ ਸੀ, ਸਾਡੀ ਇੰਡਸਟਰੀ ਪਲਾਇਨ ਦੇ ਕਗਾਰ ਤੇ ਸੀ ਤਾਂ ਉਸ ਸਮੇਂ ਪੰਜ ਰੁਪਏ ਯੂਨਿਟ ਬਿਜਲੀ ਦੇ ਕੇ ਪੰਜਾਬ ਨੇ ਰਾਹਤ ਦਾ ਸਾਹ ਲਿਆ। ਇਹ ਪਹਿਲੀ ਵਾਰ ਹੋਇਆ ਹੈ ਕਿ ਸ਼ਹਿਰੀਆਂ ਨੂੰ ਰਾਹਤ ਦਿੱਤੀ ਗਈ ਅਤੇ ਸਾਡੇ ਅਰਬਨ ਏਰੀਆ ਨੂੰ 5 ਰੁਪਏ ਯੂਨਿਟ ਕਰਕੇ ਇੰਨਾ ਵੱਡਾ ਫਾਇਦਾ ਦਿੱਤਾ ਗਿਆ ਜਿਸ ਦਾ ਕੋਈ ਹਿਸਾਬ ਨਹੀਂ ਹੈ। ਇਸ ਗੱਲ ਲਈ ਕੈਪਟਨ ਅਮਰਿੰਦਰ ਸਿੰਘ ਜੀ ਦਾ, ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਜਾ ਰਿਹਾ ਹੈ ਕਿ ਸ਼ਹਿਰਾਂ ਨੂੰ ਪਹਿਲੀ ਵਾਰ ਇਨ੍ਹਾਂ ਨੇ ਰਾਹਤ

[ਸ਼੍ਰੀ ਸੁੰਦਰ ਸ਼ਾਮ ਅਰੋੜਾ]
ਦਿੱਤੀ ਹੈ। 100 ਨੰਬਰ ਪੈਰ੍ਹੇ ਵਿੱਚ ਵਿੱਤ ਮੰਤਰੀ ਸਾਹਿਬ ਨੇ ਸ਼ਹਿਰਾਂ ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਇਸ ਬਾਰੇ ਮੈਂ ਇਸ ਹਾਊਸ ਨੂੰ ਜਾਣੂੰ ਕਰਵਾਉਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਰੀਅਲ ਐਸਟੇਟ ਦੀ ਗੱਲ 100 ਨੰਬਰ ਪੈਰ੍ਹੇ ਵਿੱਚ ਕੀਤੀ ਗਈ ਹੈ, ਇਹ ਪੰਜਾਬ ਦੀ ਸਥਿਤੀ ਇਸ ਤਰ੍ਹਾਂ ਕਿਵੇਂ ਬਣ ਗਈ? ਪੰਜਾਬ ਦੇ ਬਿਜ਼ਨਸ ਖਤਮ ਕਰਨ ਲਈ ਕੌਣ ਜ਼ਿੰਮੇਵਾਰ ਹੈ? ਅੱਜ ਪੰਜਾਬ ਵਿੱਚ ਬਿਜ਼ਨਸ ਦੇ ਹਾਲਾਤ ਇਸ ਤਰ੍ਹਾਂ ਦੇ ਕਿਉਂ ਹੋਏ? ਅਗਰ ਇੰਨੀ ਗੱਲ ਅਸੀਂ ਕਹਿ ਦੇਈਏ ਕਿ ਇਸ ਲਈ ਅਕਾਲੀ ਦਲ ਦੀ ਸਰਕਾਰ ਜ਼ਿੰਮੇਵਾਰ ਹੈ ਤਾਂ ਇਸ ਨਾਲ ਗੱਲ ਪੂਰੀ ਨਹੀਂ ਹੁੰਦੀ। ਮੈਂ ਵਿੱਤ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਸਾਲ 2002 ਤੋਂ 2007 ਵਿੱਚ ਕਾਂਗਰਸ ਦਾ ਰਾਜ ਸੀ, ਉਦੋਂ ਸਾਡਾ ਕਿਸਾਨ ਖੁਸ਼ਹਾਲ ਸੀ, ਉਸ ਵੇਲੇ ਸਾਡੇ ਸ਼ਹਿਰਵਾਸੀ ਖੁਸ਼ਹਾਲ ਸਨ। ਉਹੀ ਕਿਸਾਨ ਜਿਹੜਾ ਅੱਜ ਖੁਦਕੁਸ਼ੀਆਂ ਕਰ ਰਿਹਾ ਹੈ...

EXTENSION OF TIME OF THE SITTING OF THE HOUSE

ਮਾਨਯੋਗ ਸਪੀਕਰ : ਅਰੋੜਾ ਜੀ ਇਕ ਮਿੰਟ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਬਿਜ਼ਨਸ ਖਤਮ ਹੋਣ ਤੱਕ ਸਦਨ ਦੀ ਬੈਠਕ ਦਾ ਸਮਾਂ ਵਧਾ ਲਿਆ ਜਾਵੇ ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਅੱਜ ਦੇ ਸਦਨ ਦੀ ਬੈਠਕ ਦਾ ਸਮਾਂ ਬਿਜ਼ਨਸ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ।

DISCUSSION ON BUDGET ESTIMATES FOR THE YEAR 2017-18 (*Resumption*)

ਸ਼੍ਰੀ ਸੁੰਦਰ ਸ਼ਾਮ ਅਰੋੜਾ : ਮਾਨਯੋਗ ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਜਦੋਂ ਸਾਲ 2002 ਤੋਂ 2007 ਵਿੱਚ ਕਾਂਗਰਸ ਦਾ ਰਾਜ ਸੀ, ਉਦੋਂ ਸਾਡਾ ਕਿਸਾਨ ਖੁਸ਼ਹਾਲ ਸੀ। ਉਸ ਵੇਲੇ ਸਾਡੇ ਸ਼ਹਿਰਵਾਸੀ ਖੁਸ਼ਹਾਲ ਸਨ। ਲੋਕ ਨਾਅਰੇ ਲਾਉਂਦੇ ਸੀ ਕਿ ਕਿਸਾਨ ਦਾ ਪੰਜ ਲੱਖ ਦਾ ਕਿੱਲਾ ਇੱਕ ਕਰੋੜ ਰੁਪਏ ਦਾ ਹੋ ਗਿਆ ਸੀ ਪਰ ਇਸ ਅਕਾਲੀ ਸਰਕਾਰ ਨੇ ਕੀ ਪਾਲਿਸੀ ਬਣਾਈ, ਬੜੇ ਬੜੇ ਕਾਲੋਨਾਈਜ਼ਰਾਂ ਨੂੰ ਲੈ ਕੇ ਆਏ, ਬੜੇ ਬੜੇ ਬਿਲਡਰਾਂ ਨੂੰ ਦਿੱਲੀ ਤੋਂ ਲੈ ਕੇ ਆਏ, ਤੁਸੀਂ ਜ਼ੀਰਕਪੁਰ ਰੋਡ ਦੇਖ ਰਹੇ ਹੋ ਜਿਥੇ ਇੰਨੀ ਸਾਰੀ ਡਿਵੈਲਪਮੈਂਟ ਹੋਈ, ਇਨ੍ਹਾਂ ਨੇ ਪੰਜਾਬ ਦੇ ਨਿਯਮ ਬਦਲੇ, ਪੰਜਾਬ ਦੇ ਕਾਨੂੰਨ ਬਦਲੇ। ਉਸ ਵਿੱਚ ਕੀ ਕੀਤਾ? ਜਿੱਥੇ 2002-07 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਕੀਤਾ ਸੀ ਕਿ ਪੰਜਾਬ ਵਿੱਚ ਅਨਆਥੋਰਾਈਜ਼ਡ ਕਾਲੋਨੀਆਂ ਨਾ ਬਣਨ, 10-10 ਕਿੱਲੇ ਤੇ ਲਾਇਸੰਸ ਦੇਣੇ ਸ਼ੁਰੂ ਕੀਤੇ ਸੀ ਅਤੇ ਟਾਊਨ ਪਲਾਨਿੰਗ ਵਿੱਚ ਹਰ ਛੋਟੇ ਸ਼ਹਿਰ ਵਿੱਚ ਲਾਇਸੰਸ ਮਿਲਦੇ ਸਨ, ਉਸ ਨੂੰ ਖਤਮ ਕਰਕੇ 50 ਤੋਂ 100 ਏਕੜ ਦਾ ਲਾਇਸੰਸ ਕਰ ਦਿੱਤਾ। ਉਹ ਕਿਉਂ ਕਰ ਦਿੱਤਾ? ਤਾਂ ਕਿ ਬਾਹਰਲੇ ਬਿਲਡਰਾਂ ਨੂੰ ਲਿਆ ਸਕਣ ਅਤੇ ਪੰਜਾਬ ਦਾ ਬਿਜ਼ਨਸ ਖਤਮ ਕਰ ਸਕਣ। ਬਨੂੜ ਰੋਡ ਤੇ ਬੜੇ ਬੜੇ ਬਿਲਡਰ ਇਨ੍ਹਾਂ ਨੇ ਲਿਆ ਕੇ ਆਪਣੇ ਪੰਜਾਬ ਦੇ ਨਿਯਮਾਂ

ਨੂੰ ਛਿੱਕੇ ਤੇ ਟੰਗ ਕੇ ਉਨ੍ਹਾਂ ਨੂੰ ਜ਼ਮੀਨਾਂ ਦਿੱਤੀਆਂ, ਕਰੋੜਾਂ ਰੁਪਏ ਦੀ ਘਪਲੇਬਾਜ਼ੀ ਹੋਈ। ਪੰਜਾਬ ਦਾ ਬਿਜਨਸ ਠੱਪ ਹੋ ਕੇ ਰਹਿ ਗਿਆ। ਇਨ੍ਹਾਂ ਦੇ ਪਿਛਲੇ ਪੰਜ ਸਾਲ 2007 ਤੋਂ 2012 ਵਿੱਚ ਪੰਜਾਬ ਦਾ ਸਾਰਾ ਬਿਜ਼ਨਸ ਖਤਮ ਹੋ ਗਿਆ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਪ੍ਰਾਪਰਟੀ ਦਾ ਇੱਕ ਐਸਾ ਬਿਜ਼ਨਸ ਹੈ ਜਿਸ ਨਾਲ ਮੇਰਾ ਖਿਆਲ ਹੈ ਕਿ ਹਜ਼ਾਰਾਂ ਬਿਜ਼ਨਸ ਚਲਦੇ ਹਨ, ਬਜ਼ਾਰ ਇਸ ਨਾਲ ਚਲਦੇ ਹਨ, ਰੁਜ਼ਗਾਰ ਇਸ ਨਾਲ ਚਲਦਾ ਹੈ। ਜਦੋਂ ਸਰਕਾਰ ਦੀ ਇਹ ਨੀਤੀ ਹੋ ਗਈ ਕਿ ਪੰਜਾਬ ਵਿੱਚੋਂ ਬਿਜ਼ਨਸ ਖਤਮ ਕਰਨਾ ਹੈ ਅਤੇ ਵੱਡੇ ਬਿਲਡਰਾਂ ਨੂੰ ਫਾਇਦੇ ਦੇਣੇ ਹਨ ਤਾਂ ਇਸ ਨਾਲ ਪੰਜਾਬ ਦਾ ਬਿਜਨਸ ਖਤਮ ਹੋ ਗਿਆ। ਦੁਬਾਰਾ ਫਿਰ ਇਨ੍ਹਾਂ ਦੀ ਸਰਕਾਰ ਆਈ ਅਤੇ ਇਨ੍ਹਾਂ ਨੂੰ ਪਤਾ ਲੱਗਾ ਕਿ ਵੱਡੇ ਬਿਲਡਰਾਂ ਨੂੰ ਫਾਇਦਾ ਦੇ ਚੁੱਕੇ ਹਾਂ ਤਾਂ ਇਨ੍ਹਾਂ ਨੇ ਫਿਰ ਨਿਯਮਾਂ ਵਿੱਚ ਤਬਦੀਲੀ ਕੀਤੀ ਅਤੇ ਫਿਰ ਉਹੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਾਲੀ ਪਾਲਿਸੀ ਲੈ ਕੇ ਆਏ ਲੇਕਿਨ ਉਦੋਂ ਤੱਕ ਸਾਰਾ ਕੁਝ ਖਤਮ ਹੋ ਚੁੱਕਾ ਸੀ। ਸਾਡਾ ਵਪਾਰ ਖਤਮ ਹੋ ਚੁੱਕਾ ਸੀ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਸ਼ਹਿਰ ਵਾਸੀ ਇੰਨੇ ਦੁਖੀ ਹਨ ਕਿਉਂਕਿ ਜੇ ਧਰਨਾ ਲੱਗਦਾ ਹੈ ਤਾਂ ਸ਼ਹਿਰ ਵਿੱਚ ਲੱਗਦਾ ਹੈ। ਜਦੋਂ ਸਾਡੇ ਕਿਸਾਨ ਵੀਰਾਂ ਨੂੰ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਸ਼ਹਿਰ ਵਿੱਚ ਧਰਨਾ ਲਗਾਉਂਦੇ ਹਨ। ਕੋਈ ਸਟਰਾਈਕ ਹੁੰਦੀ ਹੈ ਤਾਂ ਸ਼ਹਿਰ ਦੇ ਲੋਕਾਂ ਨੂੰ ਫੇਸ ਕਰਨਾ ਪੈਂਦਾ ਹੈ। ਮੈਂ ਮਾਨਯੋਗ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਪ੍ਰਾਪਰਟੀ ਦੇ ਕੰਮ ਨੂੰ ਚੁੱਕਣ ਲਈ, ਪਿੰਡਾਂ ਵਿੱਚ ਤਾਂ ਪਹਿਲਾਂ ਹੀ 6% ਡਿਊਟੀ ਸੀ, ਇਨ੍ਹਾਂ ਨੇ ਸ਼ਹਿਰਾਂ ਨੂੰ ਰਿਆਇਤ ਦਿੰਦੇ ਹੋਏ 9% ਤੋਂ ਘਟਾ ਕੇ 6% ਸਟੈਂਪ ਡਿਊਟੀ ਕੀਤੀ ਹੈ, ਸ਼ਹਿਰਾਂ ਨੂੰ ਇਹ ਬਹੁਤ ਵੱਡੀ ਰਾਹਤ ਦਿੱਤੀ ਹੈ, ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। (ਥੰਪਿੰਗ)

ਮਾਨਯੋਗ ਸਪੀਕਰ : ਅਰੋੜਾ ਜੀ ਧੰਨਵਾਦ।

ਸ਼੍ਰੀ ਸੁੰਦਰ ਸ਼ਾਮ ਅਰੋੜਾ : ਸਪੀਕਰ ਸਾਹਿਬ, ਮੈਂ ਆਪਣੇ ਹਲਕੇ, ਆਪਣੇ ਸ਼ਹਿਰ ਦੀ ਗੱਲ ਕਰਨੀ ਹੈ ਜੀ। ਇੱਕ ਕੈਂਸਰ ਹਸਪਤਾਲ ਜਿਹੜਾ ਮਾਨਯੋਗ ਸਾਬਕਾ ਪ੍ਰਾਈਮ ਮਨਿਸਟਰ ਡਾਕਟਰ ਮਨਮੋਹਨ ਸਿੰਘ ਜੀ ਨੇ ਹੁਸ਼ਿਆਰਪੁਰ ਵਿੱਚ ਬਣਾਇਆ ਸੀ ਜੋ ਕਿ ਅਕਾਲੀ ਬੀ.ਜੇ.ਪੀ. ਸਰਕਾਰ ਨੇ ਬਿਲਕੁਲ ਬੰਦ ਕਰ ਦਿੱਤਾ ਸੀ, ਉਸ ਲਈ 50 ਕਰੋੜ ਰੁਪਏ ਦੀ ਗਰਾਂਟ ਵਿੱਤ ਮੰਤਰੀ ਸਾਹਿਬ ਨੇ ਦੇ ਕੇ ਸਾਡੇ ਹਲਕੇ ਹੁਸ਼ਿਆਰਪੁਰ ਲਈ ਬਹੁਤ ਵੱਡਾ ਯੋਗਦਾਨ ਦਿੱਤਾ ਹੈ। ਇੱਕ ਕਾਲਜ ਜਿਸ ਵਿੱਚ 1927 ਵਿੱਚ ਡਾਕਟਰ ਮਨਮੋਹਨ ਸਿੰਘ ਜੀ ਪੜ੍ਹਦੇ ਰਹੇ ਅਤੇ ਸਾਡੇ ਪ੍ਰਾਈਮ ਮਨਿਸਟਰ ਜੀ ਪੜ੍ਹਾਉਂਦੇ ਰਹੇ, ਉਸ ਸਰਕਾਰੀ ਕਾਲਜ ਨੂੰ ਢਾਈ ਕਰੋੜ ਰੁਪਏ ਦੀ ਗਰਾਂਟ ਦੇ ਕੇ ਸਾਡੇ ਲਈ ਬਹੁਤ ਵੱਡਾ ਉਪਰਾਲਾ ਕੀਤਾ ਹੈ।

ਹੁਸ਼ਿਆਰਪੁਰ ਵਿੱਚ ਪਿਗ ਫਾਰਮ ਬਣਾਉਣ ਦੀ ਗੱਲ ਕੀਤੀ ਗਈ ਹੈ। ਵਿੱਤ ਮੰਤਰੀ ਜੀ ਨੇ ਹੁਸ਼ਿਆਰਪੁਰ ਵਿੱਚ ਅਰਬਨ ਅਸਟੇਟ, ਇੰਡਸਟਰੀਅਲ ਅਸਟੇਟ ਬਣਾਉਣ ਦੀ ਗੱਲ ਕੀਤੀ ਹੈ, ਮੈਂ ਇਨ੍ਹਾਂ ਦਾ ਧੰਨਵਾਦੀ ਹਾਂ।

ਮਾਨਯੋਗ ਸਪੀਕਰ : ਧੰਨਵਾਦ, ਅਰੋੜਾ ਸਾਹਿਬ।

ਸ਼੍ਰੀ ਸੁੰਦਰ ਸ਼ਾਮ ਅਰੋੜਾ : ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਡਾ ਕੰਢੀ ਏਰੀਆ ਹੈ ਔਰ ਰੂਲਜ਼ ਮੁਤਾਬਕ ਉਥੇ ਇੰਡਸਟਰੀ ਲੱਗ ਸਕਦੀ ਹੈ। ਅਗਰ ਕੋਈ ਨਾ ਕੋਈ ਇੰਡਸਟਰੀ ਉਥੇ ਲਗਾ ਦਿੱਤੀ ਜਾਵੇ ਤਾਂ ਕੰਢੀ ਏਰੀਏ ਨੂੰ ਬਹੁਤ ਵੱਡਾ ਰੁਜ਼ਗਾਰ ਮਿਲ ਸਕਦਾ ਹੈ। ਤੁਹਾਡਾ ਬਹੁਤ-ਬਹੁਤ ਧੰਨਵਾਦ। ਜੈ ਹਿੰਦ।

ਸ਼੍ਰੀ ਸੁਖਵਿੰਦਰ ਸਿੰਘ ਡੈਨੀ ਬੰਡਾਲਾ (ਜੰਡਿਆਲਾ, ਐਸ.ਸੀ.) : ਸਪੀਕਰ ਸਾਹਿਬ, ਮੈਂ ਦਿਲ ਦੀਆਂ ਗਹਿਰਾਈਆਂ ਤੋਂ ਤੁਹਾਡਾ ਕੋਟਨਿ ਕੋਟਿ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਅੱਜ ਮੈਨੂੰ ਪਹਿਲੀ ਵਾਰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ ਹਾਲਾਂਕਿ ਤਿਆਰੀ ਨਹੀਂ ਸੀ ਪਰ ਜੋ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਦਾ ਭਾਸ਼ਣ ਸੁਣ ਰਿਹਾ ਸੀ, ਉਸ ਵਿੱਚ ਜੋ ਦਲਿਤ ਸਮਾਜ ਲਈ ਬਜਟ ਅੰਦਰ ਉਨ੍ਹਾਂ ਨੂੰ ਜੋ ਮੁਸ਼ਕਲਾਂ ਪੇਸ਼ ਆ ਰਹੀਆਂ ਸਨ, ਉਨ੍ਹਾਂ ਨੂੰ ਸਾਹਮਣੇ ਰੱਖਦੇ ਹੋਏ ਜੋ ਬਜਟ ਵਿੱਚ ਭਾਰੀ ਰਾਹਤਾਂ ਦਿੱਤੀਆਂ ਹਨ, ਉਨ੍ਹਾਂ ਲਈ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਅਤੇ ਮਾਨਯੋਗ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਪਿਛਲੇ 10 ਸਾਲਾਂ ਵਿੱਚ ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਜਿਹੜਾ ਦਲਿਤ ਸਮਾਜ ਹੈ, ਉਹ ਬੜੀ ਤਰਸਯੋਗ ਹਾਲਤ ਵਿੱਚ ਆ ਗਿਆ ਹੈ। ਪੰਜਾਬ ਦੇ ਦਲਿਤ ਭਾਰੀ ਆਸਾਂ ਲਗਾਈ ਬੈਠੇ ਸਨ ਕਿ ਕਾਸ਼ कोई तो मसीहा ऐसा हो, जो हमारा हाथ पकड कर हमें भी हमारी मंजिल तक पहुंचा दे। ਅੱਜ ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਮਹਿਸੂਸ ਹੋਈ ਹੈ ਕਿ ਕੈਪਟਨ ਅਮਰਿੰਦਰ ਸਿੰਘ ਜੀ ਨੇ, ਮਾਨਯੋਗ ਵਿੱਤ ਮੰਤਰੀ ਸਾਹਿਬ ਨੇ ਨਾ ਕੇਵਲ ਪੰਜਾਬ ਅੰਦਰ ਨਾ ਕੇਵਲ ਦਲਿਤਾਂ ਦਾ ਹੱਥ ਫੜ੍ਹਿਆ ਹੈ ਬਲਕਿ ਦਲਿਤਾਂ ਨੂੰ ਉਨ੍ਹਾਂ ਦੀ ਮੰਜ਼ਲ ਤੇ ਵੀ ਪਹੁੰਚਾਉਣ ਦਾ ਵਿਸ਼ਵਾਸ ਦਿਵਾਇਆ ਹੈ। ਇਸ ਦੇ ਨਾਲ ਨਾਲ ਇਸ ਸਦਨ ਵਿੱਚ ਮੈਨੂੰ ਸ਼ਾਇਰ ਸੰਤ ਰਾਮ ਉਦਾਸੀ ਦੀਆਂ ਉਹ ਸਤਰਾਂ ਵੀ ਯਾਦ ਆਉਂਦੀਆਂ ਹਨ-

ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ
ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਆਸ ਹੀ ਨਹੀਂ ਬਲਕਿ ਪੂਰਨ ਵਿਸ਼ਵਾਸ ਹੈ ਕਿ ਮਾਨਯੋਗ ਮੁੱਖ ਮੰਤਰੀ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਔਰ ਸਾਡੇ ਸਤਿਕਾਰਯੋਗ ਫਾਈਨਾਂਸ ਮਨਿਸਟਰ ਸਾਹਿਬ, ਸਰਦਾਰ ਮਨਪ੍ਰੀਤ ਸਿੰਘ ਬਾਦਲ ਅੱਜ ਇਸੇ ਤਰੀਕੇ ਮਘਦੇ ਹੋਏ ਸੂਰਜ ਵਾਂਗ ਸਾਡੇ ਗਰੀਬਾਂ ਤੇ ਦਲਿਤਾਂ ਦੇ ਪਰਿਵਾਰਾਂ ਦੇ ਵਿਹੜੇ ਵਿੱਚ ਮਘਦੇ ਹੋਏ ਸੂਰਜ ਵਾਂਗ ਹਮੇਸ਼ਾ ਜਗਮਗਾਉਂਦੇ ਰਹਿਣਗੇ। (ਥੰਪਿੰਗ) ਸਪੀਕਰ ਸਾਹਿਬ, ਮੈਂ ਕਈ ਦਿਨਾਂ ਤੋਂ ਸਾਹਮਣੇ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਸੁਣ ਰਿਹਾ ਸੀ। ਕੱਲ੍ਹ ਵੀ ਨਾਅਰੇ ਲੱਗਦੇ ਰਹੇ ਕਿ ਦਲਿਤ ਵਿਰੋਧੀ ਕਾਂਗਰਸ ਪਾਰਟੀ ਮੁਰਦਾਬਾਦ। ਜਦੋਂ ਕੰਨਾਂ ਵਿੱਚ ਇਹ ਨਾਅਰੇ ਗੂੰਜਦੇ ਰਹੇ ਤਾਂ ਮੈਨੂੰ ਉਹ ਸਮਾਂ ਯਾਦ ਆਉਂਦਾ ਸੀ ਜਦੋਂ ਇਨ੍ਹਾਂ ਦੇ ਲੀਡਰ ਸਾਹਿਬ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦਲਿਤਾਂ ਨਾਲ ਸ਼ੋਸ਼ਣ ਕਰਦੇ ਸੀ। ਉਹ ਕਹਿੰਦੇ ਸੀ ਕਿ ਜਦੋਂ ਕਿਸੇ ਦਲਿਤ

ਬੱਚੀ ਦਾ ਵਿਆਹ ਰੱਖਿਆ ਜਾਵੇਗਾ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਸਬੰਧਿਤ ਮੈਂਬਰ ਜਾਂ ਹਲਕਾ ਇੰਚਾਰਜ ਬੱਚੀ ਦਾ ਮਾਮਾ ਬਣ ਕੇ ਉਸ ਦੇ ਵਿਆਹ ਤੇ ਜਾਵੇਗਾ ਤੇ 31,000/- ਰੁਪਏ ਦਾ ਸ਼ਗਨ ਪਾ ਕੇ ਆਵੇਗਾ। ਸਪੀਕਰ ਸਾਹਿਬ, ਅੱਜ 10 ਸਾਲ ਲੰਘ ਗਏ ਹਨ ਨਾ ਤਾਂ ਕਿਸੇ ਬੱਚੀ ਦੇ ਵਿਆਹ ਤੇ ਮਾਮਾ ਜੀ ਲੱਭੇ ਤੇ ਨਾ ਹੀ ਬੱਚੀਆਂ ਦੇ ਨਾਨਾ ਜੀ ਸਰਦਾਰ ਪਰਕਾਸ਼ ਸਿੰਘ ਬਾਦਲ ਕਿਸੇ ਬੱਚੀ ਦੇ ਵਿਆਹ ਤੇ ਲੱਭੇ। (ਥੰਪਿੰਗ) ਸਪੀਕਰ ਸਾਹਿਬ, ਅੱਜ ਇਸ ਗੱਲ ਦੀ ਮੈਨੂੰ ਬਹੁਤ ਖੁਸ਼ੀ ਹੈ ਕਿ ਕੈਪਟਨ ਸਾਹਿਬ ਨੇ ਬਜਟ ਵਿੱਚ ਐਸ.ਸੀ. ਕਾਰਪੋਰੇਸ਼ਨ ਦਾ ਅਤੇ ਬੀ.ਸੀ. ਕਾਰਪੋਰੇਸ਼ਨ ਦਾ ਕਰਜ਼ਾ ਮਾਫ ਕੀਤਾ ਹੈ। ਉਸ ਵਾਸਤੇ ਵੀ ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। ਮੈਂ ਜਿਹੜੀ ਤਸ਼ਦੱਦ ਔਰ ਅੱਤਿਆਚਾਰ ਦੀ ਗੱਲ ਕਰ ਰਿਹਾ ਸੀ ਤਾਂ ਸਪੀਕਰ ਸਾਹਿਬ, ਯਾਦ ਆਉਂਦਾ ਹੈ ਇਨ੍ਹਾਂ ਦੇ ਕਾਰਜਕਾਲ ਦਾ ਉਹ ਸਮਾਂ ਜਦੋਂ ਪਿਛਲੇ 10 ਸਾਲਾਂ ਵਿੱਚ ਦਲਿਤ ਸਮਾਜ ਤੇ ਤਸ਼ੱਦਦ ਔਰ ਭਾਰੀ ਅੱਤਿਆਚਾਰ ਹੋਇਆ ਹੈ। ਚਾਹੇ ਉਹ ਮੋਗੇ ਦਾ ਚਰਚਿਤ ਬੱਸ ਕਾਂਡ ਹੋਵੇ ਜਿਸ ਵਿੱਚ ਬਾਦਲ ਪਰਿਵਾਰ ਦੀ ਬੱਸ ਵਿੱਚ ਇੱਕ ਨਾਬਾਲਿਗ ਦਲਿਤ ਬੱਚੀ ਦੀ ਇੱਜ਼ਤ ਤੇ ਹਮਲਾ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਤੇ ਉਸ ਦੀ ਮਾਂ ਨੂੰ ਸਖਤ ਰੂਪ ਵਿੱਚ ਜ਼ਖਮੀ ਕਰਕੇ ਬੱਸ ਵਿੱਚੋਂ ਧੱਕਾ ਦੇ ਦਿੱਤਾ ਗਿਆ। ਅਸੀਂ ਸਾਰੀ ਕਾਂਗਰਸ ਪਾਰਟੀ ਨੇ ਉੱਥੇ ਜਾ ਕੇ ਧਰਨਾ ਲਾਇਆ । ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਉਸ ਪਰਿਵਾਰ ਨੂੰ ਦੋ ਤਰ੍ਹਾਂ ਦੀ ਮੌਤ ਦਿੱਤੀ ਹੈ। ਪਹਿਲੀ ਮੌਤ ਤਾਂ ਉਦੋਂ ਦਿੱਤੀ ਜਦੋਂ ਗਰੀਬ ਦੀ ਧੀ ਮਾਰ ਦਿੱਤੀ ਤੇ ਦੂਸਰੀ ਉਦੋਂ ਦਿੱਤੀ ਜਦੋਂ ਉਸ ਗਰੀਬ ਦੀ ਧੀ ਦੀ ਲਾਸ਼ ਤੇ ਪੈਸੇ ਰੱਖ ਕੇ ਸੌਦੇਬਾਜ਼ੀ ਕੀਤੀ, ਉਸ ਦੀ ਜ਼ਮੀਰ ਖਰੀਦਣ ਦੀ ਕੋਸ਼ਿਸ਼ ਕੀਤੀ ਗਈ (ਟਰੈਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ)। 25 ਲੱਖ ਰੁਪਏ ਦੇ ਕੇ ਗਰੀਬ ਦੀ ਜ਼ਮੀਰ ਮਾਰ ਦਿੱਤੀ । ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪਿਛਲੇ ਸਮੇਂ ਵਿੱਚ ਸਾਡੇ ਗੁਰੂ ਸਾਹਿਬ ਨੂੰ ਵੀ ਨਹੀਂ ਬਖਸ਼ਿਆ ਗਿਆ। ਜਿੱਥੇ ਗੁਰੂ ਸਾਹਿਬ ਦੀ ਪੱਗ ਨੂੰ ਹੱਥ ਪਾਇਆ ਉੱਥੇ ਸਪੀਕਰ ਸਾਹਿਬ, ਦਲਿਤ ਸਮਾਜ ਦੇ ਨੌਜਵਾਨ ਸਾਥੀ ਦੇ ਅੰਗ ਅੰਗ ਕੱਟ ਕੇ ਅਬੋਹਰ ਦੀਆਂ ਗਲੀਆਂ, ਬਾਜ਼ਾਰਾਂ ਵਿੱਚ ਫੈਲਾ ਦਿੱਤੇ ਗਏ। ਸਪੀਕਰ ਸਾਹਿਬ, ਅੱਜ ਨੌ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ। ਅੱਜ ਇਨ੍ਹਾਂ ਅੰਦਰ ਕਿਸਾਨ ਹਿਤੈਸ਼ੀ ਸਰਕਾਰ ਕਿੱਥੋਂ ਜਾਗ ਗਈ ? ਕਦੀ ਜੈ ਜਵਾਨ, ਜੈ ਕਿਸਾਨ ਦਾ ਨਾਅਰਾ ਦਿੰਦੇ ਹਨ। ਇਹ ਨਾਅਰਾ ਕਿਸਾਨਾਂ ਦੇ ਸਤਿਕਾਰ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨੇ ਦਿੱਤਾ ਸੀ। ਇਨ੍ਹਾਂ ਦੇ ਰਾਜ ਵਿੱਚ 7000 ਕਿਸਾਨ ਦਮ ਘੁੱਟ-ਘੁੱਟ ਕੇ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਗਏ। ਅੱਜ ਮੈਨੂੰ ਅਫਸੋਸ ਇਸ ਗੱਲ ਦਾ ਹੁੰਦਾ ਹੈ, ਰਾਣਾ ਸੋਢੀ ਸਾਹਿਬ ਨਸ਼ਿਆਂ ਬਾਰੇ ਬੋਲ ਰਹੇ ਸਨ ਤੇ ਮੇਰੇ ਹੋਰ ਸਾਥੀ ਵੀ ਨਸ਼ਿਆਂ ਬਾਰੇ ਬੋਲ ਕੇ ਗਏ ਹਨ। ਸਪੀਕਰ ਸਾਹਿਬ, ਨਸ਼ਿਆਂ ਦਾ ਮੁੱਦਾ ਨੌਜਵਾਨਾਂ ਨਾਲ ਸਬੰਧ ਰੱਖਦਾ ਹੈ, ਇਹ ਬੜਾ ਸੰਵੇਦਨਸ਼ੀਲ ਮੁੱਦਾ ਹੈ। ਮੈਂ ਇਸ ਮੁੱਦੇ ਸਬੰਧੀ ਸਦਨ ਦਾ ਧਿਆਨ ਦਿਵਾਉਣ ਲਈ ਦੋ ਮਿੰਟ ਦੀ ਇਜਾਜ਼ਤ ਚਾਹੁੰਦਾ ਹਾਂ। ਸਪੀਕਰ ਸਾਹਿਬ, ਪੰਜਾਬ ਦੀਆਂ ਸਰਹੱਦਾਂ ਅੰਦਰ ਨਸ਼ੀਲਾ ਅੱਤਵਾਦ ਆ ਰੱਖਿਆ ਹੈ। ਸਾਡੀ ਇਹ ਪੰਜਾਬ ਦੀ ਰਿਸ਼ੀਆਂ-ਮੁਨੀਆਂ, ਪੀਰਾਂ-ਪੈਗੰਬਰਾਂ, ਯੋਧਿਆਂ ਦੀ ਧਰਤੀ ਹੈ, ਜਿਸ ਧਰਤੀ ਤੇ ਵੇਦਾਂ, ਉਪਨਿਸ਼ਦਾਂ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਹੋਈ ਹੋਵੇ, ਉਹ ਪਿਆਰੇ ਪੰਜਾਬ ਦੀ ਧਰਤੀ ਜਿਸ ਨੂੰ ਤਪੱਸੀਆਂ ਨੇ ਆਪਣੇ ਤਪ ਤੇ ਬਲੀਦਾਨ ਨਾਲ ਸਿੰਜਿਆ ਹੋਵੇ, ਪੰਜਾਬ ਦੀ ਉਹ ਜਵਾਨੀ ਜਿਸ ਤੇ ਹਮੇਸ਼ਾ ਹਿੰਦੁਸਤਾਨ ਨੇ ਨਾਜ਼ ਕੀਤਾ ਹੋਵੇ, ਪੰਜਾਬ ਦੇ

[ਸ਼੍ਰੀ ਸੁਖਵਿੰਦਰ ਸਿੰਘ ਡੈਨੀ ਬੰਡਾਲਾ]

ਜੋਸ਼ੀਲੇ ਨੌਜਵਾਨ ਤੇ ਅਣਖੀਲੇ ਗੱਭਰੂ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਹੱਸ-ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ ਹੋਵੇ, ਅੱਜ ਇਹ ਪੰਜ ਦਰਿਆਵਾਂ ਦੀ ਧਰਤੀ ਛੇਵੇਂ ਦਰਿਆ ਕਰਕੇ ਪ੍ਰਸਿੱਧ ਹੋ ਗਈ ਹੈ, ਨਸ਼ਿਆਂ ਦੀ ਨਦੀ ਕਰਕੇ ਪ੍ਰਸਿੱਧ ਹੋ ਗਈ ਹੈ। ਜਦੋਂ ਮੈਂ ਨਸ਼ੀਲੇ ਅੱਤਵਾਦ ਦੀ ਗੱਲ ਕਰਦਾ ਹਾਂ ਤਾਂ ਮੈਨੂੰ ਪੁਰਾਣਾ ਸਮਾਂ ਯਾਦ ਆਉਂਦਾ ਹੈ। ਮੈਂ ਇਸ ਪਵਿੱਤਰ ਸਦਨ ਦਾ ਧਿਆਨ ਤਿੰਨ ਦਹਾਕੇ ਪਿੱਛੇ ਲੈ ਕੇ ਜਾਣਾ ਚਾਹੁੰਦਾ ਹਾਂ ਜਦੋਂ ਪੰਜਾਬ ਦੇ ਅੰਦਰ ਅੱਤਵਾਦ ਜੋਬਨ ਦੀ ਰੁੱਤ ਤੇ ਸੀ, ਦਿਨ ਢਲਦੇ ਹੀ ਸੈਂਕੜੇ ਬੇਗੁਨਾਹ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ । ਉਸ ਵੇਲੇ ਪੰਜਾਬ ਇੱਕ ਸੀ ਅਤੇ ਪੰਜਾਬ ਦੇ ਲੋਕ ਇੱਕ ਸਨ । ਉਸ ਵੇਲੇ ਪੰਜਾਬੀਆਂ ਦਾ ਸਾਂਝਾ ਲਹੂ ਇਸ ਪੰਜਾਬ ਦੀ ਧਰਤੀ ਤੇ ਡੁੱਲ੍ਹਿਆ ਸੀ । ਸਪੀਕਰ ਸਾਹਿਬ, ਉਸ ਵੇਲੇ ਕਾਂਗਰਸ ਪਾਰਟੀ ਨੇ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਅਤੇ ਪੰਜਾਬ ਦੀ ਪੁਲਿਸ ਨੇ ਇਹ ਫੈਸਲਾ ਕੀਤਾ ਸੀ ਕਿ ਚਾਹੇ ਜੋ ਕੁਝ ਮਰਜ਼ੀ ਹੋ ਜਾਵੇ, ਅੱਜ ਤੋਂ ਬਾਅਦ ਖੂਨ ਦੀ ਹੋਲੀ ਨਹੀਂ ਖੇਡਣ ਦੇਵਾਂਗੇ । ਸੂਬੇ ਵਿੱਚ ਤਰੱਕੀ ਲੈ ਕੇ ਆਏ, ਵਿਕਾਸ ਲੈ ਕੇ ਆਏ, ਸ਼ਾਂਤੀ ਲੈ ਕੇ ਆਏ । ਅੱਜ ਅਕਾਲੀ-ਬੀ.ਜੇ.ਪੀ. ਅਤੇ ਆਮ ਆਦਮੀ ਪਾਰਟੀ ਜਿਹੜੇ ਦੋਵੇਂ ਮਿਲ ਕੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾ ਰਹੇ ਹਨ, ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੂਬੇ ਵਿੱਚ ਜਿਹੜੀ ਸ਼ਾਂਤੀ ਅਸੀਂ ਵਾਪਸ ਲੈ ਕੇ ਆਏ ਸੀ, ਅੱਜ ਉਸ ਸ਼ਾਂਤੀ ਨੂੰ ਭੰਗ ਕਰਨ ਲਈ ਇਹ ਸਭ ਤੋਂ ਅੱਗੇ ਹਨ । ਕਿਸੇ ਸ਼ਾਇਰ ਨੇ ਪੰਜਾਬ ਦੀਆਂ ਗਲੀਆਂ ਵਿੱਚ ਇਹ ਹੋਕਾ ਦਿੱਤਾ ਸੀ :

ਲੱਗੀ ਨਜ਼ਰ ਪੰਜਾਬ ਨੂੰ, ਇਸ ਦੀ ਨਜ਼ਰ ਉਤਾਰੋ ।
ਲੈ ਕੇ ਮਿਰਚਾਂ ਕੌੜੀਆਂ, ਇਸ ਦੇ ਸਿਰ ਤੋਂ ਵਾਰੋ ।

ਸਪੀਕਰ ਸਾਹਿਬ, ਇਹ ਨਜ਼ਰ ਕਿਸੇ ਹੋਰ ਤੋਂ ਨਹੀਂ, ਇਹ ਨਜ਼ਰ ਜਿਹੜੀ ਸਾਹਮਣੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਹੈ, ਬਾਦਲ ਪਰਿਵਾਰ ਦੀ ਅਕਾਲੀ ਦਲ ਅਤੇ ਭਾਜਪਾ ਦੀ ਪਿਛਲੇ ਦਸ ਸਾਲ ਸਰਕਾਰ ਰਹੀ, ਉਸ ਦੀ ਨਜ਼ਰ ਲੱਗ ਗਈ । ਸਪੀਕਰ ਸਾਹਿਬ, ਅੱਜ ਪੰਜਾਬ ਦੀਆਂ ਸਤਿਕਾਰਯੋਗ ਮਾਤਾਵਾਂ ਦੀ ਗੱਲ ਕਰਾਂ ।ਮੈਂ ਸਰਦਾਰ ਗੁਰਕੀਰਤ ਸਿੰਘ ਜੀ ਨੂੰ ਸੁਣ ਰਿਹਾ ਸੀ, ਇਹ ਬੇਰੁਜ਼ਗਾਰੀ ਦੀ ਗੱਲ ਕਰ ਰਹੇ ਸੀ, ਮਾਨਯੋਗ ਬਿਕਰਮ ਸਿੰਘ ਮਜੀਠੀਆ ਜੀ ਬਾਰੇ ਕਹਿ ਰਹੇ ਸਨ। ਇਹ ਬੇਰੁਜ਼ਗਾਰੀ ਤੇ ਚੋਟ ਕਰ ਰਹੇ ਸੀ। ਪਿਛਲੀ ਸਰਕਾਰ ਵਾਲੇ ਕਹਿੰਦੇ ਸਨ ਕਿ ਰੁਜ਼ਗਾਰ ਦੇਵਾਂਗੇ। ਉਨ੍ਹਾਂ ਨੇ ਸਾਡੀਆਂ ਸਤਿਕਾਰਯੋਗ ਮਾਤਾਵਾਂ ਦੇ ਨੌਜਵਾਨ ਨਗੀਨੇ ਪੁੱਤ ਜਿਹੜੇ ਸਨ, ਉਹ ਨਸ਼ਈ ਬਣਾ ਦਿੱਤੇ ਤੇ ਗਲੀਆਂ ਵਿੱਚ ਘੁੰਮਣ ਤੇ ਲਗਾ ਦਿੱਤੇ। ਸਪੀਕਰ ਸਾਹਿਬ, ਅੱਜ ਬੇਰੁਜ਼ਗਾਰੀ ਦੀ ਇਹ ਗੱਲ ਕਰਦੇ ਹਨ । ਅੱਜ ਇਹੋ ਜਿਹੀ ਮਿਸਾਲ, ਇਹੋ ਜਿਹੀ ਐਗਜ਼ਾਂਪਲ ਪੂਰੇ ਹਿੰਦੁਸਤਾਨ ਦੇ ਕਿਸੇ ਸੂਬੇ ਵਿੱਚ ਨਹੀਂ ਮਿਲਦੀ ਕਿ ਬਾਪ ਮੁੱਖ ਮੰਤਰੀ ਹੋਵੇ, ਸਾਰੇ ਦਾ ਸਾਰੇ ਪਰਿਵਾਰ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਰੁਜ਼ਗਾਰ ਤੇ ਲਗਾ ਦਿੱਤਾ । ਆਪ ਮੁੱਖ ਮੰਤਰੀ, ਬੇਟਾ ਉਪ ਮੁੱਖ ਮੰਤਰੀ ਤੇ ਬੇਟੇ ਦੇ ਘਰੋਂ, ਉਨ੍ਹਾਂ ਦੀ ਘਰਵਾਲੀ ਕੇਂਦਰ ਵਿੱਚ ਮੰਤਰੀ, ਕਰੀਬੀ ਰਿਸ਼ਤੇਦਾਰ ਮਾਲ ਮੰਤਰੀ ਤੇ ਉਸ ਤੋਂ ਵੀ ਅਤਿ ਕਰੀਬੀ ਰਿਸ਼ਤੇਦਾਰ, ਸੂਬੇ ਦਾ ਫੂਡ ਸਪਲਾਈ ਮੰਤਰੀ ਹੈ। ਬਾਦਲ ਪਰਿਵਾਰ ਦਾ ਇੱਕ ਵੀ ਮੈਂਬਰ ਐਸਾ ਨਹੀਂ ਸੀ ਬਚਿਆ ਕਿ ਜਿਹੜਾ ਬੇਰੁਜ਼ਗਾਰ ਹੋਵੇ ਤੇ

ਸਾਡੇ ਪੜ੍ਹੇ ਲਿਖੇ ਨੌਜਵਾਨ ਧੀਆਂ ਭੈਣਾਂ ਹੱਥਾਂ ਵਿੱਚ ਬੀ.ਏ., ਐਮ.ਏ. ਦੀ ਡਿਗਰੀ ਫੜ੍ਹ ਕੇ ਗਲੀ ਗਲੀ ਨੌਕਰੀ ਦੀ ਤਲਾਸ਼ ਵਿੱਚ ਜਾਂਦੇ ਸਨ । ਸਪੀਕਰ ਸਾਹਿਬ, ਮੈਂ ਜ਼ਿਆਦਾ ਕੁਝ ਨਾ ਬੋਲਦਾ ਹੋਇਆ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਅੱਜ ਇਹ ਦੋਵੇਂ ਪਾਰਟੀਆਂ ਮਿਲ ਕੇ ਇੱਥੇ ਸਦਨ ਦੀ ਕਾਰਵਾਈ ਨੂੰ ਡਿਸਟਰਬ ਕਰ ਰਹੇ ਹਨ। ਸਪੀਕਰ ਸਾਹਿਬ, ਮੈਂ ਆਮ ਆਦਮੀ ਪਾਰਟੀ ਦੇ ਮੈਂਬਰ ਨੂੰ ਵੀ ਸੁਣ ਰਿਹਾ ਸੀ । ਇਹ ਭਗਤ ਸਿੰਘ ਜੀ ਦੇ ਨਾਹਰੇ ਬੁਲੰਦ ਕਰ ਰਹੇ ਸਨ, ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾ ਰਹੇ ਸਨ। ਇਹ ਕਿਹੜਾ ਇਨਕਲਾਬ ਹੈ? ਜਿਹੜਾ ਇਨ੍ਹਾਂ ਦਾ ਕਨਵੀਨਰ, ਮੈਂਬਰ ਪਾਰਲੀਮੈਂਟ ਹੈ, 55 ਸਾਲ ਦੀ ਉਮਰ ਦਾ ਹੈ ਤੇ ਜਿਸ ਦੀ ਦਾਹੜੀ ਚਿੱਟੀ ਹੋਣ ਤੇ ਆਈ ਹੈ, ਗੋਡਿਆਂ ਵਿੱਚੋਂ ਗਰੀਸ ਮੁਕਦੀ ਜਾਂਦੀ ਹੈ ਤੇ ਕਹਿ ਰਿਹਾ ਹੈ, ਇਨਕਲਾਬ ਜ਼ਿੰਦਾਬਾਦ ਔਰ 23 ਵਰ੍ਹਿਆਂ ਦਾ ਮਾਂ ਦਾ ਜੰਮਿਆ ਭਗਤ ਸਿੰਘ ਸੀ ਜਿਸ ਦੇ ਸੀਨੇ ਵਿੱਚ ਇਨਕਲਾਬ ਦੀ ਤਲਬ ਸੀ, 23 ਵਰ੍ਹਿਆਂ ਦੀ ਉਮਰ ਵਿੱਚ ਦੇਸ਼ ਦੀ ਆਜ਼ਾਦੀ ਲਈ ਹੱਸ ਹੱਸ ਕੇ ਫਾਂਸੀ ਦੇ ਰੱਸੇ ਨੂੰ ਚੁੰਮ ਗਿਆ ਸੀ। ਅੱਜ ਭਗਤ ਸਿੰਘ ਦੇ ਨਾਂ ਤੇ ਜਿਹੜੀਆਂ ਸਿਆਸੀ ਰੋਟੀਆਂ ਸੇਕ ਰਹੇ ਹਨ, ਇਹ ਚਾਰ ਜਨਮ ਵੀ ਲੈ ਲੈਣ, ਪਰ ਭਗਤ ਸਿੰਘ ਦੇ ਪੈਰ ਦੀ ਮਿੱਟੀ ਦੇ ਬਰਾਬਰ ਵੀ ਨਹੀਂ ਬਣ ਸਕਦੇ । (ਥੰਪਿੰਗ)

ਮਾਨਯੋਗ ਸਪੀਕਰ : ਧੰਨਵਾਦ, ਡੈਨੀ ਜੀ ।

ਸ਼੍ਰੀ ਸੁਖਵਿੰਦਰ ਸਿੰਘ ਡੈਨੀ ਬੰਡਾਲਾ : ਸਪੀਕਰ ਸਾਹਿਬ, ਮੈਂ ਇੱਕ ਵਾਰ ਫਿਰ ਬਜਟ ਦੀ ਪ੍ਰਸ਼ੰਸਾ ਕਰਦਾ ਹੋਇਆ ਇਸ ਗੱਲ ਤੇ ਮੈਂ ਆਪਣੀ ਬਹਿਸ ਸਮਾਪਤ ਕਰਦਾ ਹਾਂ ਕਿ ਜਿਹੜਾ ਇਹ ਬਜਟ ਹੈ, ਸਾਰੇ ਵਰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਨਪ੍ਰੀਤ ਸਿੰਘ ਜੀ ਬਾਦਲ ਅਤੇ ਮੁੱਖ ਮੰਤਰੀ ਜੀ ਨੇ ਲਿਆਂਦਾ ਹੈ । ਮੈਂ ਇਸ ਵਾਸਤੇ ਮੁੱਖ ਮੰਤਰੀ ਅਤੇ ਐਫ. ਐਮ. ਸਾਹਿਬ ਨੂੰ ਵਧਾਈ ਵੀ ਦਿੰਦਾ ਹਾਂ । ਬਹੁਤ ਬਹੁਤ ਧੰਨਵਾਦ।

ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) : ਜਨਾਬ ਸਪੀਕਰ ਸਾਹਿਬ, ਮੈਂ ਤੁਹਾਡਾ ਇਸ ਗੱਲ ਦਾ ਸ਼ੁਕਰਗੁਜ਼ਾਰ ਹਾਂ ਕਿ ਪਿਛਲੇ ਦੋ ਬਜਟ ਸੈਸ਼ਨਾਂ ਵਿੱਚ ਜੋ ਬਜਟ ਤਜਵੀਜ਼ਾਂ ਤੇ ਬਹਿਸ ਚੱਲ ਰਹੀ ਹੈ, ਉਸ ਨੂੰ ਤੁਸੀਂ ਮੈਨੂੰ ਕਨਕਲੂਡ ਕਰਨ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਬੜੀ ਆਲਾ ਪੈਮਾਨੇ ਦੀ ਡਿਬੇਟ ਜਿਹੜੀ ਹੈ, ਉਹ ਦੇਖਣ ਤੇ ਸੁਣਨ ਨੂੰ ਮਿਲੀ ਹੈ । ਖਾਸ ਕਰਕੇ ਸਾਡਾ ਛੋਟਾ ਭਾਈ ਹੁਣੇ ਬੋਲ ਕੇ ਗਿਆ ਹੈ (ਸ਼੍ਰੀ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਵੱਲ ਇਸ਼ਾਰਾ) । ਮੈਂ ਤਮਾਮ ਮੈਂਬਰਾਨ ਨੂੰ ਜਿਨ੍ਹਾਂ ਨੇ ਇਸ ਡਿਬੇਟ ਵਿੱਚ ਹਿੱਸਾ ਲਿਆ, ਅੱਜ ਸਾਹਮਣੇ ਵਾਲੇ ਆਏ ਨਹੀਂ ਪਰ ਮੈਂ ਦੋਵੇਂ ਪਾਸਿਆਂ ਤੋਂ ਬਜਟ ਦੇ ਹਰ ਪਹਿਲੂ ਤੇ ਉਨ੍ਹਾਂ ਨੇ ਰੌਸ਼ਨੀ ਪਾਈ, ਮੈਂ ਦੋਵਾਂ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ । ਬਹੁਤ ਸਾਰੇ ਬੁਲਾਰੇ ਐਸੇ ਸਨ ਜੋ ਮੇਰੇ ਦੋਸਤ ਹਨ ਔਰ ਉਨ੍ਹਾਂ ਨੇ ਬਜਟ ਦੀ ਤਾਰੀਫ ਵੀ ਕੀਤੀ । ਮੈਂ ਸਭ ਤੋਂ ਪਹਿਲਾਂ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ । ਖਾਸ ਕਰਕੇ ਕਿਉਂਕਿ ਕਈਆਂ ਨੇ ਮੇਰੀ ਜ਼ਾਤ ਦੇ ਮੁਤੱਲਕ ਅਲਫਾਜ਼ ਵਰਤੇ, ਹਾਲਾਂਕਿ ਮੈਂ ਇੰਨਾ ਕਾਬਲ ਨਹੀਂ ਜਿੰਨਾ ਕੁ ਉਹ ਮੈਨੂੰ ਕਹਿ ਗਏ, ਬਹਰਹਾਲ ਉਨ੍ਹਾਂ ਦੀ ਜ਼ਬਾਨ ਵਿੱਚੋਂ ਨਿਕਲੇ ਹਨ, ਮੈਂ ਉਨ੍ਹਾਂ ਦਾ ਇਸ ਗੱਲ ਲਈ ਧੰਨਵਾਦ ਕਰਦਾ ਹਾਂ । ਸਪੀਕਰ ਸਾਹਿਬ, ਕਈ ਮੈਂਬਰ ਐਸੇ ਵੀ ਸੀ, ਜਿਨ੍ਹਾਂ ਨੇ ਬੜੀਆਂ ਕੰਸਟਰਕਟਿਵ ਸੁਜੈਸ਼ਨਜ਼, ਬੜੇ ਤਾਮੀਰੀ ਸੁਝਾਅ ਦਿੱਤੇ ਹਨ ਔਰ ਉਹ ਨੋਟ ਕਰ

[ਵਿੱਤ ਮੰਤਰੀ]

ਲਏ ਗਏ ਹਨ ਔਰ ਮੇਰੇ ਮਹਿਕਮੇ ਦੇ ਤਿੰਨ-ਚਾਰ ਅਫਸਰ ਵੀ ਇਥੇ ਬੈਠੇ ਹਨ, ਉਹ ਵੀ ਨੋਟ ਕਰ ਰਹੇ ਹਨ ਔਰ ਮੈਂ ਉਨ੍ਹਾਂ ਨੂੰ ਇਸ ਗੱਲ ਦਾ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜੋ ਵੀ ਤੁਸੀਂ ਸੁਝਾਅ ਦਿੱਤੇ ਹਨ, ਮੇਰੀ ਪੁਰਖਲੂਸ ਕੋਸ਼ਿਸ਼ ਹੋਏਗੀ ਕਿ ਮੈਂ ਉਨ੍ਹਾਂ ਦੀਆਂ ਜੋ ਉਮੰਗਾਂ ਹਨ, ਉਨ੍ਹਾਂ ਦੀਆਂ ਮੰਗਾਂ ਦੀ ਤਰਜਮਾਨੀ ਕਰ ਸਕਾਂ। ਉਨ੍ਹਾਂ ਦੇ ਹਲਕਿਆਂ ਦੇ ਜਿਹੜੇ ਮਸਲੇ ਹਨ, ਸਾਰੇ ਐਮ.ਐਲ.ਏਜ਼ ਨੇ ਖਾਸ ਕਰਕੇ ਹਲਕਿਆਂ ਦੇ ਮਸਲੇ ਕਹੇ ਹਨ, ਮੈਂ ਉਨ੍ਹਾਂ ਦੀ ਤਵੱਕੋਆਤ ਤੇ ਪੂਰਾ ਉੱਤਰ ਸਕਾਂ। ਸਪੀਕਰ ਸਾਹਿਬ, ਕੱਲ੍ਹ ਜਦੋਂ ਬਹਿਸ ਹੋਈ ਤਾਂ ਆਪੋਜ਼ੀਸ਼ਨ ਦੇ ਮੈਂਬਰਾਨ ਬੋਲੇ ਔਰ ਉਨ੍ਹਾਂ ਨੇ ਕੋਈ ਤਨਕੀਦ ਵੀ ਕੀਤੀ ਔਰ ਜਿਸ ਤਰ੍ਹਾਂ ਮੈਂ ਕੱਲ੍ਹ ਵੀ ਕਿਹਾ ਸੀ ਕਿ ਤਨਕੀਦ ਬਰਾਏ ਤਾਮੀਰ ਹੋਵੇ, ਕੰਸਟ੍ਰਕਟਿਵ ਹੋਵੇ ਤਾਂ ਉਹ ਬਹੁਤ ਅੱਛਾ ਲੱਗਦਾ ਹੈ ਪਰ ਜੇ ਤਨਕੀਦ ਬਨਾਮ ਤਨਕੀਦ ਹੋਵੇ, criticism for the sake of criticism, ਤਾਂ ਫਿਰ ਉਸ ਦਾ ਕੋਈ ਸਿੱਟਾ ਨਹੀਂ ਨਿਕਲਦਾ ਪਰ ਫਿਰ ਵੀ, ਸਪੀਕਰ ਸਾਹਿਬ, ਸਾਡੇ ਵਿੱਚ ਕਈ ਕਮੀਆਂ ਹਨ, ਉਨ੍ਹਾਂ ਕਮੀਆਂ ਦੀ ਵੀ ਉਨ੍ਹਾਂ ਨੇ ਨਿਸ਼ਾਨਦੇਹੀ ਕੀਤੀ ਹੈ। ਸੋ, ਮੈਂ ਇਸ ਤਨਕੀਦ ਨੂੰ ਬੜੀ ਇੱਜ਼ਤ ਤੇ ਬੜੀ ਕਦਰ ਦੀ ਨਿਗ੍ਹਾ ਨਾਲ ਦੇਖਦਾ ਹਾਂ। ਸਪੀਕਰ ਸਾਹਿਬ, ਮੈਂ ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਗੱਲ ਜ਼ਰੂਰ ਕਹਾਂਗਾ, ਇਹ ਬਜਟ ਦੇ ਮੁਤੱਲਕ ਹੀ ਹੈ। ਬਾਬਾ ਬੁੱਲ੍ਹੇ ਸ਼ਾਹ ਪੰਜਾਬ ਦੇ ਇੱਕ ਬੜੇ ਵੱਡੇ ਸੂਫੀ ਹੋਏ ਹਨ। ਬਾਬਾ ਸਾਹਿਬ ਫ਼ਰਮਾਉਂਦੇ ਹਨ ਕਿ -

ਸੱਚ ਆਖਾਂ ਤਾਂ ਭਾਂਬੜ ਮੱਚਦਾ ਏ
ਝੂਠ ਆਖਾਂ ਤਾਂ ਕੁਝ ਨੀ ਬਚਦਾ ਏ।

ਸਪੀਕਰ ਸਾਹਿਬ, ਕਿਸੇ ਵੀ ਕੌਮ ਦਾ ਸਭ ਤੋਂ ਵੱਡਾ ਸਰਮਾਇਆ ਫਾਈਨਾਂਸਿਜ਼ ਨਹੀਂ ਹੁੰਦੇ, ਸੋਨਾ ਚਾਂਦੀ ਨਹੀਂ ਹੁੰਦਾ। ਕਿਸੇ ਵੀ ਕੌਮ ਦਾ ਸਭ ਤੋਂ ਵੱਡਾ ਸਰਮਾਇਆ ਵਗਦੇ ਦਰਿਆ ਨਹੀਂ ਹੁੰਦੇ, ਖੇਤੀ ਨਹੀਂ ਹੁੰਦੀ। ਸਭ ਤੋਂ ਵੱਡਾ ਸਰਮਾਇਆ ਜੇ ਕਿਸੇ ਕੌਮ ਕੋਲ ਤਕਨਾਲੋਜੀ ਹੋਵੇ ਤਾਂ ਤਕਨਾਲੋਜੀ ਨਹੀਂ ਹੁੰਦੀ। ਸਪੀਕਰ ਸਾਹਿਬ, ਕਿਸੇ ਵੀ ਕੌਮ ਦਾ ਸਭ ਤੋਂ ਵੱਡਾ ਸਰਮਾਇਆ ਜਿਹੜਾ ਹੁੰਦਾ ਹੈ, ਉਹ ਹੈ ਆਲਾ ਕਿਰਦਾਰ ਦਾ ਹੋਣਾ। ਸਰਦਾਰ ਪਰਗਟ ਸਿੰਘ ਨੇ ਇਹ ਜ਼ਿਕਰ ਕੀਤਾ ਸੀ ਕਿਉਂਕਿ ਅੱਜ ਜਿਹੜਾ ਅਸੀਂ ਹਾਊਸ ਵਿੱਚ ਦੇਖਿਆ ਹੈ, ਸਪੀਕਰ ਸਾਹਿਬ, ਸਭ ਤੋਂ ਵੱਡਾ ਸਰਮਾਇਆ ਕਿਸੇ ਵੀ ਕੌਮ ਦਾ ਹੁੰਦਾ ਹੈ, ਆਲੀ ਇਖਲਾਕ ਹੋਣਾ, ਬੁਲੰਦ ਹਿੰਮਤ ਹੋਣਾ। ਜਿਹੜੀਆਂ ਕੌਮਾਂ ਕਿਰਦਾਰ ਦੇ ਇਤਬਾਰ ਨਾਲ, ਇਖਲਾਕ ਦੇ ਇਤਬਾਰ ਨਾਲ, ਹਿੰਮਤ ਦੇ ਇਤਬਾਰ ਨਾਲ, ਐਜੂਕੇਸ਼ਨ ਦੇ ਇਤਬਾਰ ਨਾਲ ਫਕੀਰ ਹੋ ਜਾਂਦੀਆਂ ਹਨ, ਗਰੀਬ ਹੋ ਜਾਂਦੀਆਂ ਹਨ, ਫਿਰ, ਸਪੀਕਰ ਸਾਹਿਬ, ਮੇਰੀ ਗੱਲ ਤੇ ਯਕੀਨ ਕਰ ਲੈਣਾ ਜੇ, ਸੋਨੇ ਚਾਂਦੀ ਦੇ ਵੀ ਢੇਰ ਪਏ ਹੋਣ ਤਾਂ ਵੀ ਉਸ ਕੌਮ ਨੂੰ ਇੱਜ਼ਤ ਨਹੀਂ ਦਿਵਾ ਸਕਦੇ। ਵਗਦੇ ਦਰਿਆ ਉਸ ਨੂੰ ਖੁਸ਼ਹਾਲ ਨਹੀਂ ਕਰ ਸਕਦੇ ਔਰ ਤਕਨਾਲੋਜੀ ਉਸ ਕੌਮ ਨੂੰ ਹਵਾ ਵਿੱਚ ਨਹੀਂ ਉਡਾ ਸਕਦੀ ਔਰ ਕੌਮਾਂ ਦੇ ਜਵਾਲ, ਉਨ੍ਹਾਂ ਵਿੱਚ ਨਿਘਾਰ ਆ ਜਾਂਦੀ ਹੈ, ਕਿਰਦਾਰ ਡਿੱਗ ਪੈਂਦੇ ਹਨ, ਇਮਾਨ ਦੇ ਸ਼ੋਅਲੇ ਬੁਝ ਜਾਂਦੇ ਹਨ, ਅੱਖਾਂ ਵਿਚੋਂ ਪਾਣੀ ਨਿਕਲਣਾ ਬੰਦ ਹੋ ਜਾਂਦਾ ਹੈ,ਸੀਨੇ ਵਿੱਚ ਦਿਲ ਧੜਕਣੋਂ ਬੰਦ ਹੋ ਜਾਂਦੇ ਹਨ, ਪੱਥਰ ਬਣ ਜਾਂਦੇ ਹਨ । ਇਸ ਕਰਕੇ ਸਪੀਕਰ ਸਾਹਿਬ, ਅੱਜ ਹਾਊਸ ਵਿੱਚ ਸੀ.ਐਮ. ਸਾਹਿਬ ਦੀ ਸਪੀਚ ਦੌਰਾਨ,

ਮੇਰੀ ਸਪੀਚ ਦੌਰਾਨ, ਹਾਲਾਂ ਕਿ ਮੈਂ ਹਿਸਟਰੀ ਦਾ ਸਟੂਡੈਂਟ ਹਾਂ, ਮੈਂ ਹਿਸਟਰੀ ਦਾ ਬੜਾ ਮੁਤਾਲਿਆ ਕਰਦਾ ਹਾਂ, ਮੈਂ ਇੱਕ ਗੱਲ ਹਾਊਸ ਵਿੱਚ ਇਹ ਕਹਿਣੀ ਚਾਹਾਂਗਾ ਕਿ ਜੋ ਅੱਜ ਸਾਡੇ ਹਾਊਸ ਦਾ ਹਾਲ ਹੋਇਆ ਹੈ, ਉਹ ਅੱਛਾ ਨਹੀਂ । ਇਸ ਸਰਜ਼ਮੀਨ-ਏ-ਪੰਜਾਬ ਵਿੱਚ ਪਹਿਲੇ ਇਲੈਕਸ਼ਨ 1937 ਵਿੱਚ ਹੋਏ ਸਨ। ਸਿਕੰਦਰ ਹਯਾਤ ਖਾਨ ਦੀ ਮਨਿਸਟਰੀ ਸੀ ਪੰਜਾਬ ਵਿੱਚ ਉਸ ਵੇਲੇ ਤਾਂ ਮੁਸ਼ਤਰਕਾ ਪੰਜਾਬ ਸੀ, ਰਾਵਲਪਿੰਡੀ ਤੋਂ ਲੈ ਕੇ ਪਲਵਲ ਤੱਕ। ਸਿਕੰਦਰ ਹਯਾਤ ਖਾਨ ਚੀਫ ਮਨਿਸਟਰ ਸੀ। ਫਿਰ 1942 ਵਿੱਚ ਇਲੈਕਸ਼ਨ ਹੋਏ ਤਾਂ ਖਿਜ਼ਰ ਟਿਵਾਣਾ ਪੰਜਾਬ ਦੇ ਚੀਫ ਮਨਿਸਟਰ ਬਣੇ। ਫਿਰ 1952 ਵਿੱਚ ਇਲੈੱਕਸ਼ਨ ਹੋਏ, 1957 ਵਿੱਚ ਹੋਏ ਅਤੇ, ਸਪੀਕਰ ਸਾਹਿਬ, 1966 ਤੱਕ ਜਦੋਂ ਸਾਰਾ ਹਰਿਆਣਾ, ਹਿਮਾਚਲ ਬਣੇ ਤਾਂ ਕਦੇ ਇਹ ਪੰਜਾਬ ਦੀ ਅਸੰਬਲੀ ਵਿੱਚ ਨਹੀਂ ਹੋਇਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਮਹਿਜ਼ 15 ਸੀਟਾਂ ਤੇ ਮਹਿਦੂਦ ਰਹਿ ਗਿਆ ਹੋਵੇ। 1937 ਵਿੱਚ ਵੀ ਅਕਾਲੀ ਦਲ ਦੀਆਂ ਸੀਟਾਂ ਬਹੁਤ ਜ਼ਿਆਦਾ ਹੁੰਦੀਆਂ ਸੀ। ਮੈਨੂੰ ਇਸ ਗੱਲ ਦਾ ਦੁੱਖ ਹੈ, ਮੈਨੂੰ ਇਸ ਗੱਲ ਦਾ ਰੰਜ ਹੈ ਕਿ ਅੱਜ ਇਸ ਹਾਊਸ ਵਿਚ ਕਿਹੋ ਜਿਹੀਆਂ ਪ੍ਰੋਸੀਡਿੰਗਜ਼ ਚਲੀਆਂ ਹਨ ।

ਸਪੀਕਰ ਸਾਹਿਬ, ਮੈਂ ਇੱਕ ਗੱਲ ਹਮੇਸ਼ਾ ਕਹੀ ਹੈ ਕਿ ਸਿਆਸਤ ਮੇਂ ਜੋ ਕਾਮਯਾਬੀ ਹੋਤੀ ਹੈ, ਉਹ ਧਰਨੇ ਸੇ ਨਹੀਂ ਹੋਤੀ ਹੈ, ਉਹ ਕੁਝ ਕਰਨੇ ਸੇ ਹੋਤੀ ਹੈ। (ਥੰਪਿੰਗ) ਸਪੀਕਰ ਸਾਹਿਬ, ਬੱਸ ਮੈਂ ਆਪਣੀ ਗੱਲ ਜ਼ਿਆਦਾ ਲੰਮੀ ਨਹੀਂ ਕਹਾਂਗਾ ਪਰ ਪੰਜਾਬ ਵਿੱਚ ਇੱਕ ਅੰਗਰੇਜ਼ ਅਫਸਰ ਹੋਇਆ ਹੈ ਜਿਸ ਦਾ ਨਾਂ ਸੀ ਐਚ.ਐਲ.ਓ.ਗੈਰਟ, ਅੰਗਰੇਜ਼ ਆਈ.ਸੀ.ਐਸ ਅਫਸਰ ਸੀ, ਉਹ ਬੜਾ ਸਿਆਣਾ ਸੀ ਔਰ ਉਸ ਕੋਲ ਪੰਜਾਬ ਵਿਚ ਲਾਹੌਰ ਵਿੱਚ ਜਿਹੜੇ ਮਿਊਜ਼ੀਅਮ ਹਨ, ਐਂਟੀਕਿਊਟੀਜ਼ ਦਾ ਡਿਪਾਰਟਮੈਂਟ ਸੀ। ਮੈਨੂੰ ਇੱਕ ਗੱਲ ਗੈਰਟ ਦੀ ਨਹੀਂ ਭੁੱਲਦੀ ਔਰ ਪੰਜਾਬੀ, ਫਾਰਸੀ, ਉਰਦੂ ਭਾਸ਼ਾ ਵਿੱਚ ਬੜਾ ਦਾਨਸ਼ਵਰ ਸੀ। ਗੈਰਟ ਇੱਕ ਗੱਲ ਕਿਹਾ ਕਰਦਾ ਸੀ ਕਿ ਅਸਲੀ ਪੰਜਾਬੀ ਉਹ ਹੁੰਦਾ ਹੈ ਕਿ ਜਿਹੜੇ ਉਸ ਦੇ ਦੁਸ਼ਮਣ ਹੁੰਦੇ ਹਨ, ਉਹ ਉਸ ਤੋਂ ਡਰਦੇ ਹਨ ਤੇ ਉਸ ਦੇ ਜਿਹੜੇ ਦੋਸਤ ਹਨ, ਦੋਸਤਾਂ ਦਾ ਭਰੋਸਾ ਜਿਹੜਾ ਹੈ, ਉਹ ਨਹੀਂ ਚੁੱਕਿਆ ਜਾ ਸਕਦਾ। ਮੈਨੂੰ ਖੁਸ਼ੀ ਹੈ ਕਿ ਅੱਜ ਮੇਰੀ ਪਾਰਟੀ ਕੋਲ ਇੱਕ ਅਜਿਹਾ ਲੀਡਰ ਹੈ ਜਿਸ ਦੇ ਜੋ ਦੋਸਤ ਹਨ, ਉਸ ਤੇ ਉਨ੍ਹਾਂ ਦਾ ਭਰੋਸਾ ਨਹੀਂ ਚੁੱਕਿਆ ਜਾ ਸਕਦਾ। ਜਿਹੜੀਆਂ ਵੀ ਮੈਨੀਫੈਸਟੋ ਵਿੱਚ ਅਨਾਉਂਸਮੈਂਟਸ ਸਨ, ਪੰਜਾਬ ਦੇ ਲੋਕ ਉਸ ਲੀਡਰ ਉਤੇ ਭਰੋਸਾ ਕਰਦੇ ਹਨ ਔਰ ਜਿਹੜੇ ਉਸ ਦੇ ਦੁਸ਼ਮਣ ਹਨ, ਉਨ੍ਹਾਂ ਦੇ ਕੋਲੋਂ ਉਸ ਦਾ ਖੌਫ ਨਹੀਂ ਚੁੱਕਿਆ ਜਾਂਦਾ। (ਥੰਪਿੰਗ) ਉਹ ਇੱਕ ਮਾੜੀ ਜਿਹੀ ਘੁਰਕੀ ਮਾਰ ਦਿੰਦਾ ਹੈ, ਉਦੋਂ ਹੀ ਇਹ ਸਾਰੇ ਠੀਕ ਹੋ ਜਾਂਦੇ ਹਨ (ਥੰਪਿੰਗ) ਸਪੀਕਰ ਸਾਹਿਬ, ਮੈਂ ਇੱਕ ਚੀਜ਼ ਜ਼ਰੂਰ ਕਹਾਂਗਾ ਕਿਉਂਕਿ ਪ੍ਰੈਸ ਵਿੱਚ ਵੀ ਇਹ ਗੱਲ ਆਈ ਹੈ ਕਿ ਸਾਡੇ ਜਿਹੜੇ ਹਰੀਫ ਹਨ, ਉਨ੍ਹਾਂ ਨੇ ਵੀ ਇੱਕ ਗੱਲ ਕਹੀ ਹੈ ਕਿ ਸ਼ਾਇਦ ਇਸ ਬਜਟ ਵਿੱਚ ਕੁਝ ਛੁਪਾਉਣ ਦੀ ਕੋਸ਼ਿਸ਼ ਹੈ, ਅਸਲੀ ਪੂਰੀ ਗੱਲ ਨਹੀਂ ਆਈ। ਜੋ ਗੱਲਾਂ ਕਹੀਆਂ ਗਈਆਂ ਹਨ, ਬਜਟ ਤਜਵੀਜ਼ਾਂ ਹਨ, ਸਰਕਾਰ ਦੇ ਜਿਹੜੇ ਇਰਾਦੇ ਹਨ, ਉਨ੍ਹਾਂ ਤੇ ਪੂਰੀਆਂ ਨਹੀਂ ਉਤਰਦੀਆਂ। ਸਪੀਕਰ ਸਾਹਿਬ, ਮੇਰੀ ਉਮਰ ਵਿੱਚ ਹੁਣ ਝੂਠ ਨਹੀਂ ਬੋਲਿਆ ਜਾਂਦਾ। ਮੈਨੂੰ ਇਕ ਗੱਲ ਦਾ ਅਹਿਸਾਸ ਹੈ ਕਿ ਮੈਂ ਇਕੱਲਾ ਆਪਣੀ ਪਾਰਟੀ ਨੂੰ ਜਾਂ ਆਪਣੀ ਕੈਬਨਿਟ ਨੂੰ ਹੀ ਜਵਾਬਦੇਹ ਨਹੀਂ ਹਾਂ, ਮੈਂ ਇਸ ਹਾਊਸ ਨੂੰ ਜਵਾਬਦੇਹ ਹਾਂ, ਮੈਂ ਪੰਜਾਬ ਦੀ ਜਨਤਾ ਨੂੰ ਜਵਾਬਦੇਹ ਹਾਂ। ਸਪੀਕਰ ਸਾਹਿਬ, ਮੈਨੂੰ ਇੱਕ ਗੱਲ ਦਾ ਪਤਾ ਹੈ ਕਿ ਭਾਵੇਂ ਮੈਂ ਪੰਜਵੀਂ ਵਾਰ ਚੁਣ ਕੇ ਇਸ ਹਾਊਸ ਵਿੱਚ

[ਵਿੱਤ ਮੰਤਰੀ]

ਆਇਆ ਹਾਂ । ਜਦੋਂ ਵੀ ਜਨਤਾ ਦੀ ਕਚਹਿਰੀ ਵਿਚ ਗਏ ਹਾਂ ਕਿਉਂਕਿ ਜਨਤਾ ਦੇ ਦਿਲ ਬੜੇ ਵੱਡੇ ਹੁੰਦੇ ਹਨ, ਸਾਡੇ ਲੋਕ ਬੜੇ ਵੱਡੇ ਦਿਲ ਦੇ ਮਾਲਕ ਹਨ, ਜੇ ਕੋਈ ਕਮੀਆਂ ਵੀ ਹੁੰਦੀਆਂ ਹਨ ਤਾਂ ਜਿਹੜੇ ਜਨਤਾ ਦੇ ਲੋਕ ਹਨ, ਉਹ ਨਜ਼ਰਅੰਦਾਜ਼ ਕਰ ਦਿੰਦੇ ਹਨ ਪਰ ਮੈਨੂੰ ਇੱਕ ਗੱਲ ਦਾ ਅਹਿਸਾਸ ਹੈ ਕਿ ਕਿਸੇ ਦਿਨ ਜਨਤਾ ਦੀ ਕਚਹਿਰੀ ਤੋਂ ਤਾਂ ਮੁਆਫੀ ਮਿਲ ਜਾਂਦੀ ਹੈ, ਸਪੀਕਰ ਸਾਹਿਬ, ਇਹ ਕੋਈ ਵੱਡੀ ਗੱਲ ਨਹੀਂ ਹੈ ਪਰ ਇੱਕ ਦਿਨ ਪ੍ਰਮਾਤਮਾ ਦੀ ਕਚਹਿਰੀ ਵਿਚ ਹਾਜ਼ਰ ਹੋਣਾ ਹੈ, ਜਿਸ ਦਿਨ ਪ੍ਰਮਾਤਮਾ ਦੀ ਕਚਹਿਰੀ ਵਿੱਚ ਜਾਵਾਂਗੇ ਤਾਂ ਪ੍ਰਮਾਤਮਾ ਇਹ ਸਵਾਲ ਪੁੱਛੇਗਾ ਕਿ ਕਿਸੇ ਦਿਨ ਇਸ ਮੁਲਕ ਦਾ ਬੋਝ ਮੈਂ ਤੁਹਾਡੇ ਮੋਢਿਆਂ ਤੇ ਰੱਖਿਆ ਸੀ, ਇਸ ਮੁਲਕ ਦੀ ਲਗਾਮ ਜਿਹੜੀ ਹੈ, ਇਸ ਮੁਲਕ ਦੀ ਵਾਗਡੋਰ ਹੈ, ਇਹ ਮੈਂ ਤੇਰੇ ਹੱਥਾਂ ਵਿਚ ਦਿੱਤੀ ਸੀ ਪਰ ਕੀ ਤੂੰ ਇਮਾਨਦਾਰੀ ਨਾਲ, ਦਿਆਨਤਦਾਰੀ ਨਾਲ, ਨੇਕ ਨੀਅਤੀ ਨਾਲ ਇਸ ਮੁਲਕ ਦੀ ਸੇਵਾ ਕੀਤੀ ਜਾਂ ਨਹੀਂ ? ਸਪੀਕਰ ਸਾਹਿਬ, ਮੈਂ ਪ੍ਰਮਾਤਮਾ ਦੀ ਉਸ ਕਚਹਿਰੀ ਤੋਂ ਡਰਦਾ ਹਾਂ (ਥੰਪਿੰਗ) ਪ੍ਰਮਾਤਮਾ ਦੇ ਉਸ ਸਵਾਲ ਤੋਂ ਡਰ ਕੇ ਕਹਿੰਦਾ ਹਾਂ ਕਿ ਇਹ ਜਿਹੜੀ ਬਜਟ ਤਜਵੀਜ਼ ਹੈ ਜਾਂ ਹੋਰ ਸਾਡੀ ਜਿਹੜੀ ਰੱਦੋਅਮਲ ਹੈ, ਸਪੀਕਰ ਸਾਹਿਬ, ਉਸ ਵਿੱਚ ਕਿਸੇ ਨੂੰ ਕੋਈ ਸ਼ੱਕ ਸੁਭ੍ਹਾ ਨਹੀਂ ਹੋਣਾ ਚਾਹੀਦਾ। ਸਪੀਕਰ ਸਾਹਿਬ, ਮੈਂ ਤਕਰਾਰ ਦੀ ਜਿਹੜੀ ਕਲਾਮ ਹੈ, ਇਸ ਦਾ ਹਾਮੀ ਨਹੀਂ ਹਾਂ। ਮੈਂ ਪੇਸ਼ੇ ਤੋਂ ਕਿਸਾਨ ਹਾਂ, ਸਪੀਕਰ ਸਾਹਿਬ, ਖੇਤੀ ਕਰਦਾ ਹਾਂ। ਸਪੀਕਰ ਸਾਹਿਬ, ਅਸੀਂ ਕੀ ਕਰਦੇ ਹਾਂ ਕਿ ਹਰ ਸਾਲ ਆਪਣੀ ਜ਼ਮੀਨ ਵਿੱਚ ਇੱਕ ਏਕੜ ਵਿੱਚ ਅਸੀਂ 40 ਕਿਲੋ ਬੀਜ, ਇੱਕ ਮਣ ਕਣਕ ਦਾ ਬੀਜ ਜਿਹੜਾ ਹੈ, ਉਹ ਆਪਣੇ ਖੇਤ ਵਿਚ ਪਾ ਦਿੰਦੇ ਹਾਂ । ਸਪੀਕਰ ਸਾਹਿਬ, ਫਿਰ ਪੰਜ-ਛੇ ਮਹੀਨਿਆਂ ਬਾਅਦ ਪ੍ਰਮਾਤਮਾ ਕੀ ਕਰਦਾ ਹੈ, ਉਹ ਇਨਾਮ ਦੇ ਰੂਪ ਵਿਚ ਸਾਨੂੰ ਪੰਜਾਹ ਸੱਠ ਗੁਣਾਂ ਕਰਕੇ ਉਹ ਜਿਹੜਾ ਬੀਜ ਹੈ, ਉਹ ਮੋੜ ਦਿੰਦਾ ਹੈ ਪਰ ਮੇਰਾ ਰੋਣਾ ਜਨਾਬ ਇਹ ਹੈ ਕਿ ਜਿਹੜਾ ਕਿਸਾਨ ਹੈ, ਜੇ ਅਸੀਂ ਆਪਣਾ ਬੀਜ ਹੀ ਖਾ ਗਏ, ਮਤਲਬ ਪੰਜਾਬ ਬਿਲਕੁਲ empty ਕਰ ਦਿੱਤਾ, ਜੇ ਸਾਡੇ ਕੋਲ ਬੀਜ ਹੀ ਨਾ ਬਚਿਆ ਤਾਂ ਫਿਰ ਪ੍ਰਮਾਤਮਾ ਵੀ ਸਾਨੂੰ ਇਨਾਮ ਨਹੀਂ ਦੇ ਸਕਦਾ । ਗਰੰਥਾਂ ਦੇ ਵਿੱਚ ਲਿਖਿਆ ਹੈ, ਸ਼ਾਸ਼ਤਰਾਂ ਵਿੱਚ ਪੜ੍ਹਿਆ ਹੈ ਕਿ ਜੇ ਪ੍ਰਮਾਤਮਾ ਕਿਸੇ ਕੌਮ ਤੇ ਨਰਾਜ਼ ਹੋ ਜਾਵੇ ਤਾਂ ਰੱਬ ਉਸ ਕੌਮ ਨੂੰ ਡੰਡੇ ਨਹੀਂ ਮਾਰਦਾ, ਰੱਬ ਦੇ ਸਜ਼ਾ ਦੇਣ ਦੇ ਆਪਣੇ ਤਰੀਕੇ ਹਨ। ਸਪੀਕਰ ਸਾਹਿਬ, ਰੱਬ ਕੀ ਕਰਦਾ ਹੈ, ਉਹ ਉਸ ਕੌਮ ਨੂੰ ਮਾੜੇ ਲੀਡਰ ਦੇ ਦਿੰਦਾ ਹੈ। ਜਿੱਥੇ ਉਸ ਕੌਮ ਦੀ ਕੋਈ ਦਾਦ-ਫਰਿਆਦ ਨਹੀਂ ਹੁੰਦੀ, ਕੋਈ ਸੁਨਣ ਵਾਲਾ ਨਹੀਂ ਹੁੰਦਾ। ਪਿਛਲੇ ਸਮਿਆਂ ਵਿੱਚ ਕਈ ਵਾਰ ਮੈਨੂੰ ਇਵੇਂ ਲਗਦਾ ਸੀ ਸ਼ਾਇਦ ਰੱਬ ਪੰਜਾਬ ਨਾਲ ਹੀ ਰੁਸ ਗਿਆ ਹੈ। ਸਪੀਕਰ ਸਾਹਿਬ, ਮੈਂ ਇਕ ਛੋਟੀ ਜਿਹੀ ਗੱਲ ਕਹਿ ਕੇ ਆਪਣਾ ਜਵਾਬ ਸ਼ੁਰੂ ਕਰਦਾ ਹਾਂ। ਜਨਾਬ, ਤੁਹਾਡੇ ਇਲਾਕੇ ਵਿੱਚ ਤਾਂ ਨਹੀਂ ਪਰ ਜਿਹੜੇ ਇਲਾਕੇ ਵਿਚੋਂ ਮੈਂ ਹਾਂ, ਬਚਪਨ ਵਿੱਚ ਦੇਖਦੇ ਸੀ, ਸਾਡੀ ਖੇਤੀ ਊਠਾਂ ਨਾਲ ਹੁੰਦੀ ਸੀ, ਹਲ ਵੀ ਊਠਾਂ ਨਾਲ ਚਲਦੇ, ਊਠ ਗੱਡੀ ਹੁੰਦੀ ਸੀ ਤੇ ਲੋਕ ਸਵਾਰੀ ਵੀ ਊਠਾਂ ਦੀ ਕਰਦੇ ਸੀ। ਸਪੀਕਰ ਸਾਹਿਬ, ਸਾਡਾ ਇਲਾਕਾ ਥੋੜ੍ਹਾ ਜਿਹਾ ਰੇਤਲਾ ਸੀ। ਇਹ ਘਰ ਰੱਖਣ ਵਾਲੇ ਜਾਨਵਰ ਹੁੰਦੇ ਸੀ। ਇਹ ਥੋੜ੍ਹੇ ਜਿਹੇ ਹੁਸ਼ਿਆਰ ਵੀ ਹੁੰਦੇ ਹਨ। ਜਦੋਂ ਸ਼ਾਮ ਨੂੰ ਕਿਸਾਨ ਨੇ ਖੇਤੀ ਕਰਕੇ ਆਉਣਾ, ਊਠ ਨਾਲ ਹੁੰਦੇ ਸੀ। ਉਹ ਕੀ ਕਰਦੇ ਸੀ ਕਿ ਘਰ ਮੱਝਾਂ-ਗਾਵਾਂ ਹਨ, ਇਹ ਊਠ ਵੀ ਖਾਵੇਗਾ, ਉਨ੍ਹਾਂ ਲਈ ਹਰਾ ਚਾਰਾ ਰਾਤ ਦੇ ਗੁਜ਼ਾਰੇ ਵਾਸਤੇ ਜਾਨਵਰਾਂ ਲਈ ਊਠ

ਉੱਪਰ ਲੱਦ ਲੈਣਾ। ਊਠ ਬੜੇ ਸ਼ੈਤਾਨ ਜਾਨਵਰ ਹੁੰਦੇ ਸੀ, ਉਸ ਨੇ ਤੁਰੇ ਜਾਂਦੇ ਨੇ ਲੰਬੀ ਧੌਣ ਹੋਣ ਕਾਰਨ ਆਪਣੇ ਉੱਪਰ ਲੱਦਿਆ ਹੋਇਆ ਹਰਾ ਚਾਰਾ ਵੀ ਖਾ ਲੈਣਾ। ਜਦੋਂ ਘਰ ਪਹੁੰਚਣਾ ਤਾਂ ਜਿਹੜੇ ਘਰ ਜਾਨਵਰ ਹੁੰਦੇ ਸੀ, ਮੱਝਾਂ-ਗਾਵਾਂ ਉਹ ਭੁੱਖੀਆਂ ਮਰਦੀਆਂ ਤੇ ਊਠ ਵੀ ਭੁੱਖਾ ਮਰਦਾ। ਪੰਜਾਬ ਨਾਲ ਤਾਂ ਇਨ੍ਹਾਂ ਨੇ ਇਹ ਕੀਤੀ ਕਿ ਜਿਹੜਾ ਵਜ਼ਨ ਲੱਦਿਆ ਸੀ, ਇਹ ਤੁਰੇ ਜਾਂਦੇ ਹੀ ਖਾ ਗਏ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

ਸਪੀਕਰ ਸਾਹਿਬ, ਜਿਹੜਾ ਵਜ਼ੀਰ ਲਫਜ਼ ਹੈ, ਇਹ ਫਾਰਸੀ ਦਾ ਲਫਜ਼ ਹੈ। ਇਸ ਸ਼ਬਦ ਦਾ root ਕੀ ਹੈ? ਇਹ ਕਿਥੋਂ ਨਿਕਲਿਆ ਹੈ, ਜਿਹੜਾ ਵਜ਼ਨ ਚੁੱਕਦਾ ਹੈ, ਭਾਰ ਚੁੱਕਦਾ ਹੈ, ਜਿਹੜਾ ਕੌਮ ਦਾ ਵਜ਼ਨ-ਬੋਝ ਚੁੱਕਦਾ ਹੈ, ਉਹ ਵਜ਼ੀਰ ਹੈ। ਤੁਸੀਂ ਅੰਦਾਜ਼ਾ ਲਾਓ ਕਿ ਪਿਛਲੇ 10 ਸਾਲਾਂ ਵਿੱਚ ਇਨ੍ਹਾਂ ਨੇ ਸਾਡੀ ਕੌਮ ਦਾ ਕਿੰਨਾ ਕੁ ਵਜ਼ਨ ਚੁੱਕਿਆ ਹੈ?

ਸਪੀਕਰ ਸਾਹਿਬ, ਮੈਂ ਸ਼ੁਰੂ ਕਰਨ ਲੱਗਿਆ ਹਾਂ। ਸਭ ਤੋਂ ਪਹਿਲਾਂ ਇਹ ਤਨਕੀਦ ਆਈ ਕਿ ਕਾਂਗਰਸ ਪਾਰਟੀ ਦੀ ਸਰਕਾਰ ਆਈ ਹੈ ਅਤੇ ਇਹ ਫਜ਼ੂਲ ਗੱਲਾਂ ਕਰ ਰਹੀ ਹੈ। ਇਹ ਬੇਬੁਨਿਆਦ ਗੱਲਾਂ ਹਨ। ਇਹ ਕਹਿੰਦੇ ਕਿ ਅਸੀਂ ਤਾਂ ਬੜੀ ਡਿਵੈਲਪਮੈਂਟ ਕਰਕੇ ਗਏ ਹਾਂ, ਸਾਡੇ ਵੇਲੇ ਜੀ.ਐਸ.ਡੀ.ਪੀ. ਅਤੇ ਡੈੱਟ ਰੇਸ਼ੋ ਬੜਾ ਵਧੀਆ ਹੋ ਗਿਆ, ਸਾਡਾ ਫਿਸਕਲ ਡੈਫੀਸਿਟ, ਫਲਾਣਾ-ਢਿਮਕਾ। ਸਪੀਕਰ ਸਾਹਿਬ, ਸਭ ਤੋਂ ਖਤਰਨਾਕ ਉਹ ਬੰਦਾ ਹੁੰਦਾ ਹੈ, ਜਿਸ ਨੂੰ ਆਪਾਂ ਕਹਿੰਦੇ ਹਾਂ - ਨੀਮ ਪੜ੍ਹਿਆ। ਜਿਹੜਾ ਥੋੜ੍ਹਾ ਘੱਟ ਪੜ੍ਹਿਆ ਹੁੰਦਾ ਹੈ, ਉਹ ਬੰਦਾ ਬੜਾ ਖਤਰਨਾਕ ਹੁੰਦਾ ਹੈ। ਸਪੀਕਰ ਸਾਹਿਬ, ਮੈਂ ਪੰਜਾਬ ਦੇ ਲੋਕਾਂ ਜਾਂ ਆਪਣੇ ਹਨੀਫਾਂ ਨੂੰ ਇਸ ਤੋਂ ਵੱਧ ਕੀ ਸਬੂਤ ਦੇ ਸਕਦਾ ਹਾਂ ਕਿ ਜਿਸ ਦਿਨ ਸਰਕਾਰ ਬਣੀ, ਜੁੰਮਾ ਜੁੰਮਾ 7 ਦਿਨ ਬਾਅਦ ਰਿਜ਼ਰਵ ਬੈਂਕ ਆਫ ਇੰਡੀਆ ਦੀ ਚਿੱਠੀ ਆ ਗਈ ਕਿ ਪੰਜਾਬ ਨੂੰ ਸਾਰੀਆਂ ਅਦਾਇਗੀਆਂ ਬੰਦ ਕਰ ਦਿਓ, ਪੰਜਾਬ ਦੀ ਟਰੇਜ਼ਰੀ ਨੂੰ ਬੰਦ ਕਰ ਦਿਓ, ਲਾਕ ਆਊਟ ਕਰੋ। ਇਹ ਚਿੱਠੀ ਕਿਹੜੇ ਦਿਨਾਂ ਵਿੱਚ ਆਈ, ਜਨਾਬ ਇਹ 29 ਮਾਰਚ ਨੂੰ ਆਈ ਸੀ। ਜਨਾਬ ਨੂੰ ਤਾਂ ਸ਼ਾਇਦ ਪਤਾ ਹੋਵੇਗਾ ਅਤੇ ਮੈਂ ਵੀ ਉਹ ਦਿਨ ਦੇਖੇ ਹਨ ਜਦੋਂ 31 ਮਾਰਚ ਨੂੰ ਖਜ਼ਾਨੇ ਨੂੰ ਬੰਦ ਕਰਨਾ ਹੁੰਦਾ ਸੀ ਤਾਂ ਰਾਤ ਦੇ 12:00 ਵਜੇ ਤੱਕ ਖਜ਼ਾਨਾ ਅਫਸਰ ਬੈਠਦੇ ਸਨ ਕਿ ਛੇਤੀ ਛੇਤੀ ਰਕਮਾਂ ਅਗਲੇ ਸਾਲ ਦੀਆਂ ਵੀ ਤਕਸੀਮ ਕਰੋ, ਕੋਈ ਡੀਜ਼ਲ-ਪੈਟਰੋਲ ਦੇ ਬਿਲ ਸਾਲ ਦੇ ਜਿੰਨੇ ਵੱਧ ਤੋਂ ਵੱਧ ਦੇ ਸਕੋ, ਰਾਤ ਦੇ 12:00 ਵਜੇ ਤੱਕ ਪੰਜਾਬ ਦੇ ਖਜ਼ਾਨੇ ਖੁੱਲ੍ਹੇ ਰਹਿੰਦੇ ਸੀ ਤਾਂ ਕਿ ਸੈਂਟਰ ਗੌਰਮਿੰਟ ਦਾ ਕੋਈ ਪੈਸਾ ਲੈਪਸ ਨਾ ਹੋ ਜਾਵੇ। ਸਪੀਕਰ ਸਾਹਿਬ, ਇਸ ਤੋਂ ਵੱਡਾ ਸਬੂਤ ਮੈਂ ਕੀ ਦੇ ਸਕਦਾ ਹਾਂ ਕਿ 29 ਤਰੀਕ ਨੂੰ ਇਹ ਚਿੱਠੀ ਆਈ ਤੇ ਇਹ ਉਹ ਟਾਈਮ ਹੁੰਦਾ ਹੈ, ਜਦੋਂ ਇਸ ਦੀ ਜ਼ਰੂਰਤ ਹੁੰਦੀ ਹੈ। ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਦੇ ਹਿੱਸੇ ਵਿੱਚ ਇਹ ਆਇਆ।

ਸਪੀਕਰ ਸਾਹਿਬ, ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ) ਆਟਾ-ਦਾਲ ਸਕੀਮ ਚਲਾਈ। ਤੁਸੀਂ ਵੀ ਸ਼ਾਇਦ ਦੇਖਿਆ ਹੋਣਾ ਹੈ, ਉਸ ਤੇ ਜਨਾਬ ਮੁੱਖ ਮੰਤਰੀ ਸਾਹਿਬ ਤੇ ਫੂਡ ਮਨਿਸਟਰ ਸਾਹਿਬ ਦੀਆਂ ਫੋਟੋਆਂ ਤੇ ਜਿਹੜੇ ਅੱਜ ਕਲ੍ਹ ਜਲਾਲਾਬਾਦ ਤੋਂ ਐਮ.ਐਲ.ਏ. ਹਨ, ਉਨ੍ਹਾਂ ਦੀਆਂ ਫੋਟੋਆਂ ਹੁੰਦੀਆਂ ਸਨ । ਸਪੀਕਰ ਸਾਹਿਬ, ਪਿਛਲੇ 10 ਸਾਲਾਂ ਵਿੱਚ 3210 ਕਰੋੜ ਰੁਪਿਆ ਇਨ੍ਹਾਂ ਨੇ ਆਟਾ-ਦਾਲ ਸਕੀਮ ਤੇ ਲਾਇਆ। ਤੁਸੀਂ ਹੈਰਾਨ ਰਹਿ ਜਾਓਗੇ ਕਿ 1747 ਕਰੋੜ ਹਾਲੇ ਵੀ ਆਟਾ-ਦਾਲ ਸਕੀਮ ਦਾ

[ਵਿੱਤ ਮੰਤਰੀ]

ਨਹੀਂ ਦਿੱਤਾ। ਫੋਟੋਆਂ ਇਨ੍ਹਾਂ ਦੀਆਂ ਲੱਗੀਆਂ ਹਨ ਪਰ ਹੁਣ ਇਸ ਸਕੀਮ ਦੀਆਂ ਇਹ ਅਦਾਇਗੀਆਂ ਕਾਂਗਰਸ ਪਾਰਟੀ ਸਰਕਾਰ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਰੇਗੀ। ਇਹ ਸਾਡੇ ਪਿਛਲੇ ਸਮੇਂ ਦਾ ਹਾਲ ਹੈ। ਮੈਨੂੰ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਉਠ ਕੇ ਬੋਲੇ ਕਿ ਤੁਸੀਂ ਗੈਪ ਦਿਖਾਇਆ ਹੈ। ਮੈਂ ਇਸ ਨੂੰ ਡਸਟਬਿੰਨ ਵਿੱਚ ਸੁੱਟਣ ਨੂੰ ਤਿਆਰ ਹਾਂ ਅਤੇ ਫਲਾਣਾ ਕਰ ਦੇਵਾਂਗਾ। ਸਪੀਕਰ ਸਾਹਿਬ, ਸਰਦਾਰ ਕੁਸਲਦੀਪ ਸਿੰਘ ਨੇ ਵੀ ਕਿਹਾ ਕਿ ਸੋਸ਼ਲੀ ਤੁਸੀਂ ਮਿਲੋ ਤਾਂ ਇਹ ਬੜਾ ਸ਼ਰੀਫ਼ ਲੜਕਾ ਹੈ। ਸਪੀਕਰ ਸਾਹਿਬ, ਤੁਸੀਂ ਵਕੀਲ ਰਹੇ ਹੋ। ਤੁਸੀਂ ਕਦੇ ਫੌਜਦਾਰੀ ਦੇ ਮੁਕੱਦਮੇ ਵੀ ਲੜੇ ਹੋਣੇ ਹਨ। ਕੀ ਤੁਸੀਂ ਕਦੇ ਆਪਣੀ ਜ਼ਿੰਦਗੀ ਵਿਚ ਦੇਖਿਆ ਹੈ ਕਿ ਪਿਸਤੌਲ ਨੂੰ ਫਾਂਸੀ ਲੱਗ ਰਹੀ ਹੋਵੇ ਜਾਂ ਖੰਜਰ ਨੂੰ ਫਾਂਸੀ ਦੇ ਰਹੇ ਹੋਣ। ਅਸਲ ਵਿਚ ਕਤਲ ਤਾਂ ਪਿਸਤੌਲ ਜਾਂ ਖੰਜਰ ਨੇ ਹੀ ਕੀਤਾ ਹੁੰਦਾ ਹੈ ਜਾਂ ਕਿਤੇ ਗੰਡਾਸਾ ਵੱਜਿਆ ਹੁੰਦਾ ਹੈ। ਸਪੀਕਰ ਸਾਹਿਬ, ਫਾਂਸੀ ਤਾਂ ਇਨ੍ਹਾਂ ਹਥਿਆਰਾਂ ਨੂੰ ਚਲਾਉਣ ਵਾਲੇ ਨੂੰ ਹੀ ਦਿੱਤੀ ਜਾਂਦੀ ਹੈ। ਕੱਲ੍ਹ ਜੋ ਇਹ ਮਜ਼ਾਕੀਆ ਤੌਰ ਤੇ ਵਿਅੰਗ ਕਰ ਰਹੇ ਸੀ, ਇਨ੍ਹਾਂ ਦਾ ਉਸ ਵਿੱਚ ਕੋਈ ਕਸੂਰ ਨਹੀਂ ਹੈ। ਇਹ ਤਾਂ ਸਿਰਫ ਪਿਸਤੌਲ ਸੀ, ਇਹ ਤਾਂ ਖੰਜਰ ਹੀ ਸੀ, ਜਿਵੇਂ ਉਹ ਚਲਾ ਦਿੰਦੇ ਸੀ, ਇਨ੍ਹਾਂ ਦੇ ਤਾਂ ਦਸਤਖਤ ਹੀ ਲੈਣੇ ਹੁੰਦੇ ਸੀ। (ਥੰਪਿੰਗ) ਕਿਸੇ ਉਰਦੂ ਦੇ ਕਵੀ ਨੇ ਲਿਖਿਆ ਹੈ:

ਆਜ ਕੇ ਇਸ ਦੌਰ ਮੇਂ ਦਵਾ ਕਯਾ ਹੈ, ਦੁਆ ਕਯਾ ਹੈ,
ਯਹਾਂ ਕਾਤਿਲ ਖੁਦ ਪੂਛਤੇ ਹੈਂ ਕਿ ਹੂਆ ਕਯਾ ਹੈ, ਹੂਆ ਕਯਾ ਹੈ ?

(ਥੰਪਿੰਗ) ਸਪੀਕਰ ਸਾਹਿਬ, ਉਹ ਮੈਨੂੰ ਕਹਿ ਰਹੇ ਸੀ ਕਿ ਗੈਪ 10,000 ਕਰੋੜ ਰੁਪਏ ਦਾ ਛੱਡ ਕੇ ਗਿਆ ਹੈ, ਕਿਵੇਂ ਪੂਰਾ ਹੋਵੇਗਾ। ਚਲੋ, ਮੰਨ ਲੈਂਦੇ ਹਾਂ ਕਿ 200 ਕਰੋੜ ਰੁਪਏ ਦਾ ਕੋਈ ਤੁਸੀਂ ਐਡੀਸ਼ਨਲ ਰਿਸੋਰਸਿਜ਼ ਮੋਬੇਲਾਈਜੇਸ਼ਨ ਕਰ ਲਵੋਗੇ, ਫਲਾਣਾ ਕਰ ਲਵੋਗੇ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਅਜ਼ੀਮ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਸ ਦਿਨ 31 ਮਾਰਚ ਨੂੰ ਇਨ੍ਹਾਂ ਨੇ ਖਜ਼ਾਨਾ ਬੰਦ ਕੀਤਾ ਜਾਂ ਜਿਹੜੇ ਟਰੈਜ਼ਰੀ ਦੇ ਵਿੱਚ ਬਿਲ ਲੈਪਸ ਹੋ ਗਏ, ਉਹ ਤਕਰੀਬਨ 13,039 ਕਰੋੜ ਰੁਪਏ ਦੇ ਸੀ। ਮੈਨੂੰ ਪੱਕਾ ਯਕੀਨ ਹੈ, ਬੱਸ ਮਾੜੇ ਦੀ ਮਾੜੀ ਕਿਸਮਤ ਕਿ 7,000-8,000 ਕਰੋੜ ਰੁਪਏ ਦੇ ਬਿਲ ਅਜੇ ਪੇਸ਼ ਹੀ ਨਹੀਂ ਹੋਏ।ਸਪੀਕਰ ਸਾਹਿਬ, ਸਾਡੇ ਕੋਲ ਤਾਂ ਜਿਹੜੇ ਬਜਟ ਐਸਟੀਮੇਟਸ, ਰਿਵਾਈਜ਼ਡ ਐਸਟੀਮੇਟਸ ਹੀ ਆਉਂਦੇ ਹਨ, ਪਰ ਜਿਹੜੇ ਐਕਚੂਅਲਜ਼ ਹਨ, ਉਹ ਏ.ਜੀ. ਆਫਿਸ ਤੋਂ ਦੋ ਸਾਲ ਬਾਅਦ ਆਉਂਦੇ ਹਨ। ਸਾਡੇ ਕੋਲ ਹੁਣ ਸਾਲ 2015-16 ਦੇ ਐਕਚੂਅਲਜ਼ ਤਾਂ ਆ ਗਏ ਹਨ ਪਰ ਅਜੇ ਸਾਲ 2016-17 ਦੇ ਐਕਚੂਅਲਜ਼ ਨਹੀਂ ਆਏ।ਮੈਂ ਤੁਹਾਨੂੰ ਯਕੀਨ ਨਾਲ ਕਹਿ ਸਕਦਾ ਹਾਂ। ਸਪੀਕਰ ਸਾਹਿਬ, ਮੇਰੇ ਵਾਸਤੇ ਵੀ ਇਹ ਬਹੁਤ ਸੌਖਾ ਕੰਮ ਸੀ ਕਿ 10,000 ਕਰੋੜ ਰੁਪਏ ਦਾ ਗੈਪ ਹੈ, ਮੈਂ ਫਾਈਨਾਂਸ ਸੈਕਟਰੀ ਸਾਹਿਬ ਨੂੰ ਕਹਿੰਦਾ ਕਿ ਇਸ ਤਰ੍ਹਾਂ ਕਰੋ ਕਿ ਪੈਨਸ਼ਨਜ਼ 9,000 ਰੁਪਏ ਨਹੀਂ ਇਸ ਦੀ ਬਜਾਏ 7,000 ਰੁਪਏ ਲਗਾ ਦਿਉ। ਗਰਾਂਟ-ਇਨ-ਏਡ ਗੌਰਮਿੰਟ ਆਫ ਇੰਡੀਆ ਤੋਂ ਆਉਣੀ ਹੈ, ਇਹ 10,000 ਨਹੀਂ 13,000 ਕਰੋੜ ਰੁਪਏ ਲਗਾ ਦਿਉ। ਫਲਾਣੀ ਚੀਜ਼ ਨੂੰ ਇੰਨਾ ਲਗਾ ਦਿਉ, ਇਸ ਤਰ੍ਹਾਂ ਕਰਕੇ ਫਿਰ ਬਜਟ ਬੈਲੰਸ ਹੋ ਜਾਂਦਾ। ਸਪੀਕਰ ਸਾਹਿਬ, ਫਰਕ ਸਿਰਫ ਇੰਨਾ ਕੁ ਹੀ ਹੈ। ਮੈਂ

ਪਿਛਲੇ ਪੰਜਾਂ ਸਾਲਾਂ ਵਿਚ ਜਦੋਂ ਵੀ ਬਜਟ ਆਉਂਦਾ ਸੀ, ਉਹ ਧਿਆਨ ਨਾਲ ਦੇਖਦਾ ਸੀ ਕਿਉਂਕਿ ਮੈਨੂੰ ਇਸ ਵਿੱਚ ਦਿਲਸਚਪੀ ਸੀ। ਪੰਜਾਬ ਮੇਰਾ ਘਰ ਹੈ, ਇਸ ਦੇ ਲੋਕ ਮੇਰਾ ਕੁਨਬਾ ਹਨ। ਮੇਰੀ ਇਹ ਹਰ ਮੁਮਕਿਨ ਕੋਸ਼ਿਸ਼ ਹੈ ਕਿ ਮੇਰੇ ਕੁਨਬੇ ਦੇ ਜੋ ਲੋਕ ਹਨ ਜਾਂ ਮੇਰਾ ਜੋ ਮੁਲਕ ਹੈ, ਇਹ ਉਨ੍ਹਾਂ ਲੋਕਾਂ ਦੀ ਸ਼ਾਇਆਨੇ ਸ਼ਾਨ ਬਣੇ ਜਿਹੜੇ ਖੁਸ਼ਹਾਲ ਤੇ ਮੁਨਸਿਫਾਨਾ ਪੰਜਾਬ ਦੇਖਣਾ ਚਾਹੁੰਦੇ ਹਨ। ਮੈਂ ਇਸ ਸਬੰਧ ਵਿੱਚ ਲੇਖ ਵੀ ਲਿਖਦਾ ਰਿਹਾ ਹਾਂ ਕਿ ਇਹ ਚੀਜ਼ ਗਲਤ ਹੈ, they are fudging the figures, they are pimping the figures. ਜਿਸ ਨੂੰ ਪੰਜਾਬੀ ਵਿੱਚ ਸੁਰਖੀ ਬਿੰਦੀ ਲਗਾਉਣਾ ਕਹਿੰਦੇ ਹਨ, ਇਹ ਸੁਰਖੀ ਬਿੰਦੀ ਲਗਾ ਰਹੇ ਹਨ।ਅਖੀਰ ਵਿਚ ਤੁਸੀਂ ਦੇਖਦੇ ਹੋ ਕਿ 13,000 ਕਰੋੜ ਰੁਪਏ ਦੀਆਂ ਪੈਂਡਿੰਗ ਲਾਇਬਿਲਟੀਜ਼ ਹਨ ਔਰ ਇਹ ਕਹਿ ਰਹੇ ਹਨ ਕਿ ਅਸੀਂ ਸਰਕਾਰ ਬਹੁਤ ਵਧੀਆ ਚਲਾ ਕੇ ਗਏ ਹਾਂ। ਉਨ੍ਹਾਂ ਨੇ ਫਿਰ ਪੁੱਛਿਆ ਕਿ ਤੁਸੀਂ 10,000 ਕਰੋੜ ਰੁਪਏ ਦਾ ਗੈਪ ਕਿਵੇਂ ਭਰੋਗੇ। ਇਹ ਪੈਸਾ ਕਿਥੋਂ ਇਕੱਠਾ ਕਰੋਗੇ ਔਰ ਜੇਕਰ ਨਾ ਇਕੱਠਾ ਕਰ ਸਕੇ ਫਿਰ ਤਾਂ ਹੋ ਸਕਦਾ ਹੈ ਕਿ ਤੁਹਾਡੀਆਂ ਦੂਜੀਆਂ ਸਾਰੀਆਂ ਪਲਾਨਜ਼ ਵੀ ਫੇਲ੍ਹ ਹੋ ਜਾਣ। ਸਪੀਕਰ ਸਾਹਿਬ, ਮੈਂ ਤੁਹਾਡੀ ਖਿਦਮਤ ਵਿਚ ਹਾਜ਼ਰ ਕਰਨਾ ਚਾਹੁੰਦਾ ਹਾਂ, ਮੇਰੀ ਆਸ ਜਿਹੜੀ ਹੈ, ਉਹ ਜਿਹੜਾ ਨਵਾਂ ਟੈਕਸ ਜੋ ਕਿ ਹਿੰਦੁਸਤਾਨ ਵਿਚ ਲਾਗੂ ਹੋਣ ਜਾ ਰਿਹਾ ਹੈ, ਉਸ ਟੈਕਸ ਤੇ ਲੱਗੀ ਹੋਈ ਹੈ। ਹਾਲਾਂਕਿ ਗੌਰਮਿੰਟ ਆਫ ਇੰਡੀਆ ਨੇ ਤਾਂ ਸਾਨੂੰ 14% ਦੀ ਐਸ਼ਿਓਰਡ ਗਰੋਥ ਕਹੀ ਹੈ। ਜੇ 14% ਨੂੰ ਪੰਜ ਸਾਲਾਂ ਵਿਚ ਕੰਪਾਊਂਡ ਕਰੋ ਤਾਂ ਇਸ ਦਾ ਮਤਲਬ ਹੈ ਕਿ ਪੰਜਾਬ ਦੇ ਜਿਹੜੇ ਟੈਕਸ ਰੈਵੇਨਿਊਜ਼ ਹਨ, ਇਹ ਪੰਜਾਂ ਸਾਲਾਂ ਵਿਚ ਡਬਲ ਹੋ ਜਾਣਗੇ। ਜਿਹੜੀ ਅੱਜ ਸਾਨੂੰ ਟੈਕਸ ਦੀ ਅਦਾਇਗੀ ਹੁੰਦੀ ਹੈ, ਇਹ ਅਗਲੇ ਪੰਜਾਂ ਸਾਲਾਂ ਵਿਚ ਦੁੱਗਣੀ ਹੋ ਜਾਵੇਗੀ। ਜੇ ਅਸੀਂ ਆਪਣੇ ਖਰਚੇ ਸੀਮਤ ਕਰਾਂਗੇ ਤਾਂ ਮੈਨੂੰ ਲਗਦਾ ਹੈ ਕਿ ਪੰਜਾਬ ਨੂੰ ਅਸੀਂ ਇਸ ਦਲਦਲ ਵਿਚੋਂ, ਇਸ ਨਰਕ ਵਿਚੋਂ ਕੱਢ ਦਿਆਂਗੇ ਪਰ ਇਸ ਤੋਂ ਇਲਾਵਾ ਮੇਰਾ ਖੁਸ਼ਨੁਮਾ ਫਰਜ਼ ਇਹ ਵੀ ਹੈ ਕਿਉਂਕਿ ਮੈਂ 14 ਫੀਸਦੀ ਤੇ ਸੰਤੁਸ਼ਟ ਨਹੀਂ ਹਾਂ, ਮੈਂ ਇਸ ਤੇ ਮੁਤਬੀਨ ਨਹੀਂ ਹਾਂ। ਜਿਹੜਾ ਕੈਪਟਨ ਸਾਹਿਬ ਦੀ ਸਰਕਾਰ ਦਾ ਪਹਿਲਾ ਫਾਈਨੈਂਸ਼ੀਅਲ ਕੁਆਰਟਰ ਹੈ ਜੋ ਅਪ੍ਰੈਲ ਤੋਂ ਜੂਨ ਤੱਕ ਦਾ ਹੈ, ਮੇਰੇ ਕੋਲ ਅਜੇ ਤੱਕ ਐਕਚੁਅਲ ਫਿਗਰਜ਼ ਤਾਂ ਨਹੀਂ ਆਏ ਪਰ ਤੁਹਾਡੀ ਸਰਕਾਰ ਦੇ ਪਹਿਲੇ ਕੁਆਰਟਰ ਵਿਚ ਟੈਕਸਾਂ ਦਾ 30 ਫੀਸਦੀ ਇਜ਼ਾਫਾ ਹੋਇਆ ਹੈ। The collection rate has actually jumped. ਲੋਕ ਇਮਾਨਦਾਰੀ ਨਾਲ ਟੈਕਸ ਦੇ ਰਹੇ ਹਨ। ਪਤਾ ਨਹੀਂ ਇਹ ਕੈਪਟਨ ਸਾਹਿਬ ਦਾ ਕਮਾਲ ਹੈ, ਪਤਾ ਨਹੀਂ ਜਿਵੇਂ ਜੀ.ਐਸ.ਟੀ. ਸਿਸਟਮ ਆ ਰਿਹਾ ਹੈ, ਲੋਕ ਇਸ ਸਿਸਟਮ ਵਿੱਚ ਆਉਣਾ ਚਾਹੁੰਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਅਜ਼ੀਮ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ I am going to wait for three months or six months. ਮੈਂ ਦੇਖਦਾ ਹਾਂ ਕਿ ਇਸ ਜੀ.ਐਸ.ਟੀ. ਦੇ ਕਿਸ ਕਿਸਮ ਦੇ ਅਸਰਾਤ ਹੁੰਦੇ ਹਨ । ਫਿਰ ਸਪੀਕਰ ਸਾਹਿਬ, ਇਸ ਤੇ ਅਸੀਂ ਆਪਣਾ ਕੋਈ ਰੱਦ-ਏ-ਅਮਲ ਪੇਸ਼ ਕਰਾਂਗੇ। ਸਪੀਕਰ ਸਾਹਿਬ, 31 ਹਜ਼ਾਰ ਕਰੋੜ ਦੀ ਸੀ.ਸੀ.ਐਲ ਲਿਮਟ ਦੀ ਗੱਲ ਚੱਲੀ ਹੈ। ਸਪੀਕਰ ਸਾਹਿਬ, ਮੈਂ ਬਜਟ ਤੋਂ ਬਾਅਦ ਪ੍ਰੈਸ ਨੂੰ ਵੀ ਇਹ ਗੱਲ ਕਹੀ ਸੀ। ਸਪੀਕਰ ਸਾਹਿਬ, ਮੇਰਾ ਹਲਕਾ ਬਠਿੰਡਾ ਹੈ। ਉਥੇ ਕਾਰਪੋਰੇਸ਼ਨ ਹੈ। ਉਹ ਕੀ ਕਰਦੇ ਹਨ, ਕਈ ਵਾਰ ਗਰੀਬ ਲੋਕ ਜਿਹੜੇ ਰੇੜ੍ਹੀਆਂ ਲਗਾਉਂਦੇ ਹਨ, ਉਹ ਜਦੋਂ ਗਲਤ ਪਾਰਕਿੰਗ ਕਰ ਲੈਂਦੇ ਹਨ ਤਾਂ ਕਾਰਪੋਰੇਸ਼ਨ ਵਾਲੇ ਮੁਲਾਜ਼ਮ ਟਰੱਕ ਵਿੱਚ ਆਉਂਦੇ ਹਨ ਅਤੇ

[ਵਿੱਤ ਮੰਤਰੀ]

ਉਨ੍ਹਾਂ ਦੀਆਂ ਰੇਹੜੀਆਂ ਚੁੱਕ ਲੈ ਜਾਂਦੇ ਹਨ। ਫਿਰ ਜਿਹੜਾ ਗਰੀਬ ਰੇਹੜੀ ਵਾਲਾ ਹੈ, ਉਹ ਉਸ ਟਰੱਕ ਪਿੱਛੇ ਭੱਜਦਾ ਹੈ ਅਤੇ ਕੁਝ ਲੈ ਦੇ ਕੇ ਆਪਣੀ ਰੇਹੜੀ ਛੁਡਵਾ ਲੈਂਦਾ ਹੈ। ਸਪੀਕਰ ਸਾਹਿਬ, ਹਨੇਰ ਸਾਈਂ ਦਾ ਕਿ 31 ਹਜ਼ਾਰ ਕਰੋੜ ਚਲਿਆ ਗਿਆ ਤੇ ਕੋਈ ਮਗਰ ਵੀ ਨਹੀਂ ਭੱਜਿਆ ਕਿ ਕੁਝ ਲੈ ਦੇ ਕੇ ਇਸ ਨੂੰ ਛੁਡਾ ਹੀ ਲਈਏ। ਸਪੀਕਰ ਸਾਹਿਬ, ਇਹ ਖਰਬਾਂ ਰੁਪਿਆਂ ਦਾ ਅਫਸਾਨਾ ਸੀ, ਕੋਈ 100-200 ਕਰੋੜ ਦੀ ਗੱਲ ਨਹੀਂ। ਵੈਸੇ ਮੇਰੀ ਨਜ਼ਰ ਵਿੱਚ ਤਾਂ 100 ਕਰੋੜ ਵੀ ਬਹੁਤ ਵੱਡੀ ਰਕਮ ਹੈ। ਇਨ੍ਹਾਂ ਨੇ ਇਸ ਗੱਲ ਤੇ ਗੌਰ ਹੀ ਨਹੀਂ ਕੀਤਾ। ਕੱਲ੍ਹ ਸਾਬਕਾ ਖਜ਼ਾਨਾ ਮੰਤਰੀ ਕਹਿ ਰਹੇ ਸੀ ਕਿ ਅਸੀਂ ਇਸ ਤੇ ਕਾਰਵਾਈ ਕੀਤੀ ਸੀ। ਸਪੀਕਰ ਸਾਹਿਬ, ਜੇਕਰ ਕਾਰਵਾਈ ਕਾਗਜ਼ੀ ਹੈ ਤਾਂ ਫਿਰ ਪੰਜਾਬ ਦਾ ਮੁਸਤਕਬਿਲ, ਪੰਜਾਬ ਦਾ ਭਵਿੱਖ ਵੀ ਕਾਗਜ਼ੀ ਹੋਵੇਗਾ। ਅੱਜ ਪੰਜਾਬ ਦੀ ਇੱਜ਼ਤ ਸਾਹਮਣੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਇਨ੍ਹਾਂ ਨੇ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਵੀ ਵੇਚ ਦਿੱਤਾ, ਇਨ੍ਹਾਂ ਨੇ ਉਨ੍ਹਾਂ ਦਾ ਵੀ ਬਿਆਨਾ ਕਰਾ ਲਿਆ। ਅਗਲੇ 20 ਸਾਲ 3140 ਕਰੋੜ ਦਾ ਹਰ ਮਹੀਨੇ 270 ਕਰੋੜ ਰੁਪਿਆ ਦੇਣਾ ਹੈ। ਰਿਜ਼ਰਵ ਬੈਂਕ ਆਫ ਇੰਡੀਆ ਨੇ ਮੇਰੇ ਤੋਂ ਬਿਨਾਂ ਪੁੱਛੇ ਮੇਰੇ ਖਾਤੇ ਵਿਚੋਂ ਕੱਟ ਲੈਣੇ ਹਨ। 20 ਸਾਲ ਤੱਕ ਮਨਪ੍ਰੀਤ ਮਰ ਖੱਪ ਗਿਆ ਹੋਵੇਗਾ ਪਰ ਇਹ ਕਰਜ਼ਾ ਖੜ੍ਹਾ ਰਹੇਗਾ। ਸਪੀਕਰ ਸਾਹਿਬ, ਮੇਰੀ 55 ਸਾਲ ਉਮਰ ਹੈ, ਅੱਜ ਕੱਲ੍ਹ ਕਿੰਨੀਆਂ ਕੁ ਉਮਰਾਂ ਹਨ। ਮੇਰਾ ਖਿਆਲ ਹੈ ਕਿ ਮੇਰੇ 10 ਕੁ ਸਾਲ ਬਕਾਇਆ ਰਹਿ ਗਏ ਹਨ। ਮੇਰੇ ਤੋਂ ਬਾਅਦ ਵੀ ਪੰਜਾਬ ਸੀ.ਸੀ.ਐਲ ਦਾ ਕਰਜ਼ਾ ਭਰੀ ਜਾਵੇਗਾ। ਮੈਂ ਕਹਿੰਦਾ ਹਾਂ, ਸਪੀਕਰ ਸਾਹਿਬ, ਇਨ੍ਹਾਂ ਨੇ ਦਸਤਖਤ ਕੀਤੇ ਅਤੇ ਕਿਸੇ ਦੀ ਜ਼ਿੰਮੇਵਾਰੀ ਫਿਕਸ ਨਹੀਂ ਹੋਈ। ਇਹ ਦਸਤਖਤ ਕਿਸ ਦਿਨ ਕੀਤੇ। ਸਪੀਕਰ ਸਾਹਿਬ, 10 ਮਾਰਚ ਨੂੰ ਦਸਤਖਤ ਕੀਤੇ ਗਏ ਅਤੇ 11 ਮਾਰਚ ਨੂੰ ਨਵੀਂ ਸਰਕਾਰ ਲਈ ਵੋਟਾਂ ਦੀ ਗਿਣਤੀ ਹੋਣੀ ਸੀ। ਕੋਈ ਅਸਮਾਨ ਡਿੱਗ ਰਿਹਾ ਸੀ, ਕੋਈ ਪਹਾੜ ਇਨ੍ਹਾਂ ਤੇ ਡਿੱਗ ਚੱਲਿਆ ਸੀ ਪਰ ਇਨ੍ਹਾਂ ਨੂੰ ਪਤਾ ਸੀ ਕਿ ਅਸੀਂ ਆਪਣੀਆਂ ਸਾਰੀਆਂ ਕਾਲੀਆਂ ਕਰਤੂਤਾਂ ਨੂੰ ਲੋਨ ਵਿਚ ਬਦਲ ਕੇ ਜਾਈਏ ਤਾਂ ਜੋ ਕੋਈ ਇਨਕੁਆਰੀ ਨਾ ਹੋਵੇ। ਸਪੀਕਰ ਸਾਹਿਬ, ਮੈਨੂੰ ਇਸ ਹੱਦ ਤੱਕ ਯਕੀਨ ਹੈ ਕਿ ਭਾਰਤ ਸਰਕਾਰ ਨੇ ਇਨ੍ਹਾਂ ਨੂੰ ਮਸ਼ਵਰਾ ਦਿੱਤਾ ਸੀ ਕਿ ਤੁਸੀਂ ਰਿਕਾਰਡ ਦਾ ਮੁਕਾਬਲਾ ਕਰ ਲਓ। ਅਸੀਂ 10 ਹਜ਼ਾਰ ਕਰੋੜ ਰੁਪਿਆ ਇਸ ਵਿਚ ਪਾਉਣ ਲਈ ਤਿਆਰ ਹਾਂ। ਸਪੀਕਰ ਸਾਹਿਬ, ਜਿਵੇਂ ਮੇਰੇ ਛੋਟੇ ਭਾਈ ਨੇ ਗੱਲ ਕੀਤੀ, ਇਹ ਮੇਰੇ ਬੱਚਿਆਂ ਦੀ ਉਮਰ ਦਾ ਹੈ। ਅਮਿਤ ਸਾਹਿਬ ਜੀ ਬੋਲੇ ਹਨ ਕਿ ਸਾਬਕਾ ਖਜ਼ਾਨਾ ਮੰਤਰੀ ਕਹਿ ਰਹੇ ਸੀ ਅਸੀਂ 8.25 ਫੀਸਦੀ ਤੇ ਇਹ ਲੋਨ ਰੇਜ਼ ਕਰ ਲਿਆ। ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਬਿਲਕੁਲ ਦਰੁਸਤ ਹੈ ਅਤੇ ਬਹੁਤ ਘੱਟ ਲੋਕ ਇਸ ਗੱਲ ਨੂੰ ਸਮਝ ਸਕਦੇ ਹਨ । ਉਸ ਵੇਲੇ ਦਾ ਜੇਕਰ ਤੁਸੀਂ ਬਾਂਡ ਮਾਰਕਿਟ ਦੇਖੋ, ਮਾਰਕੀਟ ਵਿੱਚ 6% ਤੇ ਬੌਂਡ ਮਿਲਦੇ ਸਨ। ਸਪੀਕਰ ਸਾਹਿਬ, ਅਸਲ ਵਿੱਚ ਗੱਲ ਇਹ ਹੈ ਕਿ ਬੈਂਕਾਂ ਦਾ ਨਾਨ ਪਰਫਾਰਮਿੰਗ ਐਸੇਟ (ਐਨ.ਪੀ.ਏ.) ਬਣ ਰਿਹਾ ਸੀ। ਬੈਂਕਾਂ ਨੂੰ ਬਚਾ ਲਿਆ ਤੇ ਪੰਜਾਬ ਨੂੰ ਡੁਬੋ ਦਿੱਤਾ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਮੈਨੂੰ ਇਹ ਖਦਸ਼ਾ ਹੈ। ਬੈਂਕਾਂ ਦਾ ਤਾਂ ਕਰਜ਼ਾ ਮਰਦਾ ਸੀ ਜਿਨ੍ਹਾਂ ਨੇ ਆਪਣੀ ਰਕਮ ਵਸੂਲਣੀ ਸੀ । ਉਹ ਤਾਂ ਰੈਪੋ ਰੇਟ ਤੇ ਵੀ ਦੇ ਦਿੰਦੇ। ਇਹ ਪੰਜਾਬ ਦੇ ਹਾਲਾਤ ਹਨ। ਇਥੇ ਬੋਲਣ ਵਾਲੇ ਮੈਂਬਰਾਨ ਨੇ ਇਹ ਗੱਲਾਂ ਕਹੀਆਂ ਕਿ ਇਸ ਦੀ

ਇਨਕੁਆਰੀ ਹੋਣੀ ਚਾਹੀਦੀ ਹੈ, ਕੋਈ ਵਿਜੀਲੈਂਸ ਤੋਂ ਕਹਿ ਰਿਹਾ ਹੈ, ਕੋਈ ਸੀ.ਬੀ.ਆਈ ਤੋਂ ਕਰਵਾਉਣ ਲਈ ਕਹਿ ਰਿਹਾ ਹੈ। ਸਪੀਕਰ ਸਾਹਿਬ, ਇਹ ਅਸੀਂ ਅਖੀਰਲੀ ਮੰਜ਼ਿਲ ਤੱਕ ਜਾਵਾਂਗੇ। ਡਿਪਾਰਟਮੈਂਟ ਵੱਲੋਂ ਇਸ ਦਾ ਆਡਿਟ ਜਿਹੜਾ ਹੈ.....

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ....

ਮਾਨਯੋਗ ਸਪੀਕਰ : ਇੱਕ ਮਿੰਟ ਜੀ। ਹਾਂ ਜੀ, ਨਾਗਰਾ ਜੀ।

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਕੱਲ੍ਹ ਵੀ ਜੋ ਸੀ.ਸੀ.ਐਲ ਦੀ ਲਿਮਟ ਸੀ ਉਸ ਉੱਤੇ ਆਪਣੇ ਭਾਸ਼ਣ ਵਿੱਚ ਜ਼ਿਕਰ ਕੀਤਾ ਸੀ ਅਤੇ ਹੁਣ ਇਸ ਦਾ ਜ਼ਿਕਰ ਸਾਡੇ ਮਾਨਯੋਗ ਵਿੱਤ ਮੰਤਰੀ ਸਾਹਿਬ ਨੇ ਡਿਟੇਲ ਵਿੱਚ ਦਿੱਤਾ ਹੈ। ਬੜੀ ਮੰਦਭਾਗੀ ਘਟਨਾ ਹੈ। ਪੰਜਾਬ ਦੇ ਲੋਕਾਂ ਲਈ ਅਤੇ ਪੰਜਾਬ ਦੀਆਂ ਆਉਣ ਵਾਲੀਆਂ ਜਨਰੇਸ਼ਨਾਂ ਲਈ ਇੱਕ ਬਹੁਤ ਵੱਡਾ ਕੋਹੜ ਇਹ ਪੁਰਾਣੀ ਸਰਕਾਰ ਲਗਾ ਕੇ ਗਈ ਹੈ। ਇਸ ਨੂੰ ਸਿਰਫ ਬਜਟ ਦੇ ਭਾਸ਼ਣ ਤੱਕ ਹੀ ਸੀਮਤ ਨਾ ਕੀਤਾ ਜਾਵੇ। ਸਪੀਕਰ ਸਾਹਿਬ, ਮੈਂ ਸਰਕਾਰ ਤੋਂ ਤੁਹਾਡੇ ਰਾਹੀਂ ਮੰਗ ਕਰਦਾ ਹਾਂ ਕਿ ਇਸ ਦੀ ਵਿਜੀਲੈਂਸ ਇਨਕੁਆਰੀ ਕਰਵਾ ਕੇ ਜਿਹੜੇ ਦੋਸ਼ੀ ਹਨ, ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਸਾਹਮਣੇ ਨੰਗਾ ਕੀਤਾ ਜਾਵੇ।

ਮਾਨਯੋਗ ਸਪੀਕਰ : ਬੈਠੋ ਪਲੀਜ਼।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਪੰਜਾਬ ਨਾਲ ਇੰਨੀ ਹਮਦਰਦੀ ਦਿਖਾਉਂਦੇ ਸਨ। 1937 ਤੋਂ ਬਾਅਦ ਇਹ ਪਹਿਲੀ ਮਰਤਬਾ ਹੋਇਆ ਹੈ ਕਿ ਇਨਾਂ ਦੀ ਗਿਣਤੀ 15 ਤੇ ਆ ਗਈ ਹੈ। ਸਪੀਕਰ ਸਾਹਿਬ, ਪਿਛਲੇ ਖਜ਼ਾਨਾ ਮੰਤਰੀ ਨੂੰ ਕੀ ਇੰਨਾ ਵੀ ਟਾਈਮ ਨਹੀਂ ਮਿਲਿਆ ਕਿ ਇੱਕ ਵਾਰ ਬੈਂਕਰਜ਼ ਨਾਲ ਮੀਟਿੰਗ ਹੀ ਕਰ ਲਵੇ। ਸਪੀਕਰ ਸਾਹਿਬ, 31000 ਹਜ਼ਾਰ ਕਰੋੜ ਦਾ ਮਤਲਬ ਹੈ, ਪੰਜ ਬਿਲੀਅਨ ਯੂ.ਐਸ.ਡਾਲਰਜ਼। ਫਿਰ ਵੀ ਜਨਾਬ ਨੂੰ ਟਾਈਮ ਨਹੀਂ ਮਿਲਿਆ ਕਿ ਇੱਕ ਵਾਰ ਬੈਂਕਰਜ਼ ਨਾਲ ਮੀਟਿੰਗ ਹੀ ਕਰ ਲਈ ਜਾਵੇ। ਮੇਰਾ ਦਿਲ ਇਸ ਗੱਲ ਦੀ ਗਵਾਹੀ ਦੇਣ ਨੂੰ ਤਿਆਰ ਹੈ ਕਿ ਜੇਕਰ ਥੋੜ੍ਹੀ ਜਿਹੀ ਵੀ ਪੰਜਾਬ ਨਾਲ ਹਮਦਰਦੀ ਹੁੰਦੀ ਤਾਂ ਇਸ ਕਰਜ਼ ਤੋਂ ਪੰਜਾਬ ਜਿਹੜਾ ਹੈ, ਉਹ ਬਚ ਸਕਦਾ ਸੀ। ਬਿਲਕੁਲ ਨਹੀਂ ਤਾਂ ਘੱਟੋ ਘੱਟ 50% ਤਾਂ ਇਸ ਵਿਚੋਂ ਨਿਕਲ ਸਕਦਾ ਸੀ। ਜਿਵੇਂ ਕਿ ਪੰਜਾਬ ਸਰਕਾਰ ਜਿਹੜੀ ਹੈ ਉਹ ਗੌਰਮਿੰਟ ਆਫ ਇਡੀਆ ਦੇ ਬਿਹਾਫ ਤੇ ਜੇਕਰ ਖਰੀਦ ਕਰ ਰਹੀ ਹੈ ਤਾਂ ਗੌਰਮਿੰਟ ਆਫ ਇੰਡੀਆ ਮਾਲਕ ਹੈ, ਮੈਂ ਉਨ੍ਹਾਂ ਦਾ ਏਜੰਟ ਹਾਂ, ਮੈਂ ਏਜੰਟ ਜਿਹੜਾ ਹਾਂ ਉਹ ਪਰਚੇਜ਼ ਕਰ ਰਿਹਾ ਹਾਂ, ਇਸ ਵਿੱਚ ਜੇਕਰ ਗੌਰਮਿੰਟ ਆਫ ਇਡੀਆ ਨੂੰ ਘਾਟਾ ਪੈ ਗਿਆ ਤਾਂ ਕੀ ਨੁਕਸਾਨ ਫਿਰ ਏਜੰਟ ਦਾ ਹੋਵੇਗਾ ਕਿ ਗੌਰਮਿੰਟ ਦਾ ਹੋਵੇਗਾ? ਸੋ, ਸਪੀਕਰ ਸਾਹਿਬ, ਮਾਨਯੋਗ ਨਾਗਰਾ ਸਾਹਿਬ ਨੇ ਆਪਣੇ ਜ਼ਜ਼ਬਾਤ ਜਿਹੜੇ ਹਨ ਉਨ੍ਹਾਂ ਦਾ ਇਜ਼ਹਾਰ ਕੀਤਾ, ਮੈਂ ਤੁਹਾਡੀ ਮਾਰਫਤ ਉਨ੍ਹਾਂ ਨੂੰ ਕਹਾਂਗਾ ਕਿ ਅਸੀਂ ਇੱਕ ਥਰਡ ਪਾਰਟੀ ਆਡਿਟ ਸ਼ੁਰੂ ਕਰਵਾ ਦਿੱਤੀ ਹੈ। (ਟਰੇਜ਼ਰੀ ਬੈਚਿਜ਼ ਵੱਲੋਂ ਥੰਪਿੰਗ) ਇੱਕ ਵਾਰ ਆਡਿਟ ਦੀ ਰਿਪੋਰਟ ਜਦੋਂ ਸਾਹਮਣੇ ਆ ਜਾਏਗੀ ਤਾਂ ਫਿਰ ਉਸ ਤੇ ਰਿਸਪਾਂਸੀਬਿਲਟੀ

[ਵਿੱਤ ਮੰਤਰੀ]

ਜਿਹੜੀ ਹੈ, ਉਹ ਫਿਕਸ ਕੀਤੀ ਜਾਏਗੀ। ਸਪੀਕਰ ਸਾਹਿਬ, ਇਸ ਗਰੀਬ ਮੁਲਕ ਦਾ ਸਾਡੇ ਤੇ ਬਹੁਤ ਵੱਡਾ ਅਹਿਸਾਨ ਹੈ। ਇਸ ਗਰੀਬ ਮੁਲਕ ਨੇ ਸਾਨੂੰ ਪੜ੍ਹਾ ਦਿੱਤਾ, ਲਿਖਾ ਦਿੱਤਾ, ਕਾਬਲ ਬਣਾ ਦਿੱਤਾ, ਇਸ ਧਰਤੀ ਮਾਂ ਦਾ ਇੰਨਾ ਵੱਡਾ ਅਹਿਸਾਨ ਹੈ। ਇਸ ਗਰੀਬ ਮੁਲਕ ਨੂੰ ਜਿਸ ਨੇ ਲੁੱਟਿਆ ਹੈ, ਸਪੀਕਰ ਸਾਹਿਬ, ਮੈਂ ਨਹੀਂ ਸਮਝਦਾ ਕਿ ਉਨ੍ਹਾਂ ਨਾਲ ਕੋਈ ਲਿਹਾਜ਼ ਹੋਣੀ ਚਾਹੀਦੀ ਹੈ ਜਾਂ ਉਹ ਕਾਨੂੰਨ ਦੇ ਸ਼ਿਕੰਜੇ ਵਿੱਚ ਨਾ ਲਏ ਜਾਣ। ਭਾਵੇਂ ਉਹ ਵੱਡੇ ਹਨ, ਛੋਟੇ ਹਨ, ਗਰੀਬ ਹਨ ਜਾਂ ਅਮੀਰ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਵਾਈਟ ਪੇਪਰ ਦੀ ਗੱਲ ਹੋਈ । ਵੈਸੇ ਤਾਂ ਇਹ ਮੁਕਾਬਲੇ ਵਿੱਚ ਵਾਈਟ ਪੇਪਰ ਲੈ ਕੇ ਆਏ ਹਨ, ਜਦੋਂ ਕਿ ਅਵਾਮ ਦੀ ਕਚਹਿਰੀ ਵਿੱਚ ਹੀ ਇਨ੍ਹਾਂ ਦਾ ਵਾਈਟ ਪੇਪਰ ਰੱਦ ਹੋ ਗਿਆ ਅਤੇ ਇਹ 15-20 ਦੀ ਤਦਾਦ ਤੇ ਆ ਗਏ। ਫਿਰ ਵੈਸੇ ਤਾਂ ਇਹ ਬੇਬੁਨਿਆਦ ਸੀ। ਸਪੀਕਰ ਸਾਹਿਬ, ਮੈਂ ਇਸ ਦਾ ਜਵਾਬ ਵੀ ਬਣਾਇਆ ਹੋਇਆ ਹੈ ਪਰ ਉਹ ਜਵਾਬ ਐਸਾ ਹੈ ਜਿਵੇਂ ਕੋਈ ਵਾਲ ਦੀ ਖੱਲ ਉਤਾਰਨੀ ਹੋਵੇ। ਇਸ ਕਰਕੇ ਮੈਂ ਇਹ ਪੜ੍ਹ ਕੇ ਸਦਨ ਵਿੱਚ ਨਹੀਂ ਸੁਣਾਉਂਦਾ, ਉਹ ਮੈਂ ਸਮੇਂ ਦੀ ਕਮੀ ਦੇ ਪੇਸ਼-ਏ-ਨਜ਼ਰ ਪ੍ਰੈਸ ਗੈਲਰੀ ਨੂੰ ਭੇਜ ਦੇਵਾਂਗਾ। ਸਪੀਕਰ ਸਾਹਿਬ, ਇੱਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਉਨ੍ਹਾਂ ਨੇ ਫਰਮਾਇਆ ਹੈ ਕਿ ਪੀ.ਆਈ.ਡੀ.ਬੀ., ਰੂਰਲ ਡਿਵੈਲਪਮੈਂਟ ਬੋਰਡ ਜਿਹੜਾ ਹੈ, ਅਸੀਂ ਇਸ ਰਾਹੀਂ ਲੋਨ ਲਿਆ, ਇਹ ਤਾਂ ਹਮੇਸ਼ਾ ਹੁੰਦਾ ਰਿਹਾ ਹੈ। ਇਹ ਤਾਂ ਇੱਥੋਂ ਦਾ ਦਸਤੂਰ ਹੈ। ਅਸੀਂ ਤਾਂ ਸਿਰਫ 8 ਹਜ਼ਾਰ ਕਰੋੜ ਲੈ ਸਕਦੇ ਸੀ ਪਰ ਅਸੀਂ ਤਾਂ 44 ਹਜ਼ਾਰ ਕਰੋੜ ਲੈ ਲਿਆ ਹੈ।

ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਅੱਜ ਤੱਕ ਪੀ.ਆਈ.ਡੀ.ਬੀ. ਨੇ ਇਸ ਕਿਸਮ ਦਾ ਲੋਨ ਕਦੇ ਨਹੀਂ ਲਿਆ ਸੀ। ਪੀ.ਆਈ.ਡੀ.ਬੀ. ਦਾ ਜਿਹੜਾ ਮੈਨਡੇਟ ਸੀ ਉਹ ਇਨਫਰਾਸਟਰੱਕਚਰ, ਸੜਕਾਂ, ਪੁਲ, ਬਿਜਲੀ ਘਰ ਵਗੈਰਾ ਵਗੈਰਾ ਸੀ। ਪੀ.ਆਈ.ਡੀ.ਬੀ. ਵਿੱਚੋਂ ਗਲੀਆਂ ਨਾਲੀਆਂ ਨਹੀਂ ਬਣਦੀਆਂ, ਵਾਲੀਬਾਲ ਦੇ ਕਿੱਟ ਨਹੀਂ ਦਿੱਤੇ ਜਾਂਦੇ, ਤੰਬੂ ਕਨਾਤਾਂ ਨਹੀਂ ਦਿੱਤੀਆਂ ਜਾਂਦੀਆਂ। ਪੀ.ਆਈ.ਡੀ.ਬੀ. ਵਿੱਚੋਂ ਭਾਂਡੇ ਨਹੀਂ ਤਕਸੀਮ ਕੀਤੇ ਜਾਂਦੇ। ਜਿੱਥੋਂ ਤੱਕ ਆਰ.ਡੀ.ਬੀ. ਦਾ ਸਵਾਲ ਹੈ, ਉਨ੍ਹਾਂ ਨੇ ਇੱਕ ਵਾਰੀ ਕਾਂਗਰਸ ਦੀ ਸਰਕਾਰ ਵੇਲੇ 584 ਕਰੋੜ ਰੁਪਿਆ ਲੋਨ ਲਿਆ ਸੀ ਪਰ ਜਿਹੜਾ ਇਨ੍ਹਾਂ ਨੇ ਲਿਆ, ਉਹ 9 ਗੁਣਾ ਜ਼ਿਆਦਾ ਹੈ।

ਸਪੀਕਰ ਸਾਹਿਬ, ਜਿਹੜੀ ਪਿਛਲੇ 10 ਸਾਲ ਦੀ ਬਜਟਿੰਗ ਦੀ ਗੇਮ ਸੀ, ਉਹ ਇਸ ਗੱਲ ਤੇ ਟਿਕੀ ਸੀ ਕਿ ਇੱਕ ਵਾਰ ਬਜਟ ਪੇਸ਼ ਕਰ ਦਿਉ, ਝੂਠਾ ਜਾਂ ਸੱਚਾ। ਇੱਕ ਵਾਰੀ ਪ੍ਰੈਸ ਦੇ ਚੁੰਗਲ ਵਿੱਚੋਂ ਨਿਕਲ ਜਾਉ, ਫਿਰ ਦੇਖਾਂਗੇ ਕੀ ਬਣਦਾ ਹੈ ਤੇ ਕੀ ਨਹੀਂ ਬਣਦਾ। ਸਪੀਕਰ ਸਾਹਿਬ, ਬਜਟ ਵਿੱਚ ਬੰਦਾ ਤਾਂ ਸਿਰਫ ਐਸਟੀਮੇਟ ਹੀ ਲਗਾ ਸਕਦਾ ਹੈ ਕਿ ਮੇਰੇ ਖਰਚੇ ਕਿੰਨੇ ਹੋਣੇ ਹਨ। ਕੋਈ ਇਲਹਾਮ ਤਾਂ ਆਉਣਾ ਨਹੀਂ ਜਾਂ ਕੋਈ ਟੇਵਾ ਜਾਂ ਜੰਤਰੀ ਤਾਂ ਹੈ ਨਹੀਂ ਕਿ ਫਲਾਣੀ ਚੀਜ਼ ਹੋਵੇਗੀ ਪਰ ਜੇ ਤੁਸੀਂ ਇਨ੍ਹਾਂ ਦੇ 2011-12 ਅਤੇ 2012-13 ਦੇ ਰੈਵੇਨਿਊ ਰਿਸੀਟ ਦੇਖੋਗੇ ਤਾਂ ਇਨ੍ਹਾਂ ਦਾ 13%, 10% ਫਰਕ ਆ ਗਿਆ। ਸਪੀਕਰ ਸਾਹਿਬ, ਹਰ ਸਾਲ ਖਜ਼ਾਨੇ ਵਿੱਚ 5000 ਤੋਂ ਲੈ ਕੇ 8000 ਕਰੋੜ ਦੇ ਪੈਂਡਿੰਗ ਬਿੱਲ ਛੱਡ ਦਿੰਦੇ ਸੀ ਕਿਉਂਕਿ ਬਜਟ ਵਿੱਚ ਅਸੈਂਬਲੀ ਦੇ ਸਾਹਮਣੇ ਇਨ੍ਹਾਂ ਨੇ ਕਦੇ ਸੱਚਾਈ ਨਹੀਂ ਦੱਸੀ। ਕੈਪੀਟਲ

ਐਕਸਪੈਂਡੀਚਰ, ਜਨਾਬ ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਅਨਾਊਂਸਮੈਂਟਸ ਕੀਤੀਆਂ, ਉਨ੍ਹਾਂ ਬਾਰੇ ਮੈਂ ਵਸੂਕ ਨਾਲ ਕਹਿੰਦਾ ਹਾਂ, ਮੈਂ ਏ.ਜੀ. ਦੇ ਫਿਗਰਜ਼ ਨਾਲ ਕਹਿੰਦਾ ਹਾਂ, ਮੈਂ ਕੋਈ ਸਿਆਸੀ ਸ਼ੋਖਾਬਾਜ਼ੀ ਨਾਲ ਨਹੀਂ ਕਹਿ ਰਿਹਾ, 70% ਜੋ ਇਨ੍ਹਾਂ ਨੇ ਅਨਾਊਂਸਮੈਂਟਸ ਕੀਤੀਆਂ, ਉਸ ਦੀ ਕੰਪਲਾਇੰਸ ਹੀ ਨਹੀਂ ਹੋ ਸਕੀ, ਇਸ ਤਰ੍ਹਾਂ ਕੈਪੀਟਲ ਐਕਸਪੈਂਡੀਚਰ ਸਿਰਫ 30% ਰਿਹਾ। ਸਪੀਕਰ ਸਾਹਿਬ, ਜ਼ਿਆਦਾ ਲੰਮੀਆਂ ਕਬਰਾਂ ਉਖਾੜਨ ਦਾ ਤਾਂ ਕੋਈ ਫਾਇਦਾ ਨਹੀਂ, ਨਾ ਇਸ ਦਾ ਕੁਝ ਮਿਲੇਗਾ । ਪਿਛਲੇ ਸਾਲ 2016-17 ਦਾ ਜਿਹੜਾ ਅਕਾਲੀ ਦਲ ਦਾ ਲਾਸਟ ਬਜਟ ਸੀ, ਉਸ ਵਿੱਚ ਉਨ੍ਹਾਂ ਨੇ ਫਿਸਕਲ ਡੈਫੀਸਿਟ 2.88 ਫੀਸਦ ਜਿਹੜਾ ਕਿ ਐਫ.ਆਰ.ਬੀ.ਐਮ. ਐਕਟ ਅਨੁਸਾਰ ਬਿਲਕੁਲ ਸਹੀ ਹੈ ਪਰ ਨਿਕਲਿਆ ਕਿੰਨਾ? ਮਾੜਾ ਜਿਹਾ ਕਲੇਜੇ ਤੇ ਹੱਥ ਰੱਖ ਲੈਣਾ ਜੀ। ਇਹ ਸੀ 13.89 ਫੀਸਦ, ਮਤਲਬ 10 ਫੀਸਦ ਦਾ ਫਰਕ ਹੈ। ਕੋਈ ਇੱਕ ਅੱਧ ਪ੍ਰਤੀਸ਼ਤ ਤਾਂ ਹੋ ਸਕਦਾ ਹੈ। ਸਪੀਕਰ ਸਾਹਿਬ, ਐਫ.ਆਰ.ਬੀ.ਐਮ. ਅਨੁਸਾਰ ਇਹ ਵੀ ਇਲਲੀਗਲ ਹੈ, ਅਨਕਾਂਸਟੀਚਿਊਸ਼ਨਲ ਹੈ। ਜਦੋਂ ਸਰਕਾਰ ਦੇ 6 ਮਹੀਨੇ ਰਹਿ ਜਾਣ, ਇਲੈਕਸ਼ਨ ਤੋਂ 6 ਮਹੀਨੇ ਪਹਿਲਾਂ ਕੋਈ ਸਟੇਟ, ਪੰਜਾਬ ਸਟੇਟ ਸਰਕਾਰ ਫਰੈਸ਼ ਲੋਨਜ਼ ਰੇਜ਼ ਨਹੀਂ ਕਰ ਸਕਦੀ ਪਰ ਇਨ੍ਹਾਂ ਨੇ 31000 ਕਰੋੜ ਵਾਲਾ ਵੀ ਕੀਤਾ ਅਤੇ ਪੀ.ਆਈ.ਡੀ.ਬੀ. ਵਾਲਾ ਵੀ ਕੀਤਾ and this was illegal, this was unconstitutional. ਸਪੀਕਰ ਸਾਹਿਬ, ਇਸ ਕਿਸਮ ਦੀ ਤਰਜ਼-ਏ-ਹਕੂਮਤ ਇਨ੍ਹਾਂ ਨੇ ਚਲਾਈ ਹੈ।

ਸਪੀਕਰ ਸਾਹਿਬ, ਮੈਂ ਤੁਹਾਡੀ ਨਿਗਾਹ ਵਿੱਚ, ਕਈ ਵਾਰੀ ਕਾਬਿਲ-ਏ-ਕਦਰ ਮੈਂਬਰਾਨ ਮਿਸ ਕਰ ਜਾਂਦੇ ਹਨ, ਪ੍ਰੈਸ ਨੇ ਵੀ ਮਿਸ ਕੀਤਾ ਕਿ ਪੰਜਾਬ ਸਰਕਾਰ ਨੇ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ ਰਾਹੀਂ 15 ਲੱਖ ਮੀਟ੍ਰਿਕ ਟਨ ਫੂਡ ਸਟੋਰੇਜ ਦਾ ਅਰੇਂਜਮੈਂਟ ਪੰਜਾਬ ਵਿੱਚ ਕੀਤਾ । ਇਹ ਵੀ ਵ੍ਹਾਈਟ ਪੇਪਰ ਦਾ ਹਿੱਸਾ ਹੈ, ਇਹ ਪ੍ਰੈਸ ਵਿੱਚ ਵੀ ਨਹੀਂ ਆਇਆ ਅਤੇ ਕਿਸੇ ਨੇ ਇਸ ਦਾ ਜ਼ਿਕਰ ਵੀ ਨਹੀਂ ਕੀਤਾ। 15 ਲੱਖ ਮੀਟ੍ਰਿਕ ਟਨ ਦੇ ਫੂਡ ਸਟੋਰੇਜ ਦਾ ਅਰੇਂਜਮੈਂਟ ਪੰਜਾਬ ਵਿੱਚ ਕੀਤਾ ਗਿਆ ਸੀ। ਵੈਸੇ ਤਾਂ ਉਨ੍ਹਾਂ ਨੇ ਬਹੁਤ ਜ਼ਿਆਦਾ ਕੀਤਾ ਸੀ। ਪੰਜਾਬ ਸਰਕਾਰ ਉਸ ਤੇ ਬੈਠੀ ਰਹੀ। ਫਿਰ ਜਦੋਂ ਅਖੀਰ ਵਿੱਚ ਇਨ੍ਹਾਂ ਦਾ ਸਾਲ-ਡੇਢ ਸਾਲ ਰਹਿ ਗਿਆ ਤਾਂ ਵੇਅਰ ਹਾਊਸਿੰਗ ਕਾਰਪੋਰੇਸ਼ਨ ਕੋਲ ਗੁਦਾਮ ਬਣਾਉਣ ਦਾ ਜੋ ਮੈਨਡੇਟ ਸੀ ਉਹ ਵੇਅਰ ਹਾਊਸਿੰਗ ਤੋਂ ਖੋਹ ਕੇ ਪਨਗ੍ਰੇਨ ਨੂੰ ਦੇ ਦਿੱਤਾ ਗਿਆ ਜੋ ਕਿ ਬਿਨਾਂ ਕਿਸੇ ਯੂਨੀਫਾਰਮ ਪਾਲਿਸੀ ਤੇ ਬਿਨਾਂ ਕਿਸੇ ਗੱਲ ਦੀ ਤਸਦੀਕ ਕੀਤੇ ਬਣ ਗਏ ਤਾਂ ਸਾਡੀ existing storage ਤੇ ਕਿੰਨਾ ਮੁਤਾਸਿਰ ਹੋਵੇਗਾ ? ਸਪੀਕਰ ਸਾਹਿਬ, ਮੈਂ ਵਸੂਕ ਨਾਲ ਕਹਿੰਦਾ ਹਾਂ ਕਿ ਪੰਜਾਬ ਦੀਆਂ ਫੂਡ ਏਜੰਸੀਆਂ ਦੇ ਗੁਦਾਮ ਖਾਲੀ ਪਏ ਹਨ, ਕਾਂਟ੍ਰੈਕਟ ਹੋ ਗਏ ਹਨ, ਉਨ੍ਹਾਂ ਨੂੰ ਮਨਜ਼ੂਰਸ਼ੁਦਾ ਜਾਂ ਤੈਅਸ਼ੁਦਾ ਜੋ ਵੀ ਉਨ੍ਹਾਂ ਦਾ ਕਿਰਾਇਆ ਹੈ, ਖਾਲੀ ਗੁਦਾਮਾਂ ਦਾ ਕਿਰਾਇਆ ਪੈ ਰਿਹਾ ਹੈ ਔਰ ਇਹ ਹਜ਼ਾਰਾਂ ਕਰੋੜਾਂ ਦਾ ਕਿਰਾਇਆ ਹੈ। ਸਪੀਕਰ ਸਾਹਿਬ, ਜੇ ਮੈਂ ਗਲਤ ਨਾ ਹੋਵਾਂ ਤਾਂ ਮੈਨੂੰ ਲੱਗਦਾ ਹੈ ਕਿ ਇਹ ਸੈਂਕੜੇ ਕਰੋੜਾਂ ਦਾ ਘਾਟਾ ਪੈ ਰਿਹਾ ਹੈ ਔਰ ਗੁਦਾਮ ਬਿਲਕੁਲ ਖਾਲੀ ਪਏ ਹਨ, ਉੱਥੇ ਕੋਈ ਸਟੋਰੇਜ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਜਿਹੜੇ ਇਹ ਗੁਦਾਮ ਬਣੇ ਪਏ ਹਨ, ਇਹ ਕਿਸ ਕਿਸਮ ਨਾਲ ਦਿੱਤੇ ਗਏ, ਕਿਸ ਨੂੰ ਦਿੱਤੇ ਗਏ ਔਰ ਕਿਉਂ ਦਿੱਤੇ ਗਏ ਇਸ ਦੀ ਜਾਂਚ ਹੋਣੀ ਚਾਹੀਦੀ ਹੈ। (ਥੰਪਿੰਗ) ਸਪੀਕਰ ਸਾਹਿਬ, ਇਸ ਕਿਸਮ ਦੇ ਹਾਲਾਤ ਅੱਜ ਪੰਜਾਬ ਦੇ

[ਵਿੱਤ ਮੰਤਰੀ]

ਦਰਪੇਸ਼ ਹਨ। ਮੈਂ, ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਇਸ ਸਦਨ ਵਿੱਚ ਅਰਜ਼ ਕਰਾਂਗਾ ਕਿ ਜਦੋਂ ਬਜਟ ਆਇਆ ਤਾਂ ਉਸ ਵਿੱਚ ਇੱਕ ਮਿਸਪ੍ਰਿੰਟ ਹੋ ਗਿਆ। ਇੱਕ ਤਾਂ ਪੈਰ੍ਹਾ 64 ਵਿੱਚ ਸ਼ਗਨ ਸਕੀਮ, ਆਸ਼ੀਰਵਾਦ ਸਕੀਮ ਜਾਂ ਹੋਰ ਬੈਨੀਫਿਟਸ which are open to SC's and Christians ਤੇ ਹੋਰ, ਉਸ ਵਿੱਚੋਂ ਸਾਡਾ ਮੁਸਲਮਾਨ ਭਾਈਚਾਰਾ ਮਿਸਪ੍ਰਿੰਟ ਹੋ ਗਿਆ। For the record, ਮੈਨੂੰ ਮਨਿਸਟਰ ਸਾਹਿਬ ਨੇ ਵੀ ਯਾਦ ਕਰਵਾਇਆ ਕਿ ਜਿਹੜੇ ਗਰੀਬ ਮੁਸਲਮਾਨ ਹਨ ਉਨ੍ਹਾਂ ਨੂੰ ਵੀ ਉਹੀ ਅਧਿਕਾਰ, ਉਹੀ ਬੈਨੀਫਿਟਸ ਚਾਹੇ ਉਹ ਸਟੂਡੈਂਟ ਲੋਨ ਹੋਵੇ, ਭਾਵੇਂ ਕੋਈ ਬਿਜਲੀ ਵਿੱਚ ਦਿੱਤੀਆਂ ਜਾਣ ਵਾਲੀਆਂ ਰਿਆਇਤਾਂ ਹੋਣ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ Muslims of Punjab will be entitled to the same benefits as others of ਗਰੀਬ ਤਬਕਾ। (ਥੰਪਿੰਗ)

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਪੁਆਇੰਟ ਆਰਡਰ ।

ਮਾਨਯੋਗ ਸਪੀਕਰ : ਹਾਂ ਜੀ, ਸੋਢੀ ਸਾਹਿਬ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਫਾਈਨਾਂਸ ਮਨਿਸਟਰ ਸਾਹਿਬ ਤੋਂ ਕਲੈਰਿਟੀ ਲੈਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਸ਼ਗਨ ਸਕੀਮ ਹੈ, ਇਹ ਮੁਸਲਮਾਨ, ਕ੍ਰਿਸਚਿਅਨ ਔਰ ਦਲਿਤ ਵਰਗ ਲਈ ਤਾਂ ਪਹਿਲਾਂ ਹੀ ਸੀ, ਇਸ ਵਿੱਚ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ economically weaker sections ਹਨ ਚਾਹੇ ਉਹ ਓ.ਬੀ.ਸੀ. ਹੋਣ ਜਾਂ ਜਨਰਲ ਕੈਟਾਗਰੀ ਦੇ ਹੋਣ ਉਹ ਇਸ ਵਿੱਚ ਸ਼ਾਮਲ ਹਨ ਜਾਂ ਨਹੀਂ?

*3.24 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਰਾਣਾ ਗੁਰਮੀਤ ਸਿੰਘ ਸੋਢੀ : ਇਹ ਫਾਈਨਾਂਸ ਮਨਿਸਟਰ ਸਾਹਿਬ ਕਲੈਰਿਟੀ ਦੇ ਦੇਣ ਕਿਉਂਕਿ ਜੋ ਮੇਰੀ ਸੋਚ ਹੈ ਕਿ ਜੋ economically weak ਹੈ ਚਾਹੇ ਉਹ ਕਿਸੇ ਵੀ ਕੌਮ ਨਾਲ ਜਾਂ ਕਿਸੇ ਵੀ ਜ਼ਾਤ ਨਾਲ ਤਾਅਲੁੱਕ ਰੱਖਦਾ ਹੈ, ਉਸ ਦੀ ਇਹ ਬੜੀ ਵੱਡੀ ਜ਼ਰੂਰਤ ਹੈ ਕਿ ਉਸ ਨੂੰ ਕੁਝ ਪੈਸਾ ਟਾਈਮ ਸਿਰ ਮਿਲੇ ਔਰ ਡੈਡੀਕੇਟਿਡ ਫੰਡਜ਼ ਬਾਰੇ ਆਪਣੇ ਬਜਟ ਵਿੱਚ ਤਾਂ ਤੁਸੀਂ ਕਹਿ ਦਿੱਤਾ ਕਿ 21,000/- ਰੁਪਏ ਹੋ ਗਈ ਹੈ। We all appreciate that ਕਿਉਂਕਿ ਇਹ increase ਕਰਨ ਦੀ ਜ਼ਰੂਰਤ ਸੀ ਲੇਕਿਨ ਉਸ ਬਾਰੇ ਥੋੜ੍ਹਾ ਜਿਹਾ ਦੱਸ ਦਿਓ।

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਦਾ ਜਵਾਬ ਥੋੜ੍ਹੀ ਦੇਰ ਵਿੱਚ ਦੇ ਦਿਆਂਗਾ। ਮੈਂ ਫਾਈਨਾਂਸ ਸੈਕਟਰੀ ਸਾਹਿਬ ਨੂੰ ਕਹਾਂਗਾ ਕਿ ਮੈਨੂੰ ਇਸ ਦਾ ਇੱਕ ਨੋਟ ਬਣਾ ਕੇ ਭੇਜ ਦੇਣ ਤਾਂ ਕਿ ਮੈਂ ਇਸ ਦਾ ਸਹੀ ਉੱਤਰ ਦੇ ਸਕਾਂ। ਉਸੇ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਪ੍ਰੈਸ ਵਿੱਚ ਵੀ ਇਹ ਤਨਕੀਦ ਆਈ ਕਿ ਯੂਥ ਨੂੰ ਮੋਬਾਈਲ ਫੋਨ ਦੇਣ ਲਈ 10 ਕਰੋੜ ਰੁਪਏ ਹੀ ਰੱਖੇ ਗਏ ਹਨ। ਇਸ ਲਈ ਇੰਨੀ ਰਕਮ ਪਾਉਣੀ ਚਾਹੀਦੀ

ਸੀ, ਇੰਨੀ ਨਹੀਂ ਪਾਉਣੀ ਚਾਹੀਦੀ ਸੀ। ਡਿਪਟੀ ਸਪੀਕਰ ਸਾਹਿਬ, ਜਿਹੜਾ ਯੂਥ ਹੈ, ਇਹ ਚੜ੍ਹਦੇ ਦਰਿਆ ਵਰਗਾ ਹੈ। ਜੇ ਤਾਂ ਦਰਿਆ ਨੂੰ ਸੰਭਾਲ ਲਈਏ ਤਾਂ ਬਿਜਲੀ ਵੀ ਨਿਕਲ ਆਉਂਦੀ ਹੈ ਤੇ ਉਹ ਪਾਸ਼ੀ (irrigation) ਦੇ ਵੀ ਕੰਮ ਆ ਜਾਂਦਾ ਹੈ ਤੇ ਜੇ ਦਰਿਆ ਨਾ ਸਾਂਭਿਆ ਤਾਂ ਇਹ ਤਬਾਹ ਤੇ ਬਰਬਾਦ ਕਰ ਜਾਂਦਾ ਹੈ। ਸੋ, ਇਹ ਜਿਹੜਾ ਮੋਬਾਈਲ ਸਮਾਰਟ ਫੋਨ ਹੈ, ਇਹ ਵੀ ਇੱਕ ਐਜੂਕੇਸ਼ਨ ਦਾ ਜ਼ਰੀਆ ਹੈ । ਇਸ ਵਜ੍ਹਾ ਨਾਲ ਔਰ ਇਸ ਨਜ਼ਰੀਏ ਨਾਲ ਇਸ ਨੂੰ ਰੱਖਿਆ ਗਿਆ ਸੀ। ਮੇਰੇ ਤੋਂ ਪਹਿਲਾਂ ਬੋਲਦਿਆਂ ਸੀ.ਐਮ. ਸਾਹਿਬ ਨੇ ਇਸ ਦੀ ਵਜਾਹਤ ਬੜੇ ਅੱਛੇ ਤਰੀਕੇ ਨਾਲ ਕਰ ਦਿੱਤੀ ਹੈ ਕਿ ਕਿਸਾਨਾਂ ਦਾ ਕਰਜ਼ ਮਾਫੀ ਦੀ ਸਕੀਮ ਜਿਹੜੀ ਗੌਰਮਿੰਟ ਆਫ ਪੰਜਾਬ ਲਿਆਉਣਾ ਚਾਹੁੰਦੀ ਹੈ, ਉਸ ਦੇ ਕੀ ਪਹਿਲੂ ਹੋਣਗੇ, ਉਸ ਨੂੰ ਕਿਵੇਂ ਅਮਲ ਵਿੱਚ ਲਿਆਵਾਂਗੇ ਔਰ ਇਸ ਦਾ ਕਿੰਨੇ ਲੋਕਾਂ ਨੂੰ ਲਾਭ ਮਿਲੇਗਾ, ਉਹ ਸਾਰਾ ਦੱਸ ਦਿੱਤਾ ਹੈ। ਮੈਂ ਅੱਜ ਸਵੇਰੇ ਅਖਬਾਰ ਪੜ੍ਹ ਰਿਹਾ ਸੀ, ਡਿਪਟੀ ਸਪੀਕਰ ਸਾਹਿਬ, ਕਰਨਾਟਕ ਨੇ ਵੀ ਫਾਰਮਰ ਲੋਨ ਵੇਵ ਸਕੀਮ ਸ਼ੁਰੂ ਕੀਤੀ ਹੈ । ਅੱਜ ਉਨ੍ਹਾਂ ਨੇ ਐਲਾਨ ਕੀਤਾ ਹੈ। ਹਾਲਾਂਕਿ ਇਹ ਬੜਾ ਵਿਕਸਿਤ ਸੂਬਾ ਹੈ ਪਰ ਆਪਣੇ ਆਪ ਨੂੰ ਉਨ੍ਹਾਂ ਨੇ 50,000 ਰੁਪਏ ਤੱਕ ਮਹਿਦੂਦ ਕੀਤਾ ਹੈ। ਹਾਲਾਂਕਿ ਇਹ ਬੜਾ ਇੰਡਸਟਰੀਲਾਈਜ਼ ਸੂਬਾ ਹੈ। ਟੋਆਇਟਾ ਤੇ ਹੋਰ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ, ਬੰਗਲੌਰ ਦਾ ਆਈ.ਟੀ. ਹੱਬ, ਇਹ ਸਾਰੇ ਉਥੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਸਰਪਲੱਸ ਸੂਬੇ ਹਨ ਤੇ ਇਸ ਦੇ ਬਾਵਜੂਦ ਪੰਜਾਬ ਜਿਨ੍ਹਾਂ ਹਾਲਾਤਾਂ ਵਿੱਚੋਂ ਗੁਜ਼ਰ ਰਿਹਾ ਹੈ ਔਰ ਜਿਸ ਕਿਸਮ ਦੇ ਬਜਟਰੀ ਕੰਸਟਰੇਨਟ ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ ਦਰਪੇਸ਼ ਹਨ, ਮੈਂ ਆਪਣੀ ਸਪੀਚ ਵਿੱਚ ਵੀ ਲਿਖਿਆ ਹੈ, ਮਿਸਟਰ ਜੌਸਫ ਸਟਿਗਲੈਟਸ, ਇਕਨਾਮਿਸਟ, ਉਹ ਕਹਿੰਦਾ ਹੈ ਕਿ ਫਾਇਨਾਂਸਿਜ਼ ਜਾਂ ਇਕਾਨਮੀ ਜੋ ਹੈ, ਉਸ ਦਾ ਕੰਮ ਇਕੱਲੇ ਮੁਲਕਾਂ ਦੀਆਂ ਇਕਾਨਮੀਜ਼ ਨੂੰ ਟਰਾਂਸਫਾਰਮ ਨਹੀਂ ਕਰਨਾ, ਲੋਕਾਂ ਦੀਆਂ ਜ਼ਿੰਦਗੀਆਂ ਨੂੰ ਟਰਾਂਸਫਾਰਮ ਕਰਨਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਬਜਟ ਵਿੱਚ ਇਹ ਵੀ ਗੱਲ ਕਹੀ ਸੀ ਔਰ ਬੜੇ ਲੋਕ ਇਸ ਗੱਲ ਨੂੰ ਵੀ ਮਿਸ ਕਰ ਗਏ ਕਿ ਇਹ ਜਿਹੜਾ ਐਨੂਅਲ ਫਾਇਨਾਂਸ਼ੀਅਲ ਸਟੇਟਮੈਂਟ ਹੈ, ਇਹ ਵੈਸੇ ਤਾਂ ਸਰਕੁਲੇਟ ਹੋਇਆ ਸੀ, ਇਹ ਬੜਾ ਦਿਲਚਸਪ ਹੈ, ਡਿਪਟੀ ਸਪੀਕਰ ਸਾਹਿਬ, ਜੇ ਤੁਸੀਂ ਦੇਖੋ, ਇਸ ਨੂੰ ਦੋ ਰੰਗ ਕਿਉਂ ਦਿੱਤੇ ਹਨ ? (ਐਨੂਅਲ ਫਾਇਨਾਂਸ਼ੀਅਲ ਸਟੇਟਮੈਂਟ ਸਦਨ ਨੂੰ ਦਿਖਾਉਂਦੇ ਹੋਏ) ਜਾਂ ਇਸ ਨੂੰ ਲਾਲ ਕਰ ਲੈਂਦੇ ਜਾਂ ਹਰਾ ਕਰ ਲੈਂਦੇ । ਡਿਪਟੀ ਸਪੀਕਰ ਸਾਹਿਬ, ਇਹ ਮਕਸਦ ਨਾਲ ਕੀਤੇ ਹਨ ਕਿ ਇਸ ਵੇਲੇ ਤਾਂ ਲਾਲ ਵਿੱਚ ਹੀ ਹੈ ਪਰ ਹਰੇ ਵਾਲੇ ਪਾਸੇ ਪਹੁੰਚ ਜਾਵਾਂਗੇ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਬੜੇ ਵਸੂਕ ਨਾਲ ਕਹਿੰਦਾ ਹਾਂ ਔਰ ਪ੍ਰੈਸ ਵੀ ਸੁਣ ਰਹੀ ਹੈ । ਛੋਟਾ ਜਿਹਾ ਕਾਰੋਬਾਰ ਹੋਵੇ, ਛੋਟਾ ਜਿਹਾ ਬਿਜ਼ਨਸ ਹੋਵੇ ਤੇ ਜੇ ਉਸ ਨੂੰ ਟਰਨ ਅਰਾਊਂਡ ਕਰਨਾ ਹੈ ਤਾਂ ਦੋ-ਤਿੰਨ ਸਾਲ ਲੱਗ ਜਾਂਦੇ ਹਨ ਪਰ ਇਹ ਤਾਂ ਮੁਲਕ ਹੈ । ਇਸ ਮੁਲਕ ਦੀ ਕਿਸਮਤ ਬਦਲਣੀ ਹੈ, ਮੁਲਕ ਦਾ ਮੁਕੱਦਰ ਬਦਲਣਾ ਹੈ, ਮੁਲਕ ਦੀ ਤਕਦੀਰ ਬਦਲਣੀ ਹੈ, ਕੈਪਟਨ ਅਮਰਿੰਦਰ ਸਿੰਘ ਸਾਹਿਬ ਨੇ । ਤੁਸੀਂ ਸਬਰ ਰੱਖਣਾ, (ਟਰੇਜ਼ਰੀ ਬੈਂਚਿਜ਼ ਦੇ ਮੈਂਬਰਜ਼ ਵੱਲ ਇਸ਼ਾਰਾ) ਤੁਸੀਂ ਇਤਬਾਰ ਰੱਖਣਾ, ਤੁਸੀਂ ਭਰੋਸਾ ਰੱਖਣਾ, ਤੁਸੀਂ ਯਕੀਨ ਰੱਖਣਾ, ਇਸ ਸਾਲ ਡੈਫੀਸਿਟ ਹੈ, ਅਗਲੇ ਸਾਲ ਵੀ ਡੈਫੀਸਿਟ ਰਹੇਗਾ, ਤੀਸਰੇ ਸਾਲ ਵੀ ਡੈਫੀਸਿਟ ਰਹੇਗਾ, ਚੌਥੇ ਸਾਲ ਵਿੱਚ (ਹਿੱਕ ਠੋਕ ਕੇ ਬੋਲਦਿਆਂ) ਸਰਪਲੱਸ ਹੋਵੇਗਾ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੁੱਦਤਾਂ ਤੋਂ ਬਾਅਦ

[ਵਿੱਤ ਮੰਤਰੀ]
ਚੌਥੇ ਸਾਲ ਵਿੱਚ ਪੰਜਾਬ ਨੂੰ ਅਸੀਂ ਸਰਪਲੱਸ ਵਿੱਚ ਲੈ ਕੇ ਆਉਣਾ ਹੈ । ਮੈਂ ਫਿਰ ਵੀ ਕਹਿੰਦਾ ਹਾਂ, ਪਰਮਾਤਮਾ ਦੀ ਜ਼ਾਤ ਤੋਂ ਮੈਂ ਮਦਦ ਮੰਗਾਂਗਾ ਔਰ ਜਿਹੜੇ ਮੇਰੇ ਸਾਥੀ ਬੈਠੇ ਹਨ, ਇਨ੍ਹਾਂ ਦੀਆਂ ਦੁਆਵਾਂ ਤੇ ਮਦਦ ਦਾ ਮੈਂ ਤਲਬਗਾਰ ਹਾਂ । ਸਿਆਣੇ ਕਹਿੰਦੇ ਹਨ, ਰੱਬ ਦੀ ਦਰਗਾਹ ਵਿੱਚ ਪਤਾ ਨਹੀਂ ਹੁੰਦਾ, ਪਰਮਾਤਮਾ ਕਿਸ ਦੀ ਦੁਆ ਕਬੂਲ ਕਰ ਲਵੇ। ਮੇਰੇ 77 ਦੋਸਤ ਹਨ । ਪਤਾ ਨਹੀਂ ਕਿਸ ਦੀ ਦੁਆ ਇਹ ਕਬੂਲ ਹੋ ਜਾਵੇ । ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਕਈ ਮੈਂਬਰਾਨ ਨੇ ਆਪਣੇ ਹਲਕੇ ਦੇ ਮਸਲੇ ਰੱਖੇ ਹਨ । ਮੈਂ ਉਹ ਨੋਟ ਕਰ ਰਿਹਾ ਸੀ । ਮੈਂ ਫਿਰ ਕਹਿੰਦਾ ਹਾਂ, ਹੋ ਸਕਦਾ ਹੈ ਕਿ ਕਿਸੇ ਦਾ ਰਹਿ ਗਿਆ ਹੋਵੇ ਤਾਂ ਇਹ ਨਾ ਸਮਝਣਾ ਕਿ ਕਿਸੀ ਖਾਸ ਨੀਅਤ ਨਾਲ ਨਜ਼ਰਅੰਦਾਜ਼ ਕੀਤਾ ਹੈ । ਮੇਰੀ ਇਹ ਕੋਸ਼ਿਸ਼ ਹੈ ਕਿ ਸਾਰੇ ਪੂਰੇ ਕੀਤੇ ਜਾਣ । ਇੱਥੋਂ ਬੋਲਦਿਆਂ ਸੋਢੀ ਸਾਹਿਬ ਵੱਲੋਂ ਗੱਲ ਆਈ । ਇਨ੍ਹਾਂ ਦਾ ਅੰਦਾਜ਼-ਏ-ਬਿਆਨ ਬੜਾ ਦਿਲਚਸਪ ਹੈ । ਇਨ੍ਹਾਂ ਨੇ ਅੱਛੇ ਸ਼ਾਇਰ ਤੇ ਖਾਸ ਕਰਕੇ ਅਲਾਮਾ ਸਾਹਿਬ ਦਾ ਜਿਹੜਾ ਸ਼ੇਅਰ ਕੋਟ ਕੀਤਾ :

ਵਤਨ ਕੀ ਫਿਕਰ ਕਰ ਨਾਦਾਂ, ਮੁਸੀਬਤ ਆਨੇ ਵਾਲੀ ਹੈ
ਤਿਰੀ ਬਰਬਾਦੀਯੋਂ ਕੇ ਮਸ਼ਵਰੇ ਹੈਂ ਆਸਮਾਨੋਂ ਮੇਂ
ਨਾ ਸਮਝੋਂਗੇ ਤੋ ਮਿਟ ਜਾਓਗੇ ਐ-ਹਿੰਦੁਸਤਾਂ ਵਾਲੋ
ਤੁਮ੍ਹਾਰੀ ਦਾਸਤਾਂ ਤਕ ਭੀ ਨ ਹੋਗੀ ਦਾਸਤਾਨੋਂ ਮੇਂ

(ਥੰਪਿੰਗ) ਇਨ੍ਹਾਂ ਨੇ ਸਟੇਡੀਅਮ ਦੀ ਮੰਗ ਕੀਤੀ ਹੈ । ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਨ੍ਹਾਂ ਦੇ ਹਲਕੇ ਵਿੱਚ ਸਟੇਡੀਅਮ ਬਣਾਇਆ ਜਾਵੇਗਾ ।

*3.30 ਵਜੇ ਬਾਅਦ ਦੁਪਹਿਰ) (ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਨਾਗਰਾ ਸਾਹਿਬ ਨੇ ਵੀ ਬਹਿਸ ਵਿੱਚ ਹਿੱਸਾ ਲਿਆ ਔਰ ਇਨ੍ਹਾਂ ਨੇ ਬੱਸ ਅੱਡੇ ਦਾ ਜ਼ਿਕਰ ਕੀਤਾ। ਫਤਿਹਗੜ੍ਹ ਸਾਹਿਬ ਵਾਸਤੇ ਬੱਸ ਅੱਡਾ ਮੈਂ ਸੀ.ਐਮ. ਸਾਹਿਬ ਨਾਲ ਗੱਲ ਕਰਕੇ, ਮੇਰੀ ਹਾਊਸ ਦੇ ਵਿੱਚ ਐਸ਼ੋਰੈਂਸ ਹੈ ਕਿ ਫਤਿਹਗੜ੍ਹ ਸਾਹਿਬ ਵਿੱਚ ਬੱਸ ਅੱਡਾ ਦਿੱਤਾ ਜਾਵੇਗਾ। ਕਾਕਾ ਰਣਦੀਪ ਜੀ ਨੇ ਸੈਕ੍ਰੇਟੇਰੀਏਟ ਦੀ ਗੱਲ ਕੀਤੀ ਹੈ, ਜ਼ਮੀਨ ਇਨ੍ਹਾਂ ਕੋਲ ਹੈ, ਉਹ ਵੀ ਅਸੀਂ ਆਪਣੇ ਕੋਲ ਲੈ ਲਵਾਂਗੇ। ਅਜਨਾਲਾ ਸਾਹਿਬ ਨੇ ਗੱਲ ਕੀਤੀ, ਅਜਨਾਲਾ ਸਾਹਿਬ, ਤੁਸੀਂ ਬਾਰਡਰ ਦੀ ਗੱਲ ਕੀਤੀ। 10 ਕਿਲੋਮੀਟਰ ਪੱਟੀ ਦੀ ਗੱਲ ਕੀਤੀ। ਇਹ ਪਹਿਲੀ ਵਾਰ ਹੋਇਆ ਹੈ, ਨਹੀਂ ਤਾਂ ਤੁਹਾਨੂੰ ਪਤਾ ਹੈ ਬਾਰਡਰ ਏਰੀਆ ਡਿਵੈਲਪਮੈਂਟ ਥੱਲੇ 30 ਕੁ ਕਰੋੜ ਰੁਪਿਆ ਆਉਂਦਾ ਹੈ, ਅਸੀਂ 300 ਕਰੋੜ ਰੱਖਿਆ ਹੈ। ...(ਥੰਪਿੰਗ)... ਮੈਂ ਲੋਕ ਸਭਾ ਦਾ ਇਲੈਕਸ਼ਨ ਲੜਿਆ ਸੀ। ਕਿਸੇ ਪਿੰਡ ਗਏ ਸੀ, ਉਦੋਂ ਤਾਂ 600 ਪਿੰਡ ਜਾਣਾ ਹੁੰਦਾ ਹੈ, ਨੀਮ ਪਾਗਲ ਜਿਹੇ ਹੋਏ ਹੁੰਦੇ ਹਾਂ ....

ਮਾਨਯੋਗ ਸਪੀਕਰ : ਬਾਦਲ ਸਾਹਿਬ, ਚੇਅਰ ਨੂੰ ਐਡਰੈਸ ਕਰੋ ਪਲੀਜ਼।

Finance Minister : Sorry. ਸਪੀਕਰ ਸਾਹਿਬ, ਲੋਕ ਸਭਾ ਦਾ ਇਲੈਕਸ਼ਨ ਸੀ ਤੇ ਉਦੋਂ ਇੱਕ ਸਪੀਚ ਯਾਦ ਕੀਤੀ ਹੁੰਦੀ ਹੈ ਕਿਉਂਕਿ 600 ਪਿੰਡਾਂ ਵਿੱਚ ਜਾਣਾ ਹੁੰਦਾ ਹੈ ਔਰ ਟਾਈਮ ਬੜਾ ਘੱਟ ਹੁੰਦਾ ਹੈ। ਜਦੋਂ ਤੁਸੀਂ ਸਟੇਜ ਤੋਂ ਉਤਰਦੇ ਹੋ ਤਾਂ ਕੋਈ ਕਹਿ ਦਿੰਦਾ ਹੈ ਮੇਰੀ ਪੈਨਸ਼ਨ ਲਗਾ ਦੇ, ਕੋਈ ਕਹਿ ਦਿੰਦਾ ਫਲਾਂ ਕਰ ਦੇਹ, ਫਲਾਂ ਕਰ ਦੇਹ। ਸਪੀਕਰ ਸਾਹਿਬ, ਮੈਨੂੰ ਉਹ ਚਿਹਰਾ ਨਹੀਂ ਭੁੱਲਦਾ। ਇੱਕ ਕੋਈ 80-90 ਸਾਲ ਦੀ ਮਾਈ ਸੀ ਔਰ ਬੜੀ ਗਰੀਬ ਸੀ ਪਰ ਬੜੀ ਬਾ ਵੱਕਾਰ ਸੀ ਕਿਉਂਕਿ ਲੋਕ ਤੁਹਾਨੂੰ ਖਿੱਚ ਰਹੇ ਹੁੰਦੇ ਹਨ ਕਿ ਮੈਨੂੰ ਆਹ ਦੇ ਜਾ, ਮੈਨੂੰ ਉਹ ਦੇ ਜਾ। ਉਸ ਨੇ ਮੈਨੂੰ ਗੱਲ ਕਹੀ ਔਰ ਮੈਨੂੰ ਕਈ ਵਾਰ ਸੁਪਨਿਆਂ ਵਿੱਚ ਵੀ ਉਸ ਦੀ ਯਾਦ ਆਉਂਦੀ ਹੈ। ਕਈ ਵਾਰ ਜਾਗ ਖੁਲ੍ਹ ਜਾਂਦੀ ਹੈ ਅਤੇ ਉਸ ਦਾ ਚਿਹਰਾ ਯਾਦ ਆ ਜਾਂਦਾ ਹੈ ਔਰ ਉਹ ਮੈਨੂੰ ਕਹਿੰਦੀ ਸੀ, ਪੁੱਤ, ਬੇਟਾ, ਜੇ ਤੂੰ ਬਣ ਗਿਆ ਨਾ ਤਾਂ ਡਿੱਗਿਆਂ ਨੂੰ ਚੁੱਕ ਲਈਂ। ਜਿਹੜੇ ਡਿੱਗ ਪਏ ਨਾ, ਕਹਿੰਦੀ ਉਨ੍ਹਾਂ ਨੂੰ ਚੁੱਕ ਲਈਂ। ਮੈਂ ਕਿਹਾ ਮੈਂ ਚੁੱਕਾਂਗਾ, ਡਿੱਗਿਆਂ ਨੂੰ ਚੁੱਕਾਂਗਾ। (ਥੰਪਿੰਗ) ਔਰ ਇਸ ਕਰਕੇ, ਸਪੀਕਰ ਸਾਹਿਬ, ਮੈਂ ਹਾਊਸ ਦੇ ਜਿੰਨੇ ਵੀ ਮੈਂਬਰਾਨ ਹਨ, ਉਨ੍ਹਾਂ ਨੂੰ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹਾਂ ਔਰ ਖਾਸ ਕਰਕੇ ਜਿਹੜੀ ਬਾਰਡਰ ਦੀ ਪੱਟੀ ਹੈ, ਇਨ੍ਹਾਂ ਨੇ ਪਿਛਲੇ ਸਮੇਂ ਵਿੱਚ ...

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਭੁੱਲਰ, ਸਰਦਾਰ ਹਰਮਿੰਦਰ ਸਿੰਘ ਗਿੱਲ, ਰਾਣਾ ਗੁਰਮੀਤ ਸਿੰਘ ਸੋਢੀ ਅਤੇ ਸ਼੍ਰੀ ਸੁਸ਼ੀਲ ਕੁਮਾਰ ਰਿੰਕੂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਕਲੈਰੀਫਿਕੇਸ਼ਨ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਬਹੁਤ ਕਲੈਰੀਫਿਕੇਸ਼ਨਜ਼ ਆ ਗਈਆਂ ਹਨ ....(ਵਿਘਨ)... ਹੁਣ ਸਾਰੇ ਹੀ ਖੜ੍ਹੇ ਹੋ ਜਾਵੋਗੇ। ਤੁਸੀਂ ਬੋਲੋ, ਸੁਸ਼ੀਲ ਕੁਮਾਰ ਜੀ।

ਸ਼੍ਰੀ ਸੁਸ਼ੀਲ ਕੁਮਾਰ ਰਿੰਕੂ : ਮੈਂ, ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਪਹਿਲੀ ਵਾਰ ਹਾਊਸ ਦੇ ਵਿੱਚ ਬੋਲਣ ਦਾ ਟਾਈਮ ਦਿੱਤਾ ਹੈ।

ਮਾਨਯੋਗ ਸਪੀਕਰ : ਕਲੈਰੀਫਿਕੇਸ਼ਨ ਮੰਗੋ, ਬੋਲਣ ਵਾਲੀ ਗੱਲ ਨਹੀਂ ਹੁਣ।

ਸ਼੍ਰੀ ਸੁਸ਼ੀਲ ਕੁਮਾਰ ਰਿੰਕੂ : ਕਲੈਰੀਫਿਕੇਸ਼ਨ, ਸਰ, ਇਸ ਤਰ੍ਹਾਂ ਹੈ। ਮੈਂ ਧੰਨਵਾਦੀ ਹਾਂ ਫਾਈਨਾਂਸ ਮਨਿਸਟਰ ਜੀ ਦਾ, ਜਿਨ੍ਹਾਂ ਨੇ ਬਹੁਤ ਹੀ ਵਧੀਆ ਬਜਟ ਪੇਸ਼ ਕੀਤਾ ਹੈ ਔਰ ਅੱਜ ਮੁਰਾਦਾਂ ਵੰਡੀਆਂ ਜਾ ਰਹੀਆਂ ਹਨ । ਮੇਰਾ ਵੀ ਮਨ ਕੀਤਾ ਕਿ ਮੈਂ ਵੀ ਆਪਣੇ ਹਲਕੇ ਲਈ ਕੁਝ ਮੰਗ ਲਵਾਂ। ਮੇਰੇ ਹਲਕੇ ਦੇ ਵਿੱਚ ਸਲੱਮ ਆਬਾਦੀ ਹੈ ਜੀ। ਮੇਰੇ ਨਾਲ ਕਰਤਾਰਪੁਰ ਹਲਕਾ ਪੈਂਦਾ ਹੈ, ਕੈਂਟ ਹਲਕਾ ਪੈਂਦਾ ਹੈ। ਸਾਡੇ ਹਲਕੇ ਵਿੱਚ ਬੱਚੀਆਂ ਨੂੰ ਪੜ੍ਹਾਉਣ ਦੇ ਲਈ ਕੋਈ ਵੀ ਸਰਕਾਰੀ ਕਾਲਜ ਨਹੀਂ ਹੈ। ਬੂਟਾ ਮੰਡੀ ਏਰੀਏ ਦੇ ਵਿੱਚ ਇੱਕ ਐਸੀ ਜਗ੍ਹਾ ਹੈ, ਜਿਥੇ ਅੱਜ 15ਵਾਂ ਦਿਨ ਹੈ ਕਿ ਲੋਕ ਧਰਨੇ ਤੇ ਬੈਠੇ ਹਨ, ਲਗਾਤਾਰ ਮੰਗ ਕਰ ਰਹੇ ਹਨ...

ਮਾਨਯੋਗ ਸਪੀਕਰ : ਬੈਠੋ, ਬੈਠੋ, ਬੈਠ ਜਾਓ ਪਲੀਜ਼।

ਸ਼੍ਰੀ ਸੁਸ਼ੀਲ ਕੁਮਾਰ ਰਿੰਕੂ : ਸੋ, ਮੇਰੀ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਹੈ....

ਮਾਨਯੋਗ ਸਪੀਕਰ : ਬੈਠੋ, ਬੈਠੋ ।

ਸ਼੍ਰੀ ਸੁਸ਼ੀਲ ਕੁਮਾਰ ਰਿੰਕੂ : ਮੇਰੀ ਬੇਨਤੀ ਹੈ ਕਿ ਕਾਲਜ ਦੀ ਮੰਗ ਪੂਰੀ ਕੀਤੀ ਜਾਵੇ।

ਮਾਨਯੋਗ ਸਪੀਕਰ : ਭੁੱਲਰ ਸਾਹਿਬ, ਦੱਸੋ ਤੁਸੀਂ ਕੀ ਕਹਿਣਾ ਹੈ?

ਸਰਦਾਰ ਸੁਖਪਾਲ ਸਿੰਘ ਭੁੱਲਰ : ਸਪੀਕਰ ਸਾਹਿਬ, ਬਾਰਡਰ ਏਰੀਏ ਦੀ ਗੱਲ ਚੱਲ ਰਹੀ ਸੀ, ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਕਹਿ ਰਹੇ ਹਨ । ਮੈਂ ਵੀ ਆਪਣੀ ਇੱਕ ਬੇਨਤੀ ਰੱਖਣੀ ਚਾਹੁੰਦਾ ਹਾਂ ਕਿ ਤਾਰਾਂ ਤੋਂ ਅੱਗੇ ਜਿਹੜੀ ਜ਼ਮੀਨ ਹੈ, ਉਥੇ ਸਾਡੀ ਬੜੀ ਥੋੜ੍ਹੀ ਜਿਹੀ ਜ਼ਮੀਨ ਦੇ ਪੈਸੇ ਖਜ਼ਾਨੇ ਵਿੱਚ ਰਹਿੰਦੇ ਹਨ, ਤਕਰੀਬਨ 500 ਏਕੜ ਦੇ ਤਿਆਰ ਹਨ। ਕੁੱਲ 4000 ਏਕੜ ਰਕਬਾ ਹੈ, ਜਿਸ ਵਿਚੋਂ 3500 ਕਿੱਲਿਆਂ ਦੇ ਪੈਸੇ ਆ ਗਏ ਹਨ।

ਮਾਨਯੋਗ ਸਪੀਕਰ : ਤੁਸੀਂ ਕਲੈਰੀਫਿਕੇਸ਼ਨ ਪੁੱਛੋ।

ਸਰਦਾਰ ਸੁਖਪਾਲ ਸਿੰਘ ਭੁੱਲਰ : 500 ਕਿੱਲੇ ਦਾ 50 ਕੁ ਲੱਖ ਬਣਦਾ ਹੈ, ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਲਦੀ ਤੋਂ ਜਲਦੀ ਦਿੱਤਾ ਜਾਵੇ।

ਮਾਨਯੋਗ ਸਪੀਕਰ : ਬੈਠੋ, ਬੈਠੋ। ਸ਼੍ਰੀ ਹਰਮਿੰਦਰ ਸਿੰਘ ਗਿੱਲ ਜੀ।

ਸਰਦਾਰ ਹਰਮਿੰਦਰ ਸਿੰਘ ਗਿੱਲ : ਸਰ, ਮੇਰੀ ਬੇਨਤੀ ਹੈ ਕਿ ਜਿਹੜਾ ਸਾਡਾ ਪੱਟੀ ਹਲਕਾ ਹੈ, ਇਹ ਬਾਰਡਰ ਤੋਂ ਥੋੜ੍ਹਾ ਦੂਰ ਹੈ। ਮੈਂ ਬੇਨਤੀ ਕਰਾਂਗਾ ਕਿ ਬਾਰਡਰ ਦਾ ਏਰੀਆ ਥੋੜ੍ਹਾ ਵਧਾਇਆ ਜਾਵੇ।

Mr. Speaker : Thank you.

ਸਰਦਾਰ ਹਰਮਿੰਦਰ ਸਿੰਘ ਗਿੱਲ : ਜਦੋਂ ਉਥੇ ਜੰਗ ਲਗਦੀ ਹੈ ਤਾਂ ਮਾਰ ਸਾਨੂੰ ਵੀ ਜ਼ਿਆਦਾ ਪੈਂਦੀ ਹੈ ਜੀ। 30 ਕਿਲੋਮੀਟਰ ਘੱਟੋ ਘੱਟ ਬਾਰਡਰ ਦਾ ਏਰੀਆ ਕੀਤਾ ਜਾਵੇ।

Mr. Speaker : Thank you.

ਸਰਦਾਰ ਹਰਮਿੰਦਰ ਸਿੰਘ ਗਿੱਲ : ਮੈਂ ਇੱਕ ਬੇਨਤੀ ਕਰਦਾ ਹਾਂ ਕਿ ਨਸ਼ਿਆਂ ਕਰਕੇ ਸਾਡੇ ਏਰੀਏ ਵਿਚੋਂ 1800 ਮੁੰਡਾ ਪਿਛਲੇ ਦਸਾਂ ਸਾਲਾਂ ਵਿੱਚ ਮਰ ਗਿਆ ਹੈ। ਅਸੀਂ ਪਿੰਡ ਪਿੰਡ ਵਾਅਦਾ ਕੀਤਾ ਸੀ ਕਿ ਤੁਹਾਨੂੰ ਜਿਮ ਬਣਾ ਕੇ ਦੇਵਾਂਗੇ, ਹੈਲਥ ਕਲੱਬ ਬਣਾ ਕੇ ਦੇਵਾਂਗੇ।

Mr. Speaker : Thank you.

ਸਰਦਾਰ ਹਰਮਿੰਦਰ ਸਿੰਘ ਗਿੱਲ : ਉਸ ਦੇ ਵਾਸਤੇ ਕੋਈ ਨਾ ਕੋਈ ਪ੍ਰਬੰਧ ਕੀਤਾ ਜਾਵੇ।

ਮਾਨਯੋਗ ਸਪੀਕਰ : ਸਰਦਾਰ ਲਖਵੀਰ ਸਿੰਘ ਜੀ ਖੜ੍ਹੇ ਹਨ, ਕਾਫੀ ਦੇਰ ਦੇ ਖੜ੍ਹੇ ਹਨ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ ....

ਮਾਨਯੋਗ ਸਪੀਕਰ : ਤੁਸੀਂ ਸੋਢੀ ਸਾਹਿਬ, ਬੋਲ ਲਏ ਪਲੀਜ਼। ਸਰਦਾਰ ਲਖਵੀਰ ਸਿੰਘ ਲੱਖਾ ਜੀ, ਬੋਲੋ ।

ਸਰਦਾਰ ਲਖਵੀਰ ਸਿੰਘ ਲੱਖਾ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਫਾਈਨਾਂਸ ਮਨਿਸਟਰ ਨੂੰ ਬੇਨਤੀ ਕਰਦਾ ਹਾਂ ਕਿ ਮੈਂ ਉਸ ਹਲਕੇ ਤੋਂ ਜਿੱਤ ਕੇ ਆਇਆ ਹਾਂ ਜਿਹੜਾ ਹਲਕਾ ਸ਼ਹੀਦ-ਏ-ਆਜ਼ਮ ਸਰਦਾਰ ਬੇਅੰਤ ਸਿੰਘ ਜੀ ਦਾ ਹਲਕਾ ਸੀ ਔਰ ਉਹ ਉਥੋਂ ਚਾਰ ਵਾਰੀ ਐਮ.ਐਲ.ਏ. ਰਹੇ । ਉਨ੍ਹਾਂ ਨੇ ਪੰਜਾਬ ਦੀ ਸੇਵਾ ਕੀਤੀ ਤੇ ਮੁੱਖ ਮੰਤਰੀ ਬਣੇ। ਉਨ੍ਹਾਂ ਨੇ ਆਪਣੀ ਕੁਰਬਾਨੀ ਦੇ ਕੇ ਪੰਜਾਬ ਵਿਚ ਅਮਨ ਸ਼ਾਂਤੀ ਲਿਆਂਦੀ । ਅੱਜ ਅਸੀਂ ਸਾਰੇ ਜਿਹੜੇ ਇਸ ਸਦਨ ਵਿਚ ਬੈਠੇ ਹਾਂ, ਇਹ ਉਨ੍ਹਾਂ ਦੀ ਕੁਰਬਾਨੀ ਸਦਕਾ ਬੈਠੇ ਹਾਂ। ਉਨ੍ਹਾਂ ਦੀ ਸ਼ਹੀਦੀ ਤੋਂ ਯਾਦਗਾਰ ਬਣੀ ਔਰ ਉਹ ਚੰਡੀਗੜ੍ਹ ਪ੍ਰਸ਼ਾਸਨ ਨੇ ਬਣਾਈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਵਿੱਚ ਪੰਜਾਬ ਸਰਕਾਰ ਦਾ ਕੁਝ ਹਿੱਸਾ ਬਣਦਾ ਹੈ ਜੋ ਪਿਛਲੇ ਦਸ ਸਾਲਾਂ ਦੀ ਸਰਕਾਰ ਨੇ ਇਕ ਫੁੱਟੀ ਕੌਡੀ ਉਸ ਯਾਦਗਾਰ ਨੂੰ ਬਣਾਉਣ ਵਾਸਤੇ ਨਹੀਂ ਦਿੱਤੀ । ਮੈਂ, ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਬੇਨਤੀ ਕਰਦਾ ਹਾਂ ਕਿ ਉਸ ਯਾਦਗਾਰ ਲਈ ਪੰਜਾਬ ਸਰਕਾਰ ਦੀ ਜੋ ਰਕਮ ਬਣਦੀ ਹੈ, ਉਹ ਦਿੱਤੀ ਜਾਵੇ ਤਾਂ ਕਿ ਸੱਚੀ ਸ਼ਰਧਾਂਜਲੀ ਸਰਦਾਰ ਬੇਅੰਤ ਸਿੰਘ ਨੂੰ ਦਿੱਤੀ ਜਾ ਸਕੇ।

ਮਾਨਯੋਗ ਸਪੀਕਰ : ਹਾਂ ਜੀ, ਤੁਹਾਡੀ ਗੱਲ ਆ ਗਈ ਹੈ। ਤੁਸੀਂ ਬੈਠੋ। ਸਿੱਧੂ ਸਾਹਿਬ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਫ.ਐਮ. ਸਾਹਿਬ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਮੁਹਾਲੀ ਵਿਚ ਇੱਕ ਸਾਡੇ ਸਾਬਕਾ ਡਿਪਟੀ ਸੀ.ਐਮ. ਸਾਹਿਬ ਨੇ ਬੱਸ ਸਟੈਂਡ ਦਾ ਡਰੀਮ ਪ੍ਰਾਜੈਕਟ ਲਿਆਂਦਾ ਸੀ, ਉਹ ਬੁਰੀ ਤਰ੍ਹਾਂ ਫਲਾਪ ਹੋਇਆ ਹੈ। ਉਸ ਵਿੱਚ ਕੋਈ ਬੱਸ ਨਹੀਂ ਜਾਂਦੀ । ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਪੁਰਾਣਾ ਬੱਸ ਸਟੈਂਡ ਹੈ, ਉਸ ਨੂੰ ਕਮ-ਅਜ਼-ਕਮ ਅਪਗਰੇਡ ਕਰਕੇ ਬਣਾਇਆ ਜਾਵੇ ਕਿਉਂਕਿ ਇਹ ਸੈਂਟਰ ਵਿੱਚ ਹੈ ਪਰ ਜਿਹੜਾ ਇਨ੍ਹਾਂ ਨੇ ਬਣਾਇਆ ਸੀ, ਉਹ ਇਨ੍ਹਾਂ ਦੇ ਹਵਾਲੇ ਕੀਤਾ ਜਾਵੇ ਤੇ ਸਾਡਾ ਨਵਾਂ ਬਣਾ ਕੇ ਦਿੱਤਾ ਜਾਵੇ। ਧੰਨਵਾਦ ਜੀ।

ਸਰਦਾਰ ਹਰਪ੍ਰਤਾਪ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਫ. ਐਮ. ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਇੱਕ ਸਾਡੀ ਬਹੁਤ ਪੁਰਾਣੀ ਮੰਗ ਸੀ, ਉਸ ਨੂੰ ਮੰਨਿਆ ਹੈ ਔਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਇੰਨਾ ਪੱਛੜਿਆ ਇਲਾਕਾ ਆਪਣੇ ਅੱਖੀਂ ਵੇਖਿਆ ਹੈ।

ਮਾਨਯੋਗ ਸਪੀਕਰ : ਕਲੈਰੀਫਿਕੇਸ਼ਨ ਮੰਗੋ।

ਸਰਦਾਰ ਹਰਪ੍ਰਤਾਪ ਸਿੰਘ : ਮੈਂ ਧੰਨਵਾਦ ਕਰਦਾ ਹਾਂ, 10 ਕਿਲੋਮੀਟਰ ਦੀ ਪੱਟੀ ਦਾ ਪਰ ਮੈਂ ਇੱਕ ਸੁਝਾਅ, ਇੱਕ ਰਿਕੁਐਸਟ ਕਰਨ ਲੱਗਾ ਹਾਂ ਕਿ ਇੱਕ ਨਾਰਥ ਈਸਟ ਰੀਜ਼ਨ ਸਟੇਟੱਸ ਸੈਂਟਰ ਗੌਰਮਿੰਟ ਵੱਲੋਂ ਮਿਲਿਆ ਹੈ । ਜੇ ਉਸ ਏਰੀਏ ਨੂੰ, ਸਾਡੇ ਬਾਰਡਰ ਦੇ ਏਰੀਏ ਨੂੰ ਉਹ ਸਟੇਟੱਸ ਕਿਤੇ ਮਿਲ ਜਾਵੇ ਤਾਂ ਸਾਡਾ ਹੋਰ ਵੀ ਕਲਿਆਣ ਹੋ ਸਕਦਾ ਹੈ। ਧੰਨਵਾਦ।

ਮਾਨਯੋਗ ਸਪੀਕਰ: ਹਾਂ ਜੀ, ਤੁਸੀਂ ਬੈਠੋ। ਸਰਦਾਰ ਦਰਸ਼ਨ ਸਿੰਘ ਬਰਾੜ।

ਸਰਦਾਰ ਦਰਸ਼ਨ ਸਿੰਘ ਬਰਾੜ: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਬਹੁਤ ਬਹੁਤ ਧੰਨਵਾਦ ਤੁਹਾਡਾ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਬਾਘਾ ਪੁਰਾਣਾ ਹਲਕੇ ਵਿੱਚ ਕਾਲਜ ਬਣਿਆ ਹੈ, ਵਧੀਆ ਬਿਲਡਿੰਗ ਹੈ ਤੇ ਸਾਨੂੰ ਲੜਕੀਆਂ ਵਾਸਤੇ ਬੀ.ਐਸ ਨਰਸਿੰਗ ਕਾਲਜ ਦਿੱਤਾ ਜਾਵੇ ਤਾਂ ਕਿ ਸਾਡੀਆਂ ਲੜਕੀਆਂ ਤਰੱਕੀ ਕਰ ਸਕਣ। ਸਾਡਾ ਇਲਾਕਾ ਪਛੜਿਆ ਇਲਾਕਾ ਹੈ। ਮੇਰੀ ਇਹੀ ਤੁਹਾਡੇ ਅੱਗੇ ਬੇਨਤੀ ਹੈ, ਤੁਹਾਡੇ ਰਾਹੀਂ ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ।

ਮਾਨਯੋਗ ਸਪੀਕਰ : ਐਫ.ਐਮ. ਸਾਹਿਬ । ਗੁਰਕੀਰਤ ਸਿੰਘ ਜੀ, ਤੁਸੀਂ ਬੈਠੋ। ਸੋਢੀ ਸਾਹਿਬ, ਤੁਸੀਂ ਸਾਰੇ ਬੋਲ ਚੁੱਕੇ ਹੋ ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਨਲਕੀ ਵਿੱਚ ਹੀ ਫੂਕ ਮਾਰ ਦਿੰਦਾ ਹਾਂ ਜੀ...

ਮਾਨਯੋਗ ਸਪੀਕਰ : ਹਾਂ ਜੀ। ਸੋਢੀ ਸਾਹਿਬ। ਗੁਰਕੀਰਤ ਸਿੰਘ ਜੀ, ਜ਼ਰਾ ਬੈਠੋ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਵੇਖੋ, ਬੜਾ ਅੱਛਾ ਮਾਹੌਲ ਹੈ ਔਰ ਜਿਸ ਦਿਲਚਸਪੀ ਦੇ ਨਾਲ ਸਾਡੇ ਐਫ.ਐਮ. ਸਾਹਿਬ ਨੇ ਜੋ ਸਦਨ ਵਿੱਚ ਬਜਟ ਐਸਟੀਮੇਟ ਰੱਖੇ ਹਨ, ਉਨ੍ਹਾਂ ਉਤੇ ਸਾਨੂੰ ਰੌਸ਼ਨੀ ਪਾ ਰਹੇ ਹਨ ਔਰ ਜੋ ਸਾਡੀਆਂ ਗੱਲਾਂ ਹਨ ਜਾਂ ਜੋ ਪੰਜਾਬ ਵਾਸਤੇ ਬਿਹਤਰੀਨ ਗੱਲਾਂ ਜਾਂ ਜਿਹੜੇ ਕੰਮ ਹੋ ਸਕਦੇ ਹਨ, ਉਸ ਉਤੇ ਇਨ੍ਹਾਂ ਨੇ ਆਪਣਾ ਪੂਰਾ ਜ਼ੋਰ ਦੇ ਕੇ ਔਰ ਆਪਣੀ ਟੀਮ ਵੱਲੋਂ ਕੋਆਪਰੇਸ਼ਨ ਦੇ ਨਾਲ ਜੋ ਸਾਡੇ ਅੱਗੇ ਬਿਆਨ ਕੀਤਾ ਹੈ, ਉਸ ਲਈ ਮੈਂ ਇਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ । ਲੇਕਿਨ ਧੰਨਵਾਦ ਇੱਕ ਸ਼ੇਅਰ

ਦੇ ਨਾਲ ਕਰਨਾ ਚਾਹੁੰਦਾ ਹਾਂ ਕਿਉਂਕਿ ਜੇ ਮੈਂ ਨਾ ਕਹਾਂ ਤਾਂ ਮੈਂ ਸਮਝਾਂਗਾ ਕਿ ਇਨ੍ਹਾਂ ਦਾ ਪੂਰਾ ਧੰਨਵਾਦ ਨਹੀਂ ਹੋਇਆ। ਸੋ, ਇਸ ਕਰਕੇ ਇੱਕ-ਅੱਧੇ ਮਿੰਟ ਦੀ ਗੱਲ ਹੀ ਹੈ :

ਸਿਮਟ ਕੇ ਪਾਉਂ ਮੇਂ ਜਿਸ ਕੇ ਬਹਾਰ ਆ ਬੈਠੇ,
ਹਰ ਇਕ ਚਮਨ ਮੇਂ ਐਸਾ ਫੂਲ ਨਹੀਂ ਹੋਤਾ । (ਥੰਪਿੰਗ)

ਮਾਨਯੋਗ ਸਪੀਕਰ : ਵਾਹ ਜੀ, ਵਾਹ।

ਰਾਣਾ ਗੁਰਮੀਤ ਸਿੰਘ ਸੋਢੀ : ਸੋ, ਇਹ ਗੱਲ ਕਹਿ ਕੇ ਮਨਪ੍ਰੀਤ ਜੀ ਤੁਹਾਡਾ ਬਹੁਤ ਬਹੁਤ ਧੰਨਵਾਦ।

ਮਾਨਯੋਗ ਸਪੀਕਰ : ਹਾਂ ਜੀ, ਗੁਰਕੀਰਤ ਸਿੰਘ ਜੀ। ਰਜ਼ੀਆ ਜੀ, ਤੁਸੀਂ ਜ਼ਰਾ ਬੈਠੋ ਜੀ।

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਬਜਟ ਉਤੇ ਤਾਂ ਬੋਲਣ ਦਾ ਮੌਕਾ ਨਹੀਂ ਦਿੱਤਾ ਪਰ ਸਪੀਕਰ ਸਾਹਿਬ, ਮੇਰਾ ਇੱਕ ਸੁਝਾਅ ਹੈ ਕਿ ਐਫ.ਐਮ. ਸਾਹਿਬ ਨੇ ਆਪਣੀ ਬਜਟ ਸਪੀਚ ਵਿਚ 70 ਪੁਲਿਸ ਸਟੇਸ਼ਨਾਂ ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਕਿਉਂਕਿ ਪੰਜਾਬ ਵਿੱਚ ਕ੍ਰਾਈਮ ਜਿਹੜਾ ਹੈ, ਉਹ ਬਹੁਤ ਜ਼ਿਆਦਾ ਹੈ। ਮੇਰਾ ਖਿਆਲ ਹੈ ਕਿ ਪੰਜਾਬ ਵਿੱਚ ਪੰਜ-ਛੇ ਮਿਊਂਸਿਪਲ ਕਾਰਪੋਰੇਸ਼ਨਾਂ ਹੋਣਗੀਆਂ ਅਤੇ 16-17 ਅਜਿਹੇ ਸ਼ਹਿਰ ਹਨ ਜਿਹੜੇ ਦੋ ਲੱਖ ਦੀ ਅਬਾਦੀ ਤੋਂ ਉਪਰ ਹਨ। ਕਿਉਂ ਨਾ ਇੱਕ ਐਸੀ ਬਜਟਰੀ ਪ੍ਰੋਵੀਜ਼ਨ ਕਰ ਲਈ ਜਾਵੇ ਕਿ ਇਹੋ ਜਿਹੇ ਜਿਹੜੇ ਸ਼ਹਿਰ ਹਨ ਜਾਂ ਮਿਊਂਸਿਪਲ ਕਾਰਪੋਰੇਸ਼ਨਜ਼ ਹਨ, ਉਨ੍ਹਾਂ ਵਿੱਚ ਇਕ ਵੂਮੈਨ ਪੁਲਿਸ ਸਟੇਸ਼ਨ ਦੀ ਜ਼ਰੂਰ ਪ੍ਰੋਵੀਜ਼ਨ ਰੱਖੀ ਜਾਵੇ। ਸਪੀਕਰ ਸਾਹਿਬ, ਇਹ ਮੇਰੀ ਐਫ.ਐਮ. ਸਾਹਿਬ ਨੂੰ ਗੁਜ਼ਾਰਿਸ਼ ਹੈ।

ਲੋਕ ਨਿਰਮਾਣ (ਭ ਤੇ ਮ) ਰਾਜ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ) : ਸਪੀਕਰ ਸਾਹਿਬ, ਮੈਂ ਐਫ.ਐਮ. ਸਾਹਿਬ ਅਤੇ ਸਰਕਾਰ ਦਾ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਕਰੀਆ ਅਦਾ ਕਰਦੀ ਹਾਂ, ਇਨ੍ਹਾਂ ਨੇ ਮੁਸਲਿਮਜ਼ ਨੂੰ ਐਸ.ਸੀਜ਼ ਦੀ ਤਰਜ਼ ਤੇ ਸਕੀਮ ਦੇਣ ਦਾ ਵਾਅਦਾ ਕੀਤਾ ਹੈ। ਉਸ ਲਈ ਮੈਂ ਆਪਣੇ ਤੇ ਆਪਣੀ ਕੌਮ ਦੀ ਤਰਫ ਤੋਂ ਬਹੁਤ-ਬਹੁਤ ਸ਼ੁਕਰੀਆ ਅਦਾ ਕਰਦੀ ਹਾਂ।

ਸ਼੍ਰੀ ਦਰਸ਼ਨ ਲਾਲ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸੇ ਹਲਕੇ ਵਿੱਚ ਤਾਂ ਕਿਸੇ ਇਕ ਚੀਜ਼ ਦੀ ਘਾਟ ਹੋਵੇਗੀ ਪਰ ਸਾਡੇ ਤਾਂ ਘਾਟਾਂ ਹੀ ਘਾਟਾਂ ਹਨ । ਮੈਂ ਵਿੱਤ ਮੰਤਰੀ ਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ ਬਲਾਚੌਰ ਨੂੰ ਸਪੈਸ਼ਲ ਤਰਜੀਹ ਦਿੱਤੀ ਜਾਵੇ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਤਮਾਮ ਹਾਊਸ ਦੇ ਕਾਬਿਲੇ ਕਦਰ ਮੈਂਬਰਾਨ ਨੂੰ ਇਸ ਗੱਲ ਦਾ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਦੀਆਂ ਬਜਟ ਤਜਵੀਜ਼ਾਂ ਜਾਂ ਜਿਹੜੇ ਜਿਹੜੇ ਹੈੱਡਜ਼ ਵਿੱਚ ਪੈਸੇ ਜਾਣੇ ਸੀ, ਉਹ ਆਲਰੇਡੀ ਜਾ ਚੁੱਕੇ ਹਨ।(ਥੰਪਿੰਗ) ਬਾਰਡਰ ਏਰੀਆ ਦੀਆਂ ਕਈ ਸਕੀਮਾਂ ਬਣਨੀਆਂ ਹਨ। ਸਪੀਕਰ ਸਾਹਿਬ, ਅੱਜ ਵਿਧਾਨ ਸਭਾ ਵਿੱਚ ਨਹੀਂ ਪਰ ਬਜਟ ਤੋਂ ਬਾਅਦ ਆਪਾਂ ਬੈਠਾਂਗੇ ਅਤੇ ਸਪੋਰਟਸ ਵਾਸਤੇ ਜਾਂ ਕਿੱਥੇ ਕਿੱਥੇ ਫੰਡ ਕਰਨਾ ਹੈ ਅਤੇ ਵੱਖਰੇ ਵੱਖਰੇ ਮਹਿਕਮਿਆਂ ਦੇ ਜਿਹੜੇ ਪਲਾਨ ਬਣੇ ਹਨ, ਉਸ ਹਿਸਾਬ ਨਾਲ ਜਿਥੇ ਜਿਥੇ ਵੀ ਕਮੀਆਂ ਹਨ, ਇਹ ਸਾਰੀਆਂ ਕਮੀਆਂ ਦੂਰ ਕਰਨ ਦਾ ਮੈਂ ਵਿਸ਼ਵਾਸ ਦਿਵਾਉਂਦਾ ਹਾਂ। ਸਪੀਕਰ ਸਾਹਿਬ, ਮੈਂ ਬਹੁਤ ਸਮਾਂ ਨਹੀਂ ਲਵਾਂਗਾ ਕਿਉਂਕਿ ਮੈਨੂੰ ਪਤਾ ਹੈ ਕਿ ਸਮੇਂ ਦੀ ਕਮੀ ਹੈ। ਮੈਂ ਆਪਣੇ ਸਾਰੇ ਖਿਆਲਾਤ ਨੂੰ ਸਮੇਟਣ ਲਈ ਕੋਸ਼ਿਸ਼ ਕਰਦਾ ਹਾਂ, ਕਈ ਚੀਜ਼ਾਂ ਰਹਿ ਜਾਂਦੀਆਂ ਹਨ। ਆਪੋਜ਼ੀਸ਼ਨ ਵਲੋਂ ਇਹ ਗੱਲ ਆਈ ਸੀ ਕਿ ਮੁਹਾਲੀ ਦਾ ਮੈਡੀਕਲ ਕਾਲਜ ਅਨਾਊਂਸ ਕਰ ਦਿੱਤਾ ਹੈ ਪਰ ਉਸ ਵਾਸਤੇ ਕੇਵਲ 10 ਕਰੋੜ ਰੁਪਿਆ ਰੱਖਿਆ ਹੈ, ਇਹ ਤਾਂ ਫੇਰ 100 ਸਾਲਾਂ ਵਿੱਚ ਬਣੇਗਾ। ਸਪੀਕਰ ਸਾਹਿਬ, ਅਗਲੇ ਬਜਟ ਨੂੰ 9 ਮਹੀਨੇ ਹੀ ਰਹਿ ਗਏ ਹਨ ਅਤੇ ਮੈਨੂੰ ਪਤਾ ਹੈ ਕਿ ਜਿਹੜਾ ਕਾਲਜ ਹੁਣ ਸ਼ੁਰੂ ਹੋਣਾ ਹੈ, ਇਸ ਵਾਸਤੇ 10 ਕਰੋੜ ਰੁਪਏ ਤੋਂ ਜ਼ਿਆਦਾ ਪੈਸੇ ਡਿਪਲਾਇ ਨਹੀਂ ਕੀਤੇ ਜਾ ਸਕਦੇ। ਇਸ ਕਰਕੇ 10 ਕਰੋੜ ਰੁਪਿਆ ਰੱਖਿਆ ਹੈ, ਇਸ ਕਰਕੇ ਨਹੀਂ ਰੱਖਿਆ ਕਿ ਸਾਲੋ-ਸਾਲ ਇਹ ਕਾਲਜ ਨਹੀਂ ਬਣੇਗਾ। ਲੀਡਰ ਆਫ ਦਿ ਆਪੋਜ਼ੀਸ਼ਨ ਬੋਲ ਰਹੇ ਸੀ ਕਿ ਮੈਂ ਇਹ ਬੜੀ ਬਰੀਕੀ ਨਾਲ ਪੜ੍ਹਿਆ ਹੈ। ਇੰਪਲਾਈਜ਼ ਦੀਆਂ ਸੈਲਰੀਜ਼ ਹਨ, ਇਸ ਵਿੱਚ ਖਾਸ ਇਜ਼ਾਫਾ ਨਹੀਂ ਹੋਇਆ। ਫੇਰ ਨਵੇਂ ਡਾਕਟਰ, ਨਵੇਂ ਟੀਚਰ ਕਿਵੇਂ ਆਉਣਗੇ? ਸਪੀਕਰ ਸਾਹਿਬ, ਬਜਟ ਦੀਆਂ ਜਿਹੜੀਆਂ ਪੇਚੀਦਗੀਆਂ ਹਨ, ਕਈ ਵਾਰ ਇਹ ਗੱਲ ਸਮਝ ਨਹੀਂ ਆਉਂਦੀ ਪਰ ਮੈਂ ਬੜੀ ਅਦਬ ਨਾਲ ਤੁਹਾਡੀ ਮਾਰਫਤ ਹਾਊਸ ਨੂੰ ਇਹ ਦੱਸਾਂਗਾ ਕਿ ਇੰਪਲਾਈਜ਼ ਦੀ ਰਿਟਾਇਰਮੈਂਟ ਐਟਰੀਸ਼ਨ ਹੁੰਦੀ ਹੈ, ਨਵੇਂ ਇੰਪਲਾਈਜ਼ ਆਉਂਦੇ ਰਹਿੰਦੇ ਹਨ। It is a continuous process. ਇਹ ਇਨਫਲੇਟ ਹੁੰਦਾ ਹੈ। ਸਪੀਕਰ ਸਾਹਿਬ, ਜਿਹੜਾ ਇੰਪਲਾਈ ਰਿਟਾਇਰ ਹੁੰਦਾ ਹੈ, ਉਹ almost last highest pay scale ਤੇ ਹੁੰਦਾ ਹੈ। ਜਦੋਂ ਰਿਟਾਇਰ ਹੋ ਜਾਂਦਾ ਹੈ ਤਾਂ ਉਸ ਦੀ ਇਵਜ਼ ਵਿੱਚ ਸਾਨੂੰ 3-4 ਨਵੇਂ ਇੰਪਲਾਈਜ਼ ਮਿਲ ਜਾਂਦੇ ਹਨ। ਇਹ ਨਹੀਂ ਕਿ ਰਿਕਰੂਟਮੈਂਟ ਵਿੱਚ ਕੋਈ ਕਮੀ ਰੱਖੀ ਜਾਵੇਗੀ। ਜਿੱਥੇ ਜਿਥੇ ਰਿਕਰੂਟਮੈਂਟ ਦੀ ਲੋੜ ਹੈ, ਇਸ ਸਾਲ ਦੌਰਾਨ ਉੱਥੇ ਉੱਥੇ ਰਿਕਰੂਟਮੈਂਟ ਵੀ ਕਰਾਂਗੇ। ਸਪੀਕਰ ਸਾਹਿਬ, ਇਕ ਬੜੀ ਦਿਲਚਸਪ ਬਹਿਸ ਹੋਈ ਸੀ, ਅਕਾਲੀ ਦਲ ਜੀ.ਐਸ.ਡੀ.ਪੀ. ਅਤੇ ਡੈੱਟ ਰੇਸ਼ੋ ਬਾਰੇ ਕਹਿ ਰਿਹਾ ਸੀ। ਐਮ.ਐਲ.ਏ. ਜਲਾਲਾਬਾਦ ਦੀ ਮੈਂ ਇਸ ਬਾਰੇ ਬੜੀ ਵਾਰ ਪ੍ਰੈਸ ਕਾਨਫਰੰਸ ਦੇਖੀ ਹੈ । ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਕਿ ਇਸ ਨੂੰ ਸਮਝਣ ਦੀ ਲੋੜ ਹੈ ਅਤੇ ਮੈਂ ਇਸ ਵਾਸਤੇ ਇਕ ਮਿੰਟ ਲਵਾਂਗਾ। ਜਿਹੜੀ ਡੈੱਟ ਹੈ, ਜੇਕਰ ਇਹ ਕੈਪੀਟਲ ਐਕਸਪੈਂਡੀਚਰ ਵਾਸਤੇ ਹੈ, ਜਿਸ ਨਾਲ ਪ੍ਰਾਈਵੇਟ ਇਨਵੈਸਟਮੈਂਟ ਆ ਸਕਦੀ ਹੈ, ਸੜਕਾਂ ਬਣਨੀਆਂ ਹਨ, ਸਕੂਲ ਬਣ ਰਹੇ ਹਨ, ਬਿਜਲੀ ਘਰ ਬਣ ਰਹੇ ਹਨ, ਕਾਲਜ ਬਣ ਰਹੇ ਹਨ, ਯੂਨੀਵਰਸਿਟੀਆਂ ਬਣ ਰਹੀਆਂ ਹਨ, ਜਿਸ ਨਾਲ ਮੁਲਕ ਨੇ ਤਰੱਕੀ ਕਰਨੀ ਹੈ, ਜੇ ਇਸ ਕੈਪੀਟਲ ਐਕਸਪੈਂਡੀਚਰ ਵਾਸਤੇ ਡੈੱਟ ਲਾਈ ਜਾਵੇ ਤਾਂ ਇਸ ਨਾਲ ਪ੍ਰਾਈਵੇਟ ਇਨਵੈਸਟਮੈਂਟ ਆਵੇਗੀ ਅਤੇ ਜੀ.ਐਸ.ਡੀ.ਪੀ. ਵੱਧ ਜਾਵੇਗੀ। ਜੀ.ਐਸ.ਡੀ.ਪੀ. ਵਧਣ ਨਾਲ ਟੈਕਸ

ਕੁਲੈਕਸ਼ਨ ਵੱਧ ਜਾਵੇਗੀ। ਸਪੀਕਰ ਸਾਹਿਬ, ਜੇ 4 ਲੱਖ ਦੀ ਇਕਾਨਮੀ ਹੈ ਤਾਂ ਇਸ ਨਾਲ ਘੱਟੋ ਘੱਟ 15% ਜਾਂ 16% ਟੈਕਸ ਇਕੱਠਾ ਹੋਣਾ ਚਾਹੀਦਾ ਹੈ। ਜੀ.ਐਸ.ਡੀ.ਪੀ. ਜ਼ਰੂਰ ਵੱਧ ਗਈ ਪਰ ਡੈੱਟ ਤੇ ਕੋਈ ਅਸਰ ਨਹੀਂ ਹੋਇਆ ਕਿਉਂਕਿ ਟੈਕਸ ਕੁਲੈਕਟ ਨਹੀਂ ਹੋਇਆ। ਸਪੀਕਰ ਸਾਹਿਬ, ਪਹਿਲੀ ਗੱਲ ਜਿੰਨੀ ਡੈੱਟ ਲਈ ਗਈ, ਇਹ ਰੈਵੇਨਿਊ ਐਕਸਪੈਂਡੀਚਰ ਵਾਸਤੇ ਲਈ ਗਈ। ਇਹ ਗੱਲ ਮੈਂ ਪ੍ਰੈੱਸ ਦੀ ਸਹੂਲਤ ਵਾਸਤੇ ਦੱਸੀ ਹੈ। ਸਪੀਕਰ ਸਾਹਿਬ, ਅੱਜ ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਜੇ ਇਸ ਨੂੰ ਕਨਕਲੂਡ ਕਰਾਂ ਤਾਂ ਮੈਂ ਤੁਹਾਨੂੰ ਸਾਰਿਆਂ ਨੂੰ ਇਹੀ ਕਹਿ ਕੇ ਜਾਵਾਂਗਾ ਕਿ ਪੰਜਾਬ ਦੀ ਧਰਤੀ ਤੇ ਇਹ ਜਿਹੜਾ ਪਰਛਾਵਾਂ ਹੈ, ਇਹ ਆਰਜ਼ੀ ਹੈ। ਮੇਰਾ ਦਿਲ ਇਸ ਗੱਲ ਦੀ ਗਵਾਹੀ ਦੇਣ ਨੂੰ ਤਿਆਰ ਹੈ ਕਿ ਪੰਜਾਬ ਦੀ ਧਰਤੀ ਨੇ ਹਮੇਸ਼ਾ ਆਪਣੇ ਬੇਟੇ-ਬੇਟੀਆਂ ਵਿੱਚ ਵਧੀਆ ਜਜ਼ਬੇ ਪੈਦਾ ਕੀਤੇ ਹਨ, ਚਾਹੇ ਉਹ ਤਿਆਗ ਵਾਲਾ ਹੈ, ਚਾਹੇ ਕੁਰਬਾਨੀ ਵਾਲਾ ਹੈ ਅਤੇ ਭਾਵੇਂ ਮਿਹਨਤ ਵਾਲਾ ਹੈ। ਇਹ ਜਿਹੜੇ ਜਜ਼ਬੇ ਹੁੰਦੇ ਹਨ, ਇਹ ਹੱਟੀਆਂ ਜਾਂ ਬਜ਼ਾਰਾਂ ਵਿਚੋਂ ਨਹੀਂ ਖਰੀਦ ਕੇ ਲਿਆਂਦੇ ਜਾਂਦੇ, ਇਹ ਪ੍ਰਮਾਤਮਾ ਦੀ ਨੁਸਰਤ ਨਾਲ ਮਿਲਦੇ ਹਨ। ਸਪੀਕਰ ਸਾਹਿਬ, ਮੈਂ ਇਕ ਗੱਲ ਮੰਨਣ ਨੂੰ ਤਿਆਰ ਨਹੀਂ ਹਾਂ, ਇਹ ਹੱਥਾਂ ਦੀਆਂ ਲਕੀਰਾਂ ਹਨ, ਮੱਥੇ ਦੀਆਂ ਤਕਦੀਰਾਂ ਹਨ, ਮੈਂ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹਾਂ ਕਿ ਪ੍ਰਮਾਤਮਾ ਨੇ ਮੇਰੇ ਮੁਲਕ ਦੇ ਨਸੀਬੇ ਵਿੱਚ ਗਰੀਬੀ ਲਿਖੀ ਹੈ। ਮੈਂ ਨਹੀਂ ਮੰਨਾਂਗਾ ਕਿ ਇਹ ਰੱਬ ਨੇ ਲਿਖ ਦਿੱਤਾ ਹੈ ਕਿ ਪੰਜਾਬ ਦੇ ਲੋਕ ਅਨਪੜ੍ਹ, ਗਰੀਬ, ਜਾਹਲ ਤੇ ਬੇਰੁਜ਼ਗਾਰ ਰਹਿਣਗੇ। ਮੈਂ ਇਸ ਗੱਲ ਨੂੰ ਨਹੀਂ ਮੰਨਦਾ। ਸਪੀਕਰ ਸਾਹਿਬ, ਅੱਜ ਦੇ ਇਸ ਸੈਸ਼ਨ ਨੂੰ ਗਵਾਹ ਰੱਖ ਲਵੋ, ਆਪਣੀ ਜ਼ਮੀਰ ਨੂੰ ਗਵਾਹ ਰੱਖ ਲਵੋ, ਅੱਜ ਦੇ ਦਿਨ ਨੂੰ ਗਵਾਹ ਰੱਖ ਲਵੋ। ਜੇ ਆਪਾਂ ਇਹ ਮਨ ਬਣਾ ਲਈਏ ਕਿ ਇਹ ਰੱਬ ਨੇ ਨਹੀਂ ਲਿਖਿਆ, ਰੱਬ ਨੇ ਪੰਜਾਬ ਦੀ ਤਕਦੀਰ ਵਿਚ ਨਹੀਂ ਲਿਖਿਆ, ਜੇ ਆਪਾਂ ਸਿਰ ਨਾਲ ਸਿਰ ਜੋੜ ਲਿਆ, ਹੱਥ ਨਾਲ ਹੱਥ ਮਿਲਾ ਲਿਆ ਤਾਂ ਮੈਂ ਹਮੇਸ਼ਾ ਕਹਿੰਦਾ ਹਾਂ ਕਿ ਇਹ ਲੜਾਈ ਹੁਣ ਆਪਾਂ ਆਉਣ ਵਾਲੀਆਂ ਨਸਲਾਂ ਵਾਸਤੇ ਲੜਨ ਲਈ ਜਾ ਰਹੇ ਹਾਂ। ਸਪੀਕਰ ਸਾਹਿਬ, ਸਰਦਾਰ ਪ੍ਰਤਾਪ ਸਿੰਘ ਕੈਰੋਂ, ਸ਼੍ਰੀ ਗੋਪੀ ਚੰਦ ਭਾਰਗਵ ਜੀ, ਸ਼੍ਰੀ ਭੀਮ ਸੇਨ ਸੱਚਰ ਹੋਏ, ਉਸ ਤੋਂ ਵੀ ਪਹਿਲਾਂ ਦੇ ਜਿਹੜੇ ਇਸ ਮੁਲਕ ਦੇ ਲੀਡਰ ਸੀ, ਉਹ ਪੰਜਾਬ ਨੂੰ ਬਹੁਤ ਕੁਝ ਦੇ ਕੇ ਗਏ ਹਨ। ਉਹ ਪੰਜਾਬ ਨੂੰ ਅਜ਼ਾਦੀ ਦੇ ਕੇ ਗਏ ਹਨ, ਭਾਖੜਾ ਡੈਮ ਦੇ ਕੇ ਗਏ ਹਨ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕੇ ਗਏ ਹਨ ਅਤੇ ਚੰਡੀਗੜ੍ਹ ਸ਼ਹਿਰ ਦੇ ਕੇ ਗਏ ਹਨ। ਸਪੀਕਰ ਸਾਹਿਬ, ਜਿਹੜੀ ਹੁਣ ਤੁਹਾਡੀ ਤੇ ਮੇਰੀ ਨਸਲ ਹੈ, ਕੀ ਇਹ ਆਉਣ ਵਾਲੀ ਔਲਾਦ ਨੂੰ, ਆਉਣ ਵਾਲੀਆਂ ਨਸਲਾਂ ਨੂੰ ਆਪਾਂ ਕਰਜ਼ਾ ਦੇ ਕੇ ਜਾਵਾਂਗੇ ? ਇਸ ਲਈ ਮੈਂ ਤਮਾਮ ਮੈਂਬਰਾਨ ਨੂੰ ਅੱਜ ਇਹ ਦਰਖਾਸਤ ਕਰਾਂਗਾ ਕਿ ਜਿਹੜੀਆਂ ਬਜਟ ਤਜਵੀਜ਼ਾਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਜ਼ੇਰੇ ਸਾਇਆ ਚੱਲਣ ਵਾਲੀ ਸਰਕਾਰ ਸਾਲ 2017-18 ਲਈ ਲੈ ਕੇ ਆਈ ਹੈ, ਇਨ੍ਹਾਂ ਨੂੰ ਤੁਸੀਂ ਸਰਬਸੰਮਤੀ ਨਾਲ ਪਾਸ ਕਰੋ। ਸਪੀਕਰ ਸਾਹਿਬ, ਮੈਂ ਅਲਾਮਾ ਇਕਬਾਲ ਜੀ ਦੇ ਸ਼ੇਅਰ ਨਾਲ ਆਪਣੇ ਭਾਸ਼ਣ ਦਾ ਅੰਤ ਕਰਾਂਗਾ, ਉਹ ਲਿਖਦੇ ਹਨ ਜੀ:

ਤੁੰਦੀ ਏ ਬਾਦਾ ਏ, ਮੁਖਾਲਿਫ ਸੇ ਨਾ ਘਬਰਾ ਐ ਉਕਾਬ
ਯਹ ਤੋ ਚਲਤੀਂ ਹੈ ਤੁਝੇ ਊਂਚਾ ਉਡਾਨੇ ਕੇ ਲਿਯੇ।

[ਵਿੱਤ ਮੰਤਰੀ]

ਉਕਾਬ ਬਾਜ਼ ਨੂੰ ਕਹਿੰਦੇ ਹਨ ਜੀ ਭਾਵ ਕਿ ਜਿਹੜੀਆਂ ਤੇਰੇ ਖਿਲਾਫ ਤੇਜ਼, ਤੁੰਦ ਅਤੇ ਠੰਢੀਆਂ ਹਵਾਵਾਂ ਚਲਦੀਆਂ ਹਨ, ਇਹ ਤਾਂ ਤੈਨੂੰ ਉੱਚਾ ਉਡਾਉਣ ਲਈ ਚਲਦੀਆਂ ਹਨ। ਇਹ ਤਾਂ ਪੰਜਾਬ ਨੂੰ ਉੱਚਾ ਉਡਾਉਣ ਵਾਸਤੇ ਚਲੀਆਂ ਹਨ। (ਥੰਪਿੰਗ) ਸਪੀਕਰ ਸਾਹਿਬ, ਤੁਸੀਂ ਬੜੇ ਅਦਬ ਤੇ ਸਬਰ ਨਾਲ ਮੇਰੀ ਗੱਲ ਸੁਣੀ ਹੈ। ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਜੈ ਹਿੰਦ। (ਥੰਪਿੰਗ)।

FINANCIAL BUSINESS

(I) DISCUSSION AND VOTING ON THE DEMANDS FOR GRANTS RELATING TO BUDGET ESTIMATES FOR THE YEAR 2017-18

ਮਾਨਯੋਗ ਸਪੀਕਰ : ਅਗਲੀ ਆਈਟਮ। ਸਾਲ 2017-18 ਲਈ ਬਜਟ ਅਨੁਮਾਨਾਂ ਸਬੰਧੀ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ।

ਅੱਜ ਦੀ ਕਾਰਜਸੂਚੀ ਵਿਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 30 ਬਜਟ ਅਨੁਮਾਨਾਂ ਸਬੰਧੀ ਗ੍ਰਾਂਟਾਂ ਲਈ ਮੰਗਾਂ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ ?

(ਅਵਾਜ਼ਾਂ : ਹਾਂ ਜੀ, ਹਾਂ ਜੀ)

ਮੰਗ ਨੰ: 1

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 105774770000 ਰੁਪਏ ਅਤੇ ਪੂੰਜੀਗਤ ਲੇਖੇ ਤੇ 35183000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 2

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 5319415000 ਰੁਪਏ ਅਤੇ ਪੂੰਜੀਗਤ ਲੇਖੇ ਤੇ 245700000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 3

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 947820000 ਰੁਪਏ ਅਤੇ ਪੂੰਜੀਗਤ ਲੇਖੇ ਤੇ 1990313000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਹਿਕਾਰਤਾ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 4

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 738569000 ਰੁਪਏ ਅਤੇ ਪੂੰਜੀਗਤ ਲੇਖੇ ਤੇ 84100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 5

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 101973927000 ਰੁਪਏ ਅਤੇ ਪੂੰਜੀਗਤ ਲੇਖੇ ਤੇ 3009343000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿਚ ਕੀਤੀ ਜਾਵੇਗੀ ।

ਮੰਗ ਨੰ: 6

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1216848000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੋਣਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 7

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 3450713000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 8

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 259975918000 ਰੁਪਏ ਅਤੇ ਪੂੰਜੀਗਤ ਲੇਖੇ ਤੇ 350360722000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਿੱਤ ਦੇ ਸਬੰਧ ਵਿਚ ਕੀਤੀ ਜਾਵੇਗੀ।

[ਮਾਨਯੋਗ ਸਪੀਕਰ]

ਮੰਗ ਨੰ: 9

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 7185289000 ਰੁਪਏ ਅਤੇ ਪੂੰਜੀਗਤ ਲੇਖੇ ਤੇ 20000610000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 10

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2996649000 ਰੁਪਏ ਅਤੇ ਪੂੰਜੀਗਤ ਲੇਖੇ ਤੇ 276471000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 11

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 34377928000 ਰੁਪਏ ਅਤੇ ਪੂੰਜੀਗਤ ਲੇਖੇ ਤੇ 1302300000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 12

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 66575941000 ਰੁਪਏ ਅਤੇ ਪੂੰਜੀਗਤ ਲੇਖੇ ਤੇ 1750676000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 13

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 3259547000 ਅਤੇ ਪੂੰਜੀਗਤ ਲੇਖੇ ਤੇ 103355000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਉਦਯੋਗ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 14

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 418027000 ਰੁਪਏ ਅਤੇ ਪੂੰਜੀਗਤ ਲੇਖੇ ਤੇ 2100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 15

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 38909082000 ਰੁਪਏ ਅਤੇ ਪੂੰਜੀਗਤ ਲੇਖੇ ਤੇ 9237261000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 16

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1178774000 ਰੁਪਏ ਅਤੇ ਪੂੰਜੀਗਤ ਲੇਖੇ ਤੇ 150000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 17

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 30424827000 ਰੁਪਏ ਅਤੇ ਪੂੰਜੀਗਤ ਲੇਖੇ ਤੇ 15681056000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 18

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 196154000 ਰੁਪਏ ਅਤੇ ਪੂੰਜੀਗਤ ਲੇਖੇ ਤੇ 5000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸੋਨਲ ਅਤੇ ਪ੍ਰਸ਼ਾਸਕੀ ਸੁਧਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

[ਮਾਨਯੋਗ ਸਪੀਕਰ]

ਮੰਗ ਨੰ: 19

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2036297000 ਰੁਪਏ ਅਤੇ ਪੂੰਜੀਗਤ ਲੇਖੇ ਤੇ 2736441000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 20

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 0 ਰੁਪਏ ਅਤੇ ਪੂੰਜੀਗਤ ਲੇਖੇ ਤੇ 0 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰੋਗਰਾਮ ਲਾਗੂ ਕਰਨ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 21

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 10642073000 ਰੁਪਏ ਅਤੇ ਪੂੰਜੀਗਤ ਲੇਖੇ ਤੇ 18313900000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਲੋਕ ਨਿਰਮਾਣ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 22

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 14086465000 ਰੁਪਏ ਅਤੇ ਪੂੰਜੀਗਤ ਲੇਖੇ ਤੇ 5100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 23

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 12646499000 ਰੁਪਏ ਅਤੇ ਪੂੰਜੀਗਤ ਲੇਖੇ ਤੇ 3398549000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

ਮੰਗ ਨੰ: 24

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 355858000 ਰੁਪਏ ਅਤੇ ਪੂੰਜੀਗਤ ਲੇਖੇ ਤੇ 40600000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 25

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 33707235000 ਰੁਪਏ ਅਤੇ ਪੂੰਜੀਗਤ ਲੇਖੇ ਤੇ 2339232000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਮਾਜਿਕ ਸੁਰੱਖਿਆ ਇਸਤਰੀਆਂ ਅਤੇ ਬੱਚਿਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 26

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 432906000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 27

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 4007075000 ਰੁਪਏ ਅਤੇ ਪੂੰਜੀਗਤ ਲੇਖੇ ਤੇ 777200000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 28

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 426111000 ਰੁਪਏ ਅਤੇ ਪੂੰਜੀਗਤ ਲੇਖੇ ਤੇ 1861007000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੈਰ - ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 29

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 4893032000 ਰੁਪਏ ਅਤੇ ਪੂੰਜੀਗਤ ਲੇਖੇ ਤੇ 16446000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਟ੍ਰਾਂਸਪੋਰਟ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 30

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 493638000 ਰੁਪਏ ਅਤੇ ਪੂੰਜੀਗਤ ਲੇਖੇ ਤੇ 8984000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੌਕਸੀ ਦੇ ਸਬੰਧ ਵਿਚ ਕੀਤੀ ਜਾਵੇਗੀ ।

ਮਾਨਯੋਗ ਸਪੀਕਰ : ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ ।)

ਮਾਨਯੋਗ ਸਪੀਕਰ : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਬਜਟ ਅਨੁਮਾਨਾਂ ਸੰਬੰਧੀ ਗ੍ਰਾਂਟਾਂ ਲਈ ਮੰਗਾਂ ਇਕੱਠੀਆਂ ਹੀ ਸਦਨ ਦੀ ਮੇਜ਼ ਤੇ ਰੱਖ ਲਈਆਂ ਜਾਣ ?

(ਅਵਾਜ਼ਾਂ : ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਮੰਗ ਨੰ: 1

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 105774770000 ਰੁਪਏ ਅਤੇ ਪੂੰਜੀਗਤ ਲੇਖੇ ਤੇ 35183000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 2

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 5319415000 ਰੁਪਏ ਅਤੇ ਪੂੰਜੀਗਤ ਲੇਖੇ ਤੇ 245700000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 3

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 947820000 ਰੁਪਏ ਅਤੇ ਪੂੰਜੀਗਤ ਲੇਖੇ ਤੇ 1990313000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਹਿਕਾਰਤਾ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 4

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 738569000 ਰੁਪਏ ਅਤੇ ਪੂੰਜੀਗਤ ਲੇਖੇ ਤੇ 84100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 5

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 101973927000 ਰੁਪਏ ਅਤੇ ਪੂੰਜੀਗਤ ਲੇਖੇ ਤੇ 3009343000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿਚ ਕੀਤੀ ਜਾਵੇਗੀ ।

ਮੰਗ ਨੰ: 6

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1216848000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੋਣਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 7

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 3450713000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 8

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 259975918000 ਰੁਪਏ ਅਤੇ ਪੂੰਜੀਗਤ ਲੇਖੇ ਤੇ 350360722000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਿੱਤ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 9

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 7185289000 ਰੁਪਏ ਅਤੇ ਪੂੰਜੀਗਤ ਲੇਖੇ ਤੇ 20000610000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 10

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2996649000 ਰੁਪਏ ਅਤੇ ਪੂੰਜੀਗਤ ਲੇਖੇ ਤੇ 276471000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਕੀਤੀ ਜਾਵੇਗੀ।

[ਮਾਨਯੋਗ ਸਪੀਕਰ]

ਮੰਗ ਨੰ: 11

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 34377928000 ਰੁਪਏ ਅਤੇ ਪੂੰਜੀਗਤ ਲੇਖੇ ਤੇ 1302300000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 12

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 66575941000 ਰੁਪਏ ਅਤੇ ਪੂੰਜੀਗਤ ਲੇਖੇ ਤੇ 1750676000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਗ੍ਰਿਹ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 13

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 3259547000 ਅਤੇ ਪੂੰਜੀਗਤ ਲੇਖੇ ਤੇ 103355000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਉਦਯੋਗ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 14

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 418027000 ਰੁਪਏ ਅਤੇ ਪੂੰਜੀਗਤ ਲੇਖੇ ਤੇ 2100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 15

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 38909082000 ਰੁਪਏ ਅਤੇ ਪੂੰਜੀਗਤ ਲੇਖੇ ਤੇ 9237261000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 16

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1178774000 ਰੁਪਏ ਅਤੇ ਪੂੰਜੀਗਤ ਲੇਖੇ ਤੇ 150000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 17

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 30424827000 ਰੁਪਏ ਅਤੇ ਪੂੰਜੀਗਤ ਲੇਖੇ ਤੇ 15681056000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 18

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 196154000 ਰੁਪਏ ਅਤੇ ਪੂੰਜੀਗਤ ਲੇਖੇ ਤੇ 5000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸੋਨਲ ਅਤੇ ਪ੍ਰਸ਼ਾਸਕੀ ਸੁਧਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 19

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2036297000 ਰੁਪਏ ਅਤੇ ਪੂੰਜੀਗਤ ਲੇਖੇ ਤੇ 2736441000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 20

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 0 ਰੁਪਏ ਅਤੇ ਪੂੰਜੀਗਤ ਲੇਖੇ ਤੇ 0 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰੋਗਰਾਮ ਲਾਗੂ ਕਰਨ ਦੇ ਸਬੰਧ ਵਿਚ ਕੀਤੀ ਜਾਵੇਗੀ।

[ਮਾਨਯੋਗ ਸਪੀਕਰ]

ਮੰਗ ਨੰ: 21

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 10642073000 ਰੁਪਏ ਅਤੇ ਪੂੰਜੀਗਤ ਲੇਖੇ ਤੇ 18313900000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਲੋਕ ਨਿਰਮਾਣ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 22

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 14086465000 ਰੁਪਏ ਅਤੇ ਪੂੰਜੀਗਤ ਲੇਖੇ ਤੇ 5100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 23

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 12646499000 ਰੁਪਏ ਅਤੇ ਪੂੰਜੀਗਤ ਲੇਖੇ ਤੇ 3398549000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

ਮੰਗ ਨੰ: 24

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 355858000 ਰੁਪਏ ਅਤੇ ਪੂੰਜੀਗਤ ਲੇਖੇ ਤੇ 40600000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 25

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 33707235000 ਰੁਪਏ ਅਤੇ ਪੂੰਜੀਗਤ ਲੇਖੇ ਤੇ 2339232000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਮਾਜਿਕ ਸੁਰੱਖਿਆ ਇਸਤਰੀਆਂ ਅਤੇ ਬੱਚਿਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 26

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 432906000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 27

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 4007075000 ਰੁਪਏ ਅਤੇ ਪੂੰਜੀਗਤ ਲੇਖੇ ਤੇ 777200000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 28

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 426111000 ਰੁਪਏ ਅਤੇ ਪੂੰਜੀਗਤ ਲੇਖੇ ਤੇ 1861007000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੈਰ - ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 29

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 4893032000 ਰੁਪਏ ਅਤੇ ਪੂੰਜੀਗਤ ਲੇਖੇ ਤੇ 16446000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਟ੍ਰਾਂਸਪੋਰਟ ਦੇ ਸਬੰਧ ਵਿਚ ਕੀਤੀ ਜਾਵੇਗੀ।

ਮੰਗ ਨੰ: 30

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 493638000 ਰੁਪਏ ਅਤੇ ਪੂੰਜੀਗਤ ਲੇਖੇ ਤੇ 8984000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2017-18 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੌਕਸੀ ਦੇ ਸਬੰਧ ਵਿਚ ਕੀਤੀ ਜਾਵੇਗੀ ।

ਮਾਨਯੋਗ ਸਪੀਕਰ : ਕਿ ਸਾਲ 2017-18 ਲਈ ਬਜਟ ਅਨੁਮਾਨਾਂ ਸਬੰਧੀ ਗ੍ਰਾਂਟਾਂ ਲਈ ਮੰਗ ਨੰ. 1 ਤੋਂ 30, ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 118237,90,36,000 (One Lac Eighteen Thousand Two Hundred Thirty Seven Crore Ninety Lac and Thirty Six Thousand only) ਤੋਂ ਵੱਧ ਨਾ ਹੋਣ, ਵੱਖ ਵੱਖ ਵਿਭਾਗਾਂ ਦੇ ਸੰਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀਆਂ ਜਾਣ ।

(ਅਵਾਜ਼ਾਂ : ਹਾਂ ਜੀ, ਹਾਂ ਜੀ)

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) : ਸਪੀਕਰ ਸਾਹਿਬ, F.M. has to move the Bill.

ਮਾਨਯੋਗ ਸਪੀਕਰ : ਨਹੀਂ ਜੀ, ਬਿਲ ਹਾਲੇ ਆਉਣਾ ਹੈ ।

(II) THE PUNJAB APPROPRIATION (No.2) BILL, 2017`

ਮਾਨਯੋਗ ਸਪੀਕਰ : ਵਿੱਤ ਮੰਤਰੀ ਜੀ ਪੰਜਾਬ ਨਮਿੱਤਣ (ਨੰ:2) ਬਿਲ, 2017 ਪੇਸ਼ ਕਰਨ ।

Finance Minister (Sardar Manpreet Singh Badal) : Sir, I beg to introduce the The Punjab Appropriation (No. 2) Bill, 2017

Sir, I also beg to move that

The Punjab Appropriation Bill (No. 2) Bill, 2017 be taken into consideration at once.

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ ।

ਕਲਾਜ਼ਾਂ 2 ਤੋਂ 4

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ ?

(ਅਵਾਜ਼ਾਂ : ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ ।

ਸ਼ਡਿਊਲ

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ ।

ਕਲਾਜ਼–1

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ ।

ਪ੍ਰਸਤਾਵ ਸਰਬੰਮਤੀ ਨਾਲ ਪ੍ਰਵਾਨ ਹੋਇਆ ।

ਮਾਨਯੋਗ ਸਪੀਕਰ : ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨ ।

Finance Minister (Sardar Manpreet Singh Badal) : Sir, I beg to move that-

The Punjab Appropriation (No. 2) Bill, 2017 be passed.

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2017 ਪਾਸ ਕੀਤਾ ਜਾਵੇ ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2017 ਪਾਸ ਕੀਤਾ ਜਾਵੇ ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ ।

ਮਾਨਯੋਗ ਸਪੀਕਰ : ਹੁਣ ਸਦਨ, ਸ਼ੁੱਕਰਵਾਰ, ਮਿਤੀ 23 ਜੂਨ, 2017 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ ।

*3.53 ਵਜੇ ਬਾਅਦ ਦੁਪਹਿਰ)

(*ਇਸ ਉਪਰੰਤ ਸਦਨ ਸ਼ੁੱਕਰਵਾਰ, ਮਿਤੀ 23 ਜੂਨ, 2017 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

5360/6-7-18/305 copies-Govt. Press, Patiala.